ਆਲ ਇੰਡੀਆਂ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਵੱਲੋਂ ਬੀਸੀਐੱਲ ਇੰਡਸਟਰੀ ਲਿਮਟਿਡ ਬਠਿੰਡਾ ਦੇ ਸਹਿਯੋਗ ਨਾਲ ਪੰਜਾਬ ਦੀ ਪਹਿਲੀ ਆਇਡੀਆ ਲੈਬ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕੈਂਪਸ 'ਚ ਸਥਾਪਤ ਕੀਤੀ ਜਾ ਰਹੀ ਹੈ। ਇਸ ਵਿਸ਼ੇਸ਼ ਆਇਡੀਆ ਲੈਬ ਨੂੰ ਬੀਸੀਐੱਲ -ਏਆਈਸੀਟੀਈ ਆਇਡੀਆ ਲੈਬ ਦੇ ਨਾਮ ਨਾਲ ਜਾਣਿਆ ਜਾਵੇਗਾ। ਪੰਜਾਬ ਭਰ 'ਚ ਅਜਿਹੀ ਪਹਿਲੀ ਲੈਬ ਇਥੇ ਸਥਾਪਤ ਨਾਲ ਹੋਣ ਇਹ ਪੂਰੇ ਪੰਜਾਬ ਅਤੇ ਮਾਲਵਾ ਇਲਾਕੇ ਲਈ ਮਾਣ ਵਾਲੀ ਗੱਲ ਹੈ। ਦੱਸਣਯੋਗ ਹੈ ਕਿ ਇਸ ਵਿਸ਼ੇਸ਼ ਬੀਸੀਐੱਲ - ਏਆਈਸੀਟੀਈ ਆਇਡੀਆ ਲੈਬ ਨੂੰ ਬਣਾਉਣ 'ਤੇ ਕੁਲ ਇਕ ਕਰੋੜ 11 ਲੱਖ ਰੁਪਏ ਦੀ ਲਾਗਤ ਆਏਗੀ। ਜਿਸ 'ਚ 56 ਲੱਖ ਰੁਪਏ ਦਾ ਯੋਗਦਾਨ ਬੀਸੀਐੱਲ ਇੰਡਸਟਰੀ ਲਿਮਟਿਡ ਬਠਿੰਡਾ ਵੱਲੋਂ ਅਤੇ 55 ਲੱਖ ਰੁਪਏ ਦਾ ਸਹਿਯੋਗ ਏਆਈਸੀਟੀਈ ਵੱਲੋਂ ਦਿੱਤਾ ਜਾ ਰਿਹਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਇਹ ਦੇਸ਼ ਭਰ ਦੀ ਪਹਿਲੀਂ ਅਜਿਹੀ ਲੈਬ ਕਿਸੇ ਯੂਨੀਵਰਸਿਟੀ 'ਚ ਸਥਾਪਤ ਹੋ ਰਹੀ ਹੈ ਜਿਸ ਦੇ ਨਿਰਮਾਣ 'ਚ ਵੱਡਾ ਯੋਗਦਾਨ ਇਕ ਉਦਯੋਗਿਕ ਇਕਾਈ ਵੱਲੋਂ ਦਿੱਤਾ ਗਿਆ ਹੈ।

ਇਸ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਵਰਸਿਟੀ ਦੇ ਡੀਨ ਰਿਸਰਚ ਐਂਡ ਡਿਵੈਲਪਮੈਂਟ ਪ੍ਰੋਫਸੈਰ ਅਸ਼ੀਸ਼ ਬਾਲਦੀ ਅਤੇ ਪ੍ਰੋਜੈਕਟ ਦੇ ਚੀਫ ਕੋ ਕੋਆਰਡੀਨੇਟਰ ਅਤੇ ਡੀਨ ਕੰਸਲਟੈਂਸੀ ਅਤੇ ਇਡਸਟਰੀ ਲਿੰਕੇਜ਼ ਡਾ. ਮਨਜੀਤ ਬਾਂਸਲ ਨੇ ਦੱਸਿਆ ਕਿ ਏਆਈਸੀਟੀਈ ਵੱਲੋਂ ਦੇਸ਼ ਭਰ ਦੀਆਂ ਨਾਮੀ ਯੂਨੀਵਰਸਿਟੀਆਂ 'ਚ ਇਸ ਤਰ੍ਹਾਂ ਦੀਆਂ ਦੀ ਲੈਬ ਨੂੰ ਸਥਾਪਤ ਕੀਤਾ ਜਾਂਦਾ ਹੈ ਅਤੇ ਹੁਣ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੀ ਇਸ ਦਾ ਹਿੱਸਾ ਬਣਨ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਆਇਡੀਆ ਲੈਬ 'ਚ ਪੰਜਾਬ ਭਰ ਦੇ ਐਫੀਲੇਟਿਡ ਕਾਲਜਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਲੈਬ ਦਾ ਮੁੱਖ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਸਾਈਸ ਟੈਕਨੋਲਜੀ, ਮੈਥੇਮੈਟਿਕਸ ਅਤੇ ਇੰਜੀਨੀਅਰਿੰਗ ਦੇ ਖੇਤਰ 'ਚ ਨਵੀਆਂ ਖੋਜਾਂ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਜੋ ਉਹ ਫਿਰ ਆਪਣੇ ਇਨ੍ਹਾਂ ਨਵੇਂ ਆਇਡੀਆਂ ਨੂੰ ਵੱਖ ਵੱਖ ਖੇਤਰਾਂ 'ਚ ਲਿਜਾ ਸਕਣ। ਇਸ ਲੈਬ 'ਚ ਵਿਦਿਆਰਥੀਆਂ ਅਤੇ ਫੈਕਲਟੀ ਦੇ ਲਈ ਵਿਸ਼ੇਸ਼ ਤੌਰ 'ਤੇ ਕੈਂਪ, ਪ੍ਰੋਡਕਟ ਡਿਵੈੱਲਪਮੈਂਟ ,ਵਰਕਸ਼ਾਪ, ਟੈਨਿੰਗ ਸ਼ੈਸ਼ਨ ਕਰਵਾਏ ਜਾਣਗੇ ਅਤੇ ਇਥੋਂ ਤੱਕ ਕਿ ਦੇਸ਼ ਭਰ ਦੇ ਵੱਖ ਵੱਖ ਖੇਤਰਾਂ ਦੇ ਮਾਹਿਰ ਵੀ ਵਿਦਿਆਰਥੀਆਂ ਨਾਲ ਮਿਲਕੇ ਸਵਾਲ ਜਵਾਬ ਕਰਨਗੇ ਤਾਂ ਜੋ ਉਨ੍ਹਾਂ ਨੂੰ ਹਰ ਪੱਖ ਤੋਂ ਜਾਣਕਾਰੀ ਮਿਲ ਸਕੇ। ਇਸ ਤੋਂ ਇਲਾਵਾ ਸੈਮੀਨਾਰ ਕਾਨਫਰੰਸ ਵਰਗੀਆਂ ਵੱਖ ਵੱਖ 50 ਦੇ ਕਰੀਬ ਐਕਟੀਵਿਟੀਜ਼ ਨੂੰ ਇਹ ਲੈਬ ਅੰਜਾਮ ਦੇਵੇਗੀ। ਇਸ ਤੋਂ ਇਲਾਵਾ ਹਰ ਸਾਲ ਇਕ ਸੋ ਦੇ ਕਰੀਬ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਵੀ ਇਸ ਆਇਡੀਆ ਲੈਬ ਦੇ ਪਲੇਟਫਾਰਮ ਤੋਂ ਦਿੱਤੀ ਜਾਵੇਗੀ ਅਤੇ ਜਿਹੜੇ ਪੰਜਾਬ ਦੇ ਹੋਰ ਐਫੀਲੇਟਿਡ ਕਾਲਜ ਹਨ ਉਨ੍ਹਾਂ ਲਈ ਇਹ ਲੈਬ ਇਕ ਨੋਡਲ ਸੈਂਟਰ ਦਾ ਕੰਮ ਕਰੇਗੀ।

ਇਸ ਪ੍ਰਾਪਤੀ 'ਤੇ ਬੋਲਦਿਆ ਬੀਸੀਐੱਲ ਇੰਡਸਟਰੀ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਅਤੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਨੇ ਕਿਹਾ ਕਿ ਇਹ ਕਾਫੀ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਆਪਣੇ ਬਠਿੰਡਾ ਦੀ ਟੈਕਨੀਕਲ ਯੂਨੀਵਰਸਿਟੀ 'ਚ ਪੰਜਾਬ ਭਰ ਦੀ ਪਹਿਲੀ ਲੈਬ ਖੁੱਲ ਰਹੀ ਹੈ। ਇਸ ਨਾਲ ਸਿਰਫ਼ ਪੰਜਾਬ ਹੀ ਨਹੀਂ ਬਲਕਿ ਹੋਰ ਦੂਰ ਦਰਾਡੇ ਦੇ ਵਿਦਿਆਰਥੀਆਂ ਨੂੰ ਵੀ ਵੱਡੀ ਸਹੂਲਤ ਮਿਲੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੂਟਾ ਸਿੰਘ ਸਿੱਧੂ, ਅਤੇ ਕਾਰਪੋਰੇਟ ਰਿਸੋਰਸ ਸੈਂਟਰ ਦੇ ਮੁਖੀ ਰਾਜੇਸ਼ ਗੁਪਤਾ ਵੱਲੋਂ ਵੀ ਇਸ ਵਿਸ਼ੇਸ਼ ਪ੍ਰੋਜੈਕਟ ਨੂੰ ਲੈ ਕਿ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਕਿਹਾ ਕਿ ਇਹ ਬੀਸੀਐੱਲ- ਏਆਈਸੀਟੀਈ ਆਇਡੀਆ ਲੈਬ ਨਾਲ ਇਲਾਕੇ ਦੇ ਹਜ਼ਾਰਾਂ ਵਿਦਿਆਰਥੀਆਂ ਅਤੇ ਸੈਂਕੜੇ ਫੈਕਲਟੀ ਮੈਂਬਰਾਂ ਨੂੰ ਸਹੂਲਤ ਮਿਲੇਗੀ ਜੋ ਕਿ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਨਸ਼ੇ ਦੇ
ਖਿਲਾਫ਼
ਬਠਿੰਡਾ 0
ਗੁਰਪ੍ਰੀਤ
ਪੰਜਾਬ ਦੇ ਪਿੰਡਾਂ ਦੇ
ਰਿਹਾ ਚਿੱਟਾ ਪੰਜਾ
ਘਾਣ ਕਰਦਾ ਜਾ ਰਿ
ਤੋਂ ਸਰਕਾਰ ਅਤੇ
ਇਸ ਬਾਰੇ ਵਾਰ ਵਾ
ਦੇ ਬਾਵਜੂਦ ਵੀ
ਦੇਖ ਆਖਿਰ ਪਿੰਡਾਂ
ਨੇ ਮਤੇ ਪਾ ਖੁਦ
ਨਜਿੱਠਣ ਦਾ ਮਨ
ਖਿਲਾਫਤ ਕਮੇਟੀ
ਲਿਆ ਹੈ। ਪਰ
ਦੀਆਂ ਮੁਸ਼ਕਿਲਾਂ
ਰਹੀਆਂ ਹਨ। ਨ
ਹੌਸਲੇ ਇੰਨੇ ਬੁਲੰ
ਉਹ ਬੇਖੌਫ ਹੋ ਇ
ਮੈਂਬਰਾਂ ਨੂੰ ਘੇਰ ਸੱ
ਆਏ ਹਨ ਦੱਸ ਦੇ
ਦੇ ਬਲਾਕ ਸੰਗਤ
ਝੁੰਬਾ ਵਿਖੇ ਪੰਚਾ
ਆਗੂਆਂ ਨੇ ਇੱਕ
ਪੰਜਾਬ ਨਾਮਕ ਕ
ਪਿੰਡ ਵਿੱਚ ਚਿੱਟਾ
ਸੇਵਨ ਕਰਨ ਵਾ
ਅੱਖ ਰੱਖ ਰਹੀ ਹੈ।

दैनिक भास्कर बठिंडा भास्कर 03-04-2022



# महाराजा रंजीत सिंह पंजाब टेक्निकल यूनिवर्सिटी में स्थापित होगी पंजाब की पहली आइडिया लैब

## 1 करोड़ 11 लाख रुपए की लागत वाले प्रोजेक्ट में बीसीएल ने किया 56 लाख रुपए का सहयोग

भास्कर न्यूज़ | बठिंडा

आल इंडिया कौंसिल फार टेक्निकल एजुकेशन की ओर से बीसीएल इंडस्ट्रीज लिमिटेड बठिंडा के सहयोग से पंजाब की पहली आइडिया लैब महाराजा रंजीत सिंह पंजाब टेक्निकल यूनिवर्सिटी कैंपस में स्थापित की जा रही है। इस विशेष आइडिया लैब को बीसीएल-एआईसीटीई आइडिया लैब के नाम से जाना जाएगा। पंजाब में ऐसी पहली लैब यहां स्थापित होना मालवा इलाके ही नहीं, बल्कि पंजाब के लिए सम्मान की बात है। इस विशेष बीसीएल-एआईसीटीई आइडिया लैब की स्थापना पर 1 करोड़ 11 लाख रुपए की लागत आएगी जिसमें से 56 लाख रुपए का योगदान बीसीएल इंडस्ट्रीज लिमिटेड बठिंडा की ओर से जबकि 55 लाख रुपए का सहयोग एआईसीटीई की ओर से दिया जा रहा है। यह देश भर की पहली ऐसी लैब किसी यूनिवर्सिटी में स्थापित हो रही है जिसके निर्माण में बड़ा योगदान एक औद्योगिक इकाई की ओर से दिया गया है।

### आइडिया लैब में पंजाब के एफिलिएटेड कॉलेज भी शामिल होंगे



इस प्रोजेक्ट संबंधी जानकारी देते यूनिवर्सिटी के डीन रिसर्च एंड डेवलपमेंट प्रो. आशीष बालदी व प्रोजेक्ट के चीफ कोआर्डिनेटर व डीन कंसलटेंसी व इंडस्ट्रीज लिंकेज डॉ. मनजीत बांसल ने बताया कि एआईसीटीई की ओर से देश भर की नामी यूनिवर्सिटियों में इस तरह की लैब स्थापित की जाती है। वहीं अब महाराजा रंजीत सिंह पंजाब टेक्निकल यूनिवर्सिटी भी इसका हिस्सा बनने जा रही है। इस आइडिया लैब में पंजाब भर के एफिलिएटेड कॉलेजों को भी शामिल किया जाएगा। इस लैब का मकसद विद्यार्थियों को साइंस टेक्नोलॉजी, मैथेमेटिक्स व इंजीनियरिंग के क्षेत्र में नई खोज करने का अवसर दिया जाना है ताकि वे फिर अपने इन नए आइडिया को विभिन्न क्षेत्रों में ले जा सकें। इस लैब में विद्यार्थियों व फैकल्टी के लिए विशेष तौर पर कैंप, प्रॉडक्ट डेवलपमेंट, वर्कशाप, ट्रेनिंग सेशन करवाए जाएंगे। यहां तक कि देश भर के विभिन्न क्षेत्रों के एक्सपर्ट भी विद्यार्थियों के साथ मिलकर सवाल-जवाब करेंगे ताकि उन्हें हर पक्ष से जानकारी मिल सके। इसके अलावा सेमिनार, कांफ्रेंस जैसी विभिन्न 50 के करीब एक्टिविटीज को इस लैब में कराया जाएगा। वहीं हर साल 120 विद्यार्थियों को इंटर्नशिप भी इस आइडिया लैब के प्लेटफार्म पर दी जाएगी। वहीं पंजाब के अन्य एफिलिएटेड कॉलेजों के लिए भी यह लैब एक नोडल सेंटर का काम करेगी।

### हजारों विद्यार्थियों के अलावा सैकड़ों फैकल्टी मैंबरों को सुविधा मिलेगी



इस उपलब्धि पर खुशी जताते हुए बीसीएल इंडस्ट्रीज के मैनेजिंग डायरेक्टर राजिंदर मित्तल व ज्वाइंट मैनेजिंग डायरेक्टर कुशल मित्तल ने कहा कि यह इलाके के लिए बेहद फख्र की बात है कि टेक्निकल यूनिवर्सिटी में पंजाब की पहली लैब खुल रही है। इससे सिर्फ पंजाब ही नहीं बल्कि दूरदराज के विद्यार्थियों को भी बड़ी सुविधा मिलेगी। यूनिवर्सिटी के वीसी डॉ. बूटा सिंह सिद्धू व कारपोरेट रिसोर्स सेंटर के मुखी राजेश गुप्ता ने कहा कि बीसीएल-एआईसीटीई आइडिया लैब से इलाके के हजारों विद्यार्थियों के अलावा सैकड़ों फैकल्टी मैंबरों को सुविधा मिलेगी।

# ਐੱਮ. ਆਰ. ਐੱਸ. ਪੀ. ਟੀ. ਯੂ. ਦੀ ਪਹਿਲੀ ਕਨਵੋਕੇਸ਼ਨ 'ਚ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਕਰਨਗੇ ਸ਼ਿਰਕਤ

## ਡੀ.ਸੀ., ਐੱਸ.ਐੱਸ. ਪੀ. ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਪ੍ਰਬੰਧਾਂ ਦਾ ਲਿਆ ਜਾਇਜ਼ਾ

ਬਠਿੰਡਾ, 6 ਅਪ੍ਰੈਲ (ਵਰਮਾ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ.-ਪੀ. ਟੀ. ਯੂ.), ਬਠਿੰਡਾ ਦੀ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐੱਮ. ਆਰ. ਐੱਸ.-ਪੀ.ਟੀ.ਯੂ., ਬਨਵਾਰੀ ਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ, ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ, ਬਨਵਾਰੀਲਾਲ ਪੁਰੋਹਿਤ ਅਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਮਾਨ ਪਹਿਲੀ ਕਨਵੋਕੇਸ਼ਨ ਨੂੰ ਸੰਬੋਧਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣਗੇ।

ਇਕ ਪ੍ਰੈਸ ਬਿਆਨ ਵਿਚ, ਪ੍ਰੋ. ਸਿੱਧੂ ਨੇ ਦੱਸਿਆ ਕਿ ਐੱਮ. ਆਰ. ਐੱਸ. ਪੀ. ਟੀ. ਯੂ. ਪ੍ਰਸਿੱਧ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸ਼ਨ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐੱਸ.ਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਪ੍ਰੋ. ਸਿੱਧੂ ਨੇ ਕਿਹਾ ਕਿ ਨਾਮਵਰ ਸ਼ਖ਼ਸੀਅਤਾਂ ਨੂੰ ਇਨ੍ਹਾਂ ਆਨਰੇਰੀ ਡਾਕਟਰੇਟ ਦਾ ਐਵਾਰਡ ਵੱਖ-ਵੱਖ ਖੇਤਰਾਂ ਅਤੇ ਸਮਾਜ ਵਿਚ ਪਾਏ ਗਏ ਵਿਲੱਖਣ ਯੋਗਦਾਨ ਢੁੱਕਵਾਂ ਸਨਮਾਨ ਹੋਵੇਗਾ। ਇਕ ਹੋਰ ਵੱਡੀ ਪਹਿਲਕਦਮੀ ਵਿਚ, ਉਨ੍ਹਾਂ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ. ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ ਦੇ 75 ਸਾਲਾਂ ਦੇ ਜਸ਼ਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿਚ 75 ਆਨਲਾਈਨ ਸਰਟੀਫਿਕੇਸ਼ਨ ਕੋਰਸ ਸ਼ੁਰੂ ਕਰਨ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਨ ਅਕਾਦਮਿਕ ਡਾ: ਕਵਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਡ. ਕੋਪਿਲਿਲ ਰਾਧਾਕ੍ਰਿਸ਼ਨਨ ਨੂੰ ਵਿਗਿਆਨ ਅਤੇ ਪੁਲਾੜ ਦੇ ਖੇਤਰ ਵਿਚ ਆਨਰਿਸ ਕਾਜ਼ਾ ਡਾਕਟਰੇਟ ਦੀ ਡਿਗਰੀ ਦਿੱਤੀ ਜਾਵੇਗੀ। ਜਦੋਂ ਕਿ ਸੰਸਾਰ ਪ੍ਰਸਿੱਧ ਪਰਉਪਕਾਰੀ ਡਾ. ਐੱਸ. ਪੀ. ਸਿੰਘ ਓਬਰਾਏ ਨੂੰ ਸਮਾਜ ਸੇਵਾ ਦੇ ਖੇਤਰ 'ਚ ਪਾਏ ਵੱਢਮੁਲੇ ਯੋਗਦਾਨ ਲਈ ਅਤੇ ਵਪਾਰ ਅਤੇ ਉਦਯੋਗ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਪ੍ਰਸਿੱਧ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਵਿਕਾਸ ਗਰਗ, ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ (ਜੋ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰਮੈਨ ਵੀ ਹਨ) ਅਤੇ ਪ੍ਰੋ. ਰਾਜੀਵ ਆਹੂਜਾ, ਡਾਇਰੈਕਟਰ ਆਈ.ਆਈ.ਟੀ., ਰੋਪੜ ਵੀ ਇਸ ਮੌਕੇ ਸ਼ਿਰਕਤ ਕਰਨਗੇ।

ਇਸ ਦੌਰਾਨ ਯੂਨੀਵਰਸਿਟੀ ਵੱਲੋਂ ਸ਼ਾਨਦਾਰ ਸਮਾਗਮ ਤੋਂ ਪਹਿਲਾਂ ਕੈਂਪਸ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ। ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐੱਸ.ਐੱਸ.ਪੀ. ਸ਼੍ਰੀਮਤੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿਚ ਆਪਣੀ ਪਹਿਲੀ ਕਨਵੋਕੇਸ਼ਨ ਆਯੋਜਿਤ ਕਰੇਗਾ ਅਤੇ ਸ਼ੁੱਕਰਵਾਰ ਨੂੰ ਇਕ ਵਿਆਪਕ ਰਿਹਰਸਲ ਦਾ ਆਯੋਜਨ ਕੀਤਾ ਜਾਵੇਗਾ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ 'ਚ ਪਲੇਠੀ ਕਨਵੈਨਸ਼ਨ ਦੀਆਂ ਤਿਆਰੀਆਂ ਜੋਰਾਂ 'ਤੇ

ਅਸ਼ੋਕ ਵਰਮਾ

ਬਠਿੰਡਾ,6 ਅਪਰੈਲ2022: ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੀ 9 ਅਪ੍ਰੈਲ ਨੂੰ ਕਰਵਾਈ ਜਾਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜੋਰਾਂ 'ਤੇ ਚੱਲ ਰਹੀਆਂ ਹਨ। ਪੰਜਾਬ ਦੇ ਰਾਜਪਾਲ 'ਤੇ ਯੂਨੀਵਰਸਿਟੀ ਦੇ ਚਾਂਸਲਰ ਬਨਵਾਰੀਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਅਤੇ ਯੂਨੀਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਅਜਿਹੀ ਨਾਮਵਰ ਸ਼ਖਸ਼ੀਅਤਾਂ ਸਮਾਗਮ 'ਚ ਸ਼ਿਰਕਤ ਕਰ ਰਹੀਆਂ ਹਨ। ਪ੍ਰੋ: ਸਿੱਧੂ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰਸਿੱਧ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸ.ਕੌਮਾਂਤਰੀ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਉਨਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਜ਼ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਯੂਨੀਵਰਸਿਟੀ ਅਜਾਦੀ



ਕਾ ਅੰਮ੍ਰਿਤ ਮਹੋਤਸਵ ਦੇ 75 ਸਾਲਾਂ ਦੇ ਜਸ਼ਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿੱਚ 75 ਆਨਲਾਈਨ ਸਰਟੀਫਿਕੇਸ਼ਨ ਕੋਰਸ ਸ਼ੁਰੂ ਕਰਨ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਨ ਅਕਾਦਮਿਕ ਡਾ: ਕਵਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਡਾ: ਕੋਪਿਲਿਲ ਰਾਧਾਕ੍ਰਿਸਨਨ ਨੂੰ ਵਿਗਿਆਨ ਅਤੇ ਪੁਲਾੜ ਦੇ ਖੇਤਰ ਵਿੱਚ ਆਨਰਜ਼ ਕਾਜ਼ਾ ਡਾਕਟਰੇਟ ਦੀ ਡਿਗਰੀ ਦਿੱਤੀ ਜਾਵੇਗੀ। ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਵਿਕਾਸ ਗਰਗ (ਜੋ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ ਦੇ ਚੇਅਰਮੈਨ ਵੀ ਹਨ) ਅਤੇ ਪ੍ਰੋ: ਰਾਜੀਵ ਆਹੂਜਾ, ਡਾਇਰੈਕਟਰ ਆਈ.ਆਈ.ਟੀ, ਰੋਪੜ ਵੀ ਇਸ ਮੌਕੇ ਸ਼ਿਰਕਤ ਕਰਨਗੇ। ਇਸ ਦੌਰਾਨ ਯੂਨੀਵਰਸਿਟੀ ਵੱਲੋਂ ਸਮਾਗਮ ਤੋਂ ਪਹਿਲਾਂ ਕੈਂਪਸ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਪੂਰੀ ਤਰਾਂ ਤਿਆਰ ਹੈ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ। ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ ਸ੍ਰੀਮਤੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਪ੍ਰਬੰਧਾਂ ਦਾ ਜਾਇਜਾ ਲਿਆ।ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿੱਚ ਆਪਣੀ ਪਹਿਲੀ ਕਨਵੋਕੇਸ਼ਨ ਲਈ ਸ਼ੁੱਕਰਵਾਰ ਨੂੰ ਰਿਹਰਸਲ ਕੀਤੀ ਜਾ ਰਹੀ ਹੈ।

ਗੋਲਡ ਸਟਾਰ

# ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ 9 ਅਪ੍ਰੈਲ ਨੂੰ ਐਮ.ਆਰ.ਐਸ. ਪੀ.ਟੀ.ਯੂ. ਦੀ ਪਹਿਲੀ ਕਾਨਵੋਕੇਸਨ 'ਚ ਸ਼ਿਰਕਤ ਕਰਨਗੇ

**ਬਠਿੰਡਾ 6 ਅਪ੍ਰੈਲ (ਅਨਿਲ ਵਰਮਾ):-** ਮਹਾਰਾਜਾ ਰਣਜੀਤ ਸਿਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.-ਪੀ.ਟੀ.ਯੂ.), ਬਠਿੰਡਾ ਦੀ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸਨ ਦੀਆਂ ਤਿਆਰੀਆਂ ਜੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐਮ.ਆਰ.ਐਸ.-ਪੀ.ਟੀ.ਯੂ., ਸ੍ਰੀ ਬਨਵਾਰੀਲਾਲ ਪੁਰੋਹਿਤ ਕਨਵੋਕੇਸਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿਘ ਮਾਨ ਵਿਦਿਆਰਥੀਆਂ ਨੂੰ ਅਸੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸੋਭਾ ਵਧਾਉਣ ਲਈ ਉਚੇਚੇ ਤੌਰ ਤੇ ਪਹੁੰਚ



ਰਹੇ ਹਨ ਵਾਈਸ ਚਾਂਸਲਰ ਪ੍ਰੋ. ਬੂਟਾ ਸਿਘ ਸਿੱਧੂ ਨੇ ਕਿਹਾ ਕਿ ਤੇਜੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ, ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ, ਸ੍ਰੀ ਬਨਵਾਰੀਲਾਲ ਪੁਰੋਹਿਤ ਅਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਸਰਦਾਰ ਭਗਵੰਤ ਸਿਘ ਮਾਨ ਪਹਿਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣਗੇ । ਬੁੱਧਵਾਰ ਨੂੰ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ, ਪ੍ਰੋ: ਸਿੱਧੂ ਨੇ ਦੱਸਿਆ ਕਿ ਐਮ.ਆਰ.ਐਸ.ਪੀ.ਟੀ.ਯੂ. ਪ੍ਰਸਿੱਧ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸਨ, ਅੰਤਰਰਾਸਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐਸ.ਪੀ. ਸਿਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਸ੍ਰੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ।ਪ੍ਰੋ.ਸਿੱਧੂ ਨੇ ਕਿਹਾ ਕਿ ਨਾਮਵਰ ਸਖਸੀਅਤਾਂ ਨੂੰ ਇਨ੍ਹਾਂ ਆਨਰੇਰੀ ਡਾਕਟਰੇਟ ਦਾ ਐਵਾਰਡ ਵੱਖ-ਵੱਖ ਖੇਤਰਾਂ ਅਤੇ ਸਮਾਜ ਵਿੱਚ ਪਾਏ ਗਏ ਵਿਲੱਖਣ ਯੋਗਦਾਨ ਢੁੱਕਵਾਂ ਸਨਮਾਨ ਹੋਵੇਗਾ। ਇੱਕ ਹੋਰ ਵੱਡੀ ਪਹਿਲਕਦਮੀ ਵਿੱਚ, ਉਹਨਾਂ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ. ਅਜਾਦੀ ਕਾ ਅੰਮ੍ਰਿਤ ਮਹੋਤਸਵ ਦੇ 75 ਸਾਲਾਂ ਦੇ ਜਸਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿੱਚ 75 ਆਨਲਾਈਨ ਸਰਟੀਫਿਕੇਸਨ ਕੋਰਸ ਸੁਰੂ ਕਰਨ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਨ ਅਕਾਦਮਿਕ ਡਾ: ਕਵਲਜੀਤ ਸਿਘ ਸੰਧੂ ਨੇ ਦੱਸਿਆ ਕਿ ਡਾ: ਕੋਪਿਲਿਲ ਰਾਧਾਕ੍ਰਿਸਨਨ ਨੂੰ ਵਿਗਿਆਨ ਅਤੇ ਪੁਲਾੜ ਦੇ ਖੇਤਰ ਵਿੱਚ ਆਨਰਿਸ ਕਾਜ਼ਾ ਡਾਕਟਰੇਟ ਦੀ ਡਿਗਰੀ ਦਿੱਤੀ ਜਾਵੇਗੀ। ਜਦੋਂ ਕਿ ਸੰਸਾਰ ਪ੍ਰਸਿੱਧ ਪਰਉਪਕਾਰੀ ਡਾ.ਐਸ.ਪੀ. ਸਿਘ ਓਬਰਾਏ ਨੂੰ ਸਮਾਜ ਸੇਵਾ ਦੇ ਖੇਤਰ 'ਚ ਪਾਏ ਵੱਢਮੁਲੇ ਯੋਗਦਾਨ ਲਈ ਅਤੇ ਵਪਾਰ ਅਤੇ ਉਦਯੋਗ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਪ੍ਰਸਿੱਧ ਉਦਯੋਗਪਤੀ ਸ੍ਰੀ ਰਜਿੰਦਰ ਗੁਪਤਾ ਨੂੰ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ । ਸ੍ਰੀ ਵਿਕਾਸ ਗਰਗ, ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ (ਜੋ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ ਦੇ ਚੇਅਰਮੈਨ ਵੀ ਹਨ) ਅਤੇ ਪ੍ਰੋ: ਰਾਜੀਵ ਆਹੂਜਾ, ਡਾਇਰੈਕਟਰ ਆਈ.ਆਈ.ਟੀ, ਰੋਪੜ ਵੀ ਇਸ ਮੌਕੇ ਸਿਰਕਤ ਕਰਨਗੇ। ਇਸ ਦੌਰਾਨ ਯੂਨੀਵਰਸਿਟੀ ਵੱਲੋਂ ਸਾਨਦਾਰ ਸਮਾਗਮ ਤੋਂ ਪਹਿਲਾਂ ਕੈਂਪਸ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਨਾਲ ਵੀ ਸਨਮਾਨਿਤ

ਪੰਜਾਬੀ ਸਪੈਕਟ੍ਰਮ ਸਰਵਿਸ

ਕੀਤਾ ਜਾਵੇਗਾ। ਬਠਿੰਡਾ ਦੇ ਡਿਪਟੀ ਕਮਿਸਨਰ ਸ੍ਰੀ ਸੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ ਸ੍ਰੀਮਤੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜਾ ਲਿਆ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰ ਪਾਲ ਸਿਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿੱਚ ਆਪਣੀ ਪਹਿਲੀ ਕਨਵੋਕੇਸਨ ਆਯੋਜਿਤ ਕਰੇਗਾ ਅਤੇ ਸੁੱਕਰਵਾਰ ਨੂੰ ਇੱਕ ਵਿਆਪਕ ਰਿਹਰਸਲ ਦਾ ਆਯੋਜਨ ਕੀਤਾ ਜਾਵੇਗਾ।

ਪ੍ਰਸਿੱਧ ਵਿਅਕਤੀਆਂ ਨੂੰ ਪ੍ਰਾਪਤ ਕਰਨ ਵਾਲੇ ਆਨਰਿਸ ਕਾਜ਼ਾ ਡਾਕਟਰੇਟ ਡਿਗਰੀ ਪ੍ਰਾਪਤ ਕਰਨ ਵਾਲੇਆਂ ਬਾਰੇ ਸੰਖੇਪ

ਡਾ. ਕੋਪਿਲਿਲ ਰਾਧਾਕ੍ਰਿਸਨਨ

ਡਾ. ਕੋਪਿਲਿਲ ਰਾਧਾਕ੍ਰਿਸਨਨ ਪੁਲਾੜ ਕਮਿਸਨ ਦੇ ਚੇਅਰਮੈਨ, ਪੁਲਾੜ ਵਿਭਾਗ ਦੇ ਸਕੱਤਰ ਅਤੇ ਨਵੰਬਰ 2009 ਤੋਂ ਦਸੰਬਰ 2014 ਤੱਕ ਇਸਰੋ ਦੇ ਚੇਅਰਮੈਨ ਰਹੇ, ਇਸ ਸਮੇਂ ਦੌਰਾਨ 37 ਪੁਲਾੜ ਮਿਸਨਾਂ ਨੂੰ ਚਲਾਉਣ ਲਈ 'ਟੀਮ ' ਨੂੰ ਮਜਬੂਤ ਅਤੇ ਸਫਲ ਅਗਵਾਈ ਪ੍ਰਦਾਨ ਕੀਤੀ, ਖਾਸ ਤੌਰ 'ਤੇ ਭਾਰਤ ਦਾ ਪਹਿਲਾ ਮਾਰਸ ਆਰਬਿਟਰ : ਸੰਕਲਪ ਤੋਂ ਫਲ ਤੱਕ ਦਾ ਮਿਸਨ। ਡਾ: ਰਾਧਾਕ੍ਰਿਸਨਨ ਨੂੰ ਭਾਰਤ ਸਰਕਾਰ ਦੁਆਰਾ 2014 ਵਿੱਚ 'ਪਦਮ ਭੂਸਣ' ਨਾਲ ਸਨਮਾਨਿਤ ਕੀਤਾ ਗਿਆ ਸੀ।

ਸ੍ਰੀ ਰਜਿੰਦਰਾ ਗੁਪਤਾ

ਸ੍ਰੀ ਰਜਿੰਦਰ ਗੁਪਤਾ ਟਰਾਈਡੇਂਟ ਗਰੁੱਪ ਦੇ ਚੇਅਰਮੈਨ ਹਨ। ਟ੍ਰਾਈਡੇਂਟ ਗਰੁੱਪ ਮੁੱਖ ਤੌਰ 'ਤੇ ਘਰੇਲੂ ਟੈਕਸਟਾਈਲ, ਪੇਪਰ ਮੈਨੂਫੈਕਚਰਿਗ, ਕੈਮੀਕਲਜ ਅਤੇ ਪਾਵਰ ਦਾ ਕੰਮ ਕਰਦਾ ਹੈ। ਉਹ ਭਾਰਤ ਦੇ ਸਭ ਤੋਂ ਵੱਡੇ ਧਾਗੇ ਸਪਿਨਰਾਂ ਵਿੱਚੋਂ ਇੱਕ ਹਨ, ਦੁਨੀਆ ਦੇ ਸਭ ਤੋਂ ਵੱਡੇ ਟੈਰੀ ਤੌਲੀਏ ਨਿਰਮਾਤਾਵਾਂ ਵਿੱਚੋਂ ਇੱਕ ਹਨ ਅਤੇ ਦੁਨੀਆ ਦੇ ਸਭ ਤੋਂ ਵੱਡੇ ਕਣਕ ਦੀ ਪਰਾਲੀ ਅਧਾਰਤ ਕਾਗਜ ਨਿਰਮਾਤਾ ਹਨ। 2007 ਵਿੱਚ, ਡਾ. ਗੁਪਤਾ ਨੂੰ ਵਪਾਰ ਅਤੇ ਉਦਯੋਗ ਦੇ ਖੇਤਰ ਵਿੱਚ ਵਿਲੱਖਣ ਸੇਵਾਵਾਂ ਦੇ ਸਨਮਾਨ ਵਿੱਚ ਭਾਰਤ ਦੇ ਤਤਕਾਲੀ ਰਾਸਟਰਪਤੀ ਤੋਂ ਪਦਮ ਸ੍ਰੀ ਪੁਰਸਕਾਰ ਮਿਲਿਆ।

ਡਾ.ਐਸ.ਪੀ. ਸਿਘ ਓਬਰਾਏ

ਡਾ. ਐਸ.ਪੀ. ਸਿਘ ਓਬਰਾਏ ਦੁਬਈ ਸਥਿਤ ਕਾਰੋਬਾਰੀ ਹਨ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਮੈਨੇਜਿੰਗ ਟਰੱਸਟੀ ਹਨ। ਉਹ ਸੁਭਾਅ ਤੋਂ ਪਰਉਪਕਾਰੀ ਹੈ। ਉਸਨੇ ਮੌਤ ਦੀ ਸਜਾ ਅਤੇ ਉਮਰ ਕੈਦ ਤੋਂ 58 ਭਾਰਤੀਆਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਲਗਭਗ 1.8 ਮਿਲੀਅਨ ਦਾ ਭੁਗਤਾਨ ਕਰਨ ਲਈ ਆਪਣਾ ਪੈਸਾ ਲਗਾਇਆ ਹੈ। ਸ੍ਰੀ ਓਬਰਾਏ ਨੇ 800 ਤੋਂ ਵੱਧ ਕੈਦੀਆਂ (ਜਿਨ੍ਹਾਂ ਨੇ ਆਪਣੀ ਸਜਾ ਪੂਰੀ ਕਰ ਲਈ ਪਰ ਫੰਡਾਂ ਦੀ ਘਾਟ ਕਾਰਨ ਆਪਣੇ ਦੇਸ ਵਾਪਸ ਨਹੀਂ ਜਾ ਸਕੇ) ਦੀਆਂ ਹਵਾਈ ਟਿਕਟਾਂ ਦਾ ਭੁਗਤਾਨ ਕੀਤਾ ਅਤੇ ਭਾਰਤੀ ਕੌਂਸਲੇਟ ਦੀ ਮਦਦ ਨਾਲ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ।

# ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ 9 ਅਪ੍ਰੈਲ ਨੂੰ ਐਮ.ਆਰ. ਐਸ.ਪੀ.ਟੀ.ਯੂ. ਦੀ ਪਹਿਲੀ ਕਾਨਵੋਕੇਸ਼ਨ 'ਚ ਸ਼ਿਰਕਤ ਕਰਨਗੇ

ਬਠਿੰਡਾ, 6 ਅਪ੍ਰੈਲ (ਪਰਵਿੰਦਰ ਜੀਤ ਸਿੰਘ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.-ਪੀ.ਟੀ.ਯੂ.), ਬਠਿੰਡਾ ਦੀ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐਮ.ਆਰ.ਐਸ.-ਪੀ.ਟੀ.ਯੂ., ਸ਼੍ਰੀ



ਬਨਵਾਰੀਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ, ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ, ਸ਼੍ਰੀ ਬਨਵਾਰੀਲਾਲ ਪੁਰੋਹਿਤ ਅਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਪਹਿਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣਗੇ।

ਬੁੱਧਵਾਰ ਨੂੰ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ, ਪ੍ਰੋ: ਸਿੱਧੂ ਨੇ ਦੱਸਿਆ ਕਿ ਐਮ.ਆਰ.ਐਸ.ਪੀ.ਟੀ.ਯੂ. ਪ੍ਰਸਿੱਧ ਵਿਗਿਆਨੀ ਡਾ. ਕੇਪਿਲਿਲ ਰਾਧਾਕ੍ਰਿਸ਼ਨ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਸ਼੍ਰੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਇੱਕ ਹੋਰ ਵੱਡੀ ਪਹਿਲਕਦਮੀ ਵਿੱਚ, ਉਹਨਾਂ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ. ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ 75 ਸਾਲਾਂ ਦੇ ਜਸ਼ਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿੱਚ 75 ਆਨਲਾਈਨ ਸਰਟੀਫਿਕੇਸ਼ਨ ਕੋਰਸ ਸ਼ੁਰੂ ਕਰਨ ਜਾ ਰਹੀ ਹੈ। ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ ਸ਼੍ਰੀਮਤੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜ਼ਾ ਲਿਆ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿੱਚ ਆਪਣੀ ਪਹਿਲੀ ਕਨਵੋਕੇਸ਼ਨ ਆਯੋਜਿਤ ਕਰੇਗਾ ਅਤੇ ਸ਼ੁੱਕਰਵਾਰ ਨੂੰ ਇੱਕ ਵਿਆਪਕ ਰਿਹਰਸਲ ਦਾ ਆਯੋਜਨ ਕੀਤਾ ਜਾਵੇਗਾ। ਪ੍ਰਸਿੱਧ ਵਿਅਕਤੀਆਂ ਨੂੰ ਪ੍ਰਾਪਤ ਕਰਨ ਵਾਲੇ ਆਨਰਿਸ ਕਾਜ਼ਾ ਡਾਕਟਰੇਟ ਡਿਗਰੀ ਪ੍ਰਾਪਤ ਕਰਨ ਵਾਲੇਆਂ ਬਾਰੇ ਸੰਖੇਪ ਵਿਚ ਦੱਸਿਆ ਹੈ।

## ...ਾਂ ਨੇ ਜਿੱਤੇ ਮੈਡਲ



ਮੁਤਸਰ ਸਾਹਿਬ ਦੇ ਪਿੰਡ ਭੰਗਚੜੀ ਦੇ ਰਹਿਣ ਵਾਲੇ ਸੀ ਆਈ ਡੀ ਜੋਨ ਬਠਿੰਡਾ ਵਿਖੇ ਤਾਇਨਾਤ ਗੁਰਚਰਨ ਸਿੰਘ ਨੇ 3 ਮੈਡਲ ਜਿੱਤ ਕੇ ( 1. ਗੋਲਾ,2 ਜੈਵਲਿਨ ਥ੍ਰੋ,3 ਲੌਂਗ ਜੰਪ ਚੋਂ) 3 ਮੈਡਲ ਜਿੱਤ ਕੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਸੀ ਆਈ ਡੀ ਜੋਨ ਬਠਿੰਡਾ ਦਾ ਨਾਮ ਰੋਸ਼ਨ ਕੀਤਾ।ਬਠਿੰਡਾ ਜ਼ੋਨ ਸੀਆਈਡੀ ਦੇ ਏ.ਆਈ.ਜੀ ਸੁਰਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਇਸ ਉਮਰ ਵਿਚ ਮੈਡਲ ਲੈ ਕੇ ਆਉਣਾ ਬਹੁਤ ਵੱਡੀ ਪ੍ਰਾਪਤੀ ਹੈ ਇਹ ਲੋਕ ਲਗਾਤਾਰ ਲੰਮੇ ਸਮੇਂ ਤੋਂ ਖੇਡਾਂ ਵਿੱਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਬਹੁਤ ਸਾਰੇ ਮੈਡਲ ਪਹਿਲਾਂ ਵੀ ਪ੍ਰਾਪਤ ਕਰ ਚੁੱਕੇ ਹਨ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਮਹਿਕਮੇ ਦਾ ਨਾਮ ਉੱਚਾ ਕੀਤਾ ਹੈ ।

## ਖੇਤੀ ਵਿਭਿੰਨਤਾ ਅਤੇ ਵਿਗਿ...

### ਅਗਾਂਹ ਵਧੂ...



ਤਲਵੰਡੀ ਸਾਬੋ, 6 ਅਪ੍ਰੈਲ (ਸਨੀ ਗੋਇਲ): ਕੁਦਰਤੀ ਸਰੋਤ ਬਚਾਓ, ਖੇਤੀ ਆਮਦਨ ਵਧਾਓ ਦੀ ਸੋਚ ਲੈ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਸ. ਗੁਰਲਾਭ ਸਿੰਘ ਸਿੱਧੂ (ਚਾਂਸਲਰ) ਦੇ ਦਿਸ਼ਾ

# ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ 9 ਅਪ੍ਰੈਲ ਨੂੰ ਐਮ.ਆਰ. ਐਸ.ਪੀ.ਟੀ.ਯੂ. ਦੀ ਪਹਿਲੀ ਕਾਨਵੋਕੇਸ਼ਨ 'ਚ ਸ਼ਿਰਕਤ ਕਰਨਗੇ



ਬਠਿੰਡਾ, 6 ਅਪ੍ਰੈਲ (ਪਰਵਿੰਦਰ ਜੀਤ ਸਿੰਘ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.-ਪੀ.ਟੀ.ਯੂ.), ਬਠਿੰਡਾ ਦੀ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐਮ.ਆਰ.ਐਸ.-ਪੀ.ਟੀ.ਯੂ., ਸ਼੍ਰੀ ਬਨਵਾਰੀਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ, ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ, ਸ਼੍ਰੀ ਬਨਵਾਰੀਲਾਲ ਪੁਰੋਹਿਤ ਅਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਪਹਿਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣਗੇ ।

ਬੁੱਧਵਾਰ ਨੂੰ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ, ਪ੍ਰੋ: ਸਿੱਧੂ ਨੇ ਦੱਸਿਆ ਕਿ ਐਮ.ਆਰ.ਐਸ.ਪੀ.ਟੀ.ਯੂ. ਪ੍ਰਸਿੱਧ ਵਿਗਿਆਨੀ ਡਾ. ਕੇਪਿਲਿਲ ਰਾਧਾਕ੍ਰਿਸ਼ਨ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਸ਼੍ਰੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਇੱਕ ਹੋਰ ਵੱਡੀ ਪਹਿਲਕਦਮੀ ਵਿੱਚ, ਉਹਨਾਂ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ. ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ 75 ਸਾਲਾਂ ਦੇ ਜਸ਼ਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿੱਚ 75 ਆਨਲਾਈਨ ਸਰਟੀਫਿਕੇਸ਼ਨ ਕੋਰਸ ਸ਼ੁਰੂ ਕਰਨ ਜਾ ਰਹੀ ਹੈ। ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ ਸ਼੍ਰੀਮਤੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜ਼ਾ ਲਿਆ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿੱਚ ਆਪਣੀ ਪਹਿਲੀ ਕਨਵੋਕੇਸ਼ਨ ਆਯੋਜਿਤ ਕਰੇਗਾ ਅਤੇ ਸ਼ੁੱਕਰਵਾਰ ਨੂੰ ਇੱਕ ਵਿਆਪਕ ਰਿਹਰਸਲ ਦਾ ਆਯੋਜਨ ਕੀਤਾ ਜਾਵੇਗਾ। ਪ੍ਰਸਿੱਧ ਵਿਅਕਤੀਆਂ ਨੂੰ ਪ੍ਰਾਪਤ ਕਰਨ ਵਾਲੇ ਆਨਰਿਸ ਕਾਜ਼ਾ ਡਾਕਟਰੇਟ ਡਿਗਰੀ ਪ੍ਰਾਪਤ ਕਰਨ ਵਾਲਿਆਂ ਬਾਰੇ ਸੰਖੇਪ ਵਿਚ ਦੱਸਿਆ ਹੈ।

## ...ਾਂ ਨੇ ਜਿੱਤੇ ਮੈਡਲ



ਮੁਤਸਰ ਸਾਹਿਬ ਦੇ ਪਿੰਡ ਭੰਗਚੜੀ ਦੇ ਰਹਿਣ ਵਾਲੇ ਸੀ ਆਈ ਡੀ ਜੋਨ ਬਠਿੰਡਾ ਵਿਖੇ ਤਾਇਨਾਤ ਗੁਰਚਰਨ ਸਿੰਘ ਨੇ 3 ਮੈਡਲ ਜਿੱਤ ਕੇ ( 1. ਗੋਲਾ,2 ਜੈਵਲਿਨ ਥ੍ਰੋ,3 ਲੌਂਗ ਜੰਪ ਚੋਂ) 3 ਮੈਡਲ ਜਿੱਤ ਕੇ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਸੀ ਆਈ ਡੀ ਜੋਨ ਬਠਿੰਡਾ ਦਾ ਨਾਮ ਰੋਸ਼ਨ ਕੀਤਾ।ਬਠਿੰਡਾ ਜ਼ੋਨ ਸੀਆਈਡੀ ਦੇ ਏ.ਆਈ.ਜੀ ਸੁਰਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਇਸ ਉਮਰ ਵਿਚ ਮੈਡਲ ਲੈ ਕੇ ਆਉਣਾ ਬਹੁਤ ਵੱਡੀ ਪ੍ਰਾਪਤੀ ਹੈ ਇਹ ਲੋਕ ਲਗਾਤਾਰ ਲੰਮੇ ਸਮੇਂ ਤੋਂ ਖੇਡਾਂ ਵਿੱਚ ਹਿੱਸਾ ਲੈਂਦੇ ਆ ਰਹੇ ਹਨ ਅਤੇ ਬਹੁਤ ਸਾਰੇ ਮੈਡਲ ਪਹਿਲਾਂ ਵੀ ਪ੍ਰਾਪਤ ਕਰ ਚੁੱਕੇ ਹਨ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਮਹਿਕਮੇ ਦਾ ਨਾਮ ਉੱਚਾ ਕੀਤਾ ਹੈ ।

## ਖੇਤੀ ਵਿਭਿੰਨਤਾ ਅਤੇ ਵਿਗ...

### ਅਗਾਂਹ ਵਧੂ...



ਤਲਵੰਡੀ ਸਾਬੋ, 6 ਅਪ੍ਰੈਲ (ਸਨੀ ਗੋਇਲ): ਕੁਦਰਤੀ ਸਰੋਤ ਬਚਾਓ, ਖੇਤੀ ਆਮਦਨ ਵਧਾਓ ਦੀ ਸੋਚ ਲੈ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਸ. ਗੁਰਲਾਭ ਸਿੰਘ ਸਿੱਧੂ (ਚਾਂਸਲਰ) ਦੇ ਦਿਸ਼ਾ

## 'ਵਰਸਿਟੀ ਦੀ ਕਾਨਵੋਕੇਸ਼ਨ 9 ਨੂੰ

**ਬਠਿੰਡਾ:** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸ-ਪੀਟੀਯੂ), ਬਠਿੰਡਾ ਦੀ 9 ਅਪਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐੱਮਆਰਐਸ-ਪੀਟੀਯੂ, ਬਨਵਾਰੀ ਲਾਲ ਪੁਰੋਹਿਤ ਕਾਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸ਼ਨ, ਸਮਾਜਸੇਵੀ ਡਾ. ਐੱਸਪੀ ਸਿੰਘ ਓਬਰਾਏ ਅਤੇ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। -ਪੱਤਰ ਪ੍ਰੇਰਕ

र्म
कांग्रेस
हेला ने
को एक
मामले
दिए हैं।
ायत में
उसके
उक्त
ारीरिक
2009
ले वह
ा होगा
लेकिन
शादी
बनाता
उसने
देया।
साथ
च्चे
हेला
के
रने
ले
।
क

# नौ को एमआरएसपीटीयू आएंगे राज्यपाल व सीएम

जागरण संवाददाता, बठिंडा: महाराजा रणजीत सिंह पंजाब टेक्निकल यूनिवर्सिटी (एमआरएसपीटीयू) में नौ अप्रैल को पहला दीक्षा समारोह आयोजित किया जाएगा। समारोह की अध्यक्षता पंजाब के राज्यपाल-कम-कुलपति एमआरएसपीटीयू बनवारीलाल पुरोहित करेंगे, जबकि पंजाब के मुख्यमंत्री भगवंत सिंह मान विशेष तौर पर शामिल होंगे। वाइस चांसलर प्रो. बूटा सिंह सिद्धू ने बताया कि तेजी से बढ़ते विश्वविद्यालय के लिए यह गर्व की बात है कि पंजाब के राज्यपाल व मुख्यमंत्री समागम में पहुंच रहे हैं।

प्रो. सिद्धू ने कहा कि प्रसिद्ध वैज्ञानिक डा. कोपिलिल राधाकृष्णन, अंतरराष्ट्रीय स्तर पर प्रसिद्ध सामाजिक कार्यकर्ता एसपी सिंह ओबराय व प्रख्यात उद्योगपति राजिंदर गुप्ता को उनके संबंधित क्षेत्रों में योगदान के लिए सम्मानित किया जाएगा। एमआरएसपीटीयू में आजादी का अमृत महोत्सव की 75वीं वर्षगांठ समारोह के लिए समर्पित, उभरती प्रौद्योगिकियों में 75 आनलाइन प्रमाणन पाठ्यक्रम शुरू किए जा रहे हैं।

डीन एकेडमिक डा. कंवलजीत सिंह संधू ने कहा कि डा. कोपिलिल राधाकृष्णन को विज्ञान व अंतरिक्ष के क्षेत्र में मानद डाक्टरेंट की उपाधि प्रदान की जाएगी। वहीं विश्व प्रसिद्ध समाजसेवी डा. एसपी सिंह ओबेराय को समाजसेवा के क्षेत्र में उनके उत्कृष्ट योगदान के लिए डाक्टरेट की उपाधि से सम्मानित किया जाएगा। इस दौरान प्रमुख सचिव तकनीकी शिक्षा व औद्योगिक प्रशिक्षण पंजाब विकास गर्ग व निदेशक आइआइटी रोपड़ प्रो. राजीव आहूजा भी उपस्थित रहेंगे। समागम की तैयारियों को लेकर डीसी शौकत अहमद परे व एसएसपी अमनीत कोंडल ने विश्वविद्यालय के अधिकारियों के साथ दौरा किया व सुरक्षा प्रबंधों की समीक्षा की। विश्वविद्यालय के कुलसचिव डा. गुरिंदर पाल सिंह बराड़ ने कहा कि वह अपना पहला दीक्षा समारोह परिसर के सभागार में आयोजित करेंगे। इसके लिए शुक्रवार को व्यापक पूर्वाभ्यास किया जाएगा।

# एम.आर.एस.पी.टी.यू. के पहले दीक्षांत समारोह में शामिल होंगे पंजाब के राज्यपाल और मुख्यमंत्री

बठिंडा, 6 अप्रैल (विजय): महाराजा रणजीत सिंह पंजाब टेक्निकल यूनिवर्सिटी बठिंडा के 9 अप्रैल को होने वाले पहले दीक्षांत समारोह की तैयारी जोरों पर है। पंजाब के राज्यपाल-सह-कुलपति, एम.आर.एस.पी.टी.यू., बनवारीलाल पुरोहित दीक्षांत समारोह की अध्यक्षता करेंगे, जबकि पंजाब के मुख्यमंत्री भगवंत सिंह मान विश्वविद्यालय के ऐतिहासिक अवसर पर छात्रों को आशीर्वाद देंगे।

कुलपति प्रो. बूटा सिंह सिद्धू ने कहा यह सबसे तेजी से बढ़ते विश्वविद्यालय के लिए गर्व का क्षण है। बड़े हर्ष की बात है कि पंजाब के राज्यपाल और हमारे विश्वविद्यालय के कुलाधिपति बनवारीलाल पुरोहित और मुख्यमंत्री भगवंत सिंह मान इस ऐतिहासिक अवसर पर दीक्षांत समारोह को संबोधित करेंगे और छात्रों को आशीर्वाद देंगे।



*विश्वविद्यालय का विशाल परिसर।*

बुधवार को यहां जारी एक प्रैस विज्ञप्ति में प्रो. सिद्धू ने खुलासा किया कि एमआरएस-पीटीयू प्रसिद्ध वैज्ञानिक, डॉ. कोप्पिलिल राधाकृष्ण, अंतरराष्ट्रीय स्तर पर प्रसिद्ध परोपकारी डॉ. एसपी सिंह ओबराय और उद्योगपति राजिंदर गुप्ता को सम्मान में मानिस कोसा डॉक्टरैट की उपाधि प्रदान करने के लिए तैयार है। अपने-अपने क्षेत्रों में उनके योगदान के बारे में।

प्रो. सिद्धू ने कहा कि प्रसिद्ध हस्तियों को इन मानद डॉक्टरैट का पुरस्कार विभिन्न क्षेत्रों और समाज के लिए असाधारण योगदान की उचित स्वीकृति होगी। एक अन्य प्रमुख पहल में उन्होंने कहा कि एम.आर.एस.पी.टी.यू. आजादी का अमृत महोत्सव के 75 साल के समारोह को चिह्नित करने के लिए उभरती प्रौद्योगिकियों में 75 ऑनलाइन प्रमाणन पाठ्यक्रम शुरू करने के लिए तैयार है। डीन एकेडेमिक डॉ. कवलजीत सिंह संधू ने कहा कि डॉ. कोप्पिलिल राधाकृष्णन को विज्ञान और अंतरिक्ष के क्षेत्र में डॉक्टरैट की मानद उपाधि प्रदान की जाएगी।

---



# 9 को एमआरएसपीटीयू में पहुंचेंगे राज्यपाल व सीएम

**बठिंडा|** महाराजा रंजीत सिंह पंजाब टेक्निकल यूनिवर्सिटी की ओर से पहली कनवोकेशन 9 अप्रैल को करवाई जा रही है। बेहद प्रभावशाली समारोह में राज्यपाल-कम- चांसलर राज्यपाल-कम-चांसलर बनवारीलाल पुरोहित अध्यक्षता करेंगे जबकि मुख्यमंत्री भगवंत सिंह मान विद्यार्थियों को डिग्रियां बांटकर अपने संबोधन में उन्हें आशीर्वाद देंगे। यूनिवर्सिटी के बोर्ड आफ गवर्नेंस के चेयरमैन



व तकनीकी शिक्षा व औद्योगिक शिक्षा के प्रमुख सचिव विकास गर्ग, आईआईटी रोपड़ के डायरेक्टर प्रो. राजीव आहूजा भी विशेष मेहमान के तौर पर शामिल होंगे। डीसी शौकत अहमद परे व एसएसपी अमनीक कौंडल ने यूनिवर्सिटी का दौरा करके सुरक्षा व अन्य तैयारियों का जायजा लिया। वीसी प्रो. बूटा सिंह सिधू ने बताया कि एमआरएसपीटीयू प्रसिद्ध विज्ञानी डॉ. कोपीनिल राधाकृष्णन, अंतर्राष्ट्रीय समाजसेवी डॉ. एसपी सिंह ओबराए व नामवर उद्योगपति राजिंदर गुप्ता को उनकी अपने क्षेत्र में दिए योगदान के लिए आर्निस काजा डॉक्ट्रेट की डिग्रियां प्रदान की जाएंगी। नामवर शख्सियतों को इन ऑनरेरी डॉक्ट्रेट का अवार्ड विभिन्न क्षेत्रों व समाज में दिए विलक्षण योगदान के लिए उपयुक्त सम्मान होगा।

# ਕਨਵੋਕੇਸ਼ਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

## ਰਾਜਪਾਲ ਤੇ ਮੁੱਖ ਮੰਤਰੀ 9 ਅਪ੍ਰੈਲ ਨੂੰ ਐੱਮਆਰਐੱਸਪੀਟੀਯੂ ਦੀ ਪਹਿਲੀ ਕਨਵੋਕੇਸ਼ਨ 'ਚ ਸ਼ਿਰਕਤ ਕਰਨਗੇ

ਗੁਰਤੇਜ ਸਿੰਘ ਸਿੱਧੂ, ਬਠਿੰਡਾ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮਆਰਐਸਪੀਟੀਯੂ) ਬਠਿੰਡਾ ਦੀ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐੱਮਆਰਐੱਸਪੀਟੀਯੂ ਬਨਵਾਰੀ ਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ ਬਨਵਾਰੀ ਲਾਲ ਪੁਰੋਹਿਤ ਅਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਨਗੇ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣਗੇ।

ਬੁੱਧਵਾਰ ਨੂੰ ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿੱਚ, ਪ੍ਰੋ: ਸਿੱਧੂ ਨੇ ਦੱਸਿਆ ਕਿ ਐਮਆਰਐਸਪੀਟੀਯੂ ਪ੍ਰਸਿੱਧ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸ਼ਨ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐੱਸਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਪ੍ਰੋ.ਸਿੱਧੂ ਨੇ ਕਿਹਾ ਕਿ ਨਾਮਵਰ ਸ਼ਖ਼ਸੀਅਤਾਂ ਨੂੰ ਇਨ੍ਹਾਂ ਆਨਰੇਰੀ ਡਾਕਟਰੇਟ ਦਾ ਐਵਾਰਡ ਵੱਖ-ਵੱਖ ਖੇਤਰਾਂ ਅਤੇ ਸਮਾਜ ਵਿੱਚ ਪਾਏ ਗਏ ਵਿਲੱਖਣ ਯੋਗਦਾਨ ਢੁੱਕਵਾਂ ਸਨਮਾਨ ਹੋਵੇਗਾ। ਇਕ ਹੋਰ ਵੱਡੀ ਪਹਿਲਕਦਮੀ ਵਿਚ, ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ 75 ਸਾਲਾਂ ਦੇ ਜਸ਼ਨਾਂ ਨੂੰ ਸਮਰਪਿਤ ਉਭਰ ਰਹੀਆਂ ਤਕਨੀਕਾਂ ਵਿਚ 75 ਆਨਲਾਈਨ ਸਰਟੀਫਿਕੇਸ਼ਨ ਕੋਰਸ ਸ਼ੁਰੂ ਕਰਨ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਨ ਅਕਾਦਮਿਕ ਡਾ: ਕਵਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਡਾ: ਕੋਪਿਲਿਲ ਰਾਧਾਕ੍ਰਿਸ਼ਨਨ ਨੂੰ ਵਿਗਿਆਨ ਅਤੇ ਪੁਲਾੜ ਦੇ ਖੇਤਰ ਵਿਚ ਆਨਰਿਸ ਕਾਜ਼ਾ ਡਾਕਟਰੇਟ ਦੀ ਡਿਗਰੀ ਦਿੱਤੀ ਜਾਵੇਗੀ। ਜਦੋਂ ਕਿ ਡਾ.ਐੱਸਪੀ. ਸਿੰਘ ਓਬਰਾਏ ਨੂੰ ਸਮਾਜ ਸੇਵਾ ਦੇ ਖੇਤਰ 'ਚ ਪਾਏ ਵੱਡਮੁਲੇ ਯੋਗਦਾਨ ਲਈ ਅਤੇ ਵਪਾਰ ਅਤੇ ਉਦਯੋਗ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਪ੍ਰਸਿੱਧ ਉਦਯੋਗਪਤੀ ਰਜਿੰਦਰ ਗੁਪਤਾ ਨੂੰ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ।

ਵਿਕਾਸ ਗਰਗ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ (ਜੋ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਦੇ ਚੇਅਰਮੈਨ ਵੀ ਹਨ) ਅਤੇ ਪ੍ਰੋ: ਰਾਜੀਵ ਆਹੂਜਾ, ਡਾਇਰੈਕਟਰ ਆਈਆਈਟੀ, ਰੋਪੜ ਵੀ ਇਸ ਮੌਕੇ ਸ਼ਿਰਕਤ ਕਰਨਗੇ। ਇਸ ਦੌਰਾਨ ਯੂਨੀਵਰਸਿਟੀ ਵੱਲੋਂ ਸ਼ਾਨਦਾਰ ਸਮਾਗਮ ਤੋਂ ਪਹਿਲਾਂ ਕੈਂਪਸ ਨੂੰ ਸੁੰਦਰ ਬਣਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ। ਬਠਿੰਡਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਅਮਨੀਤ ਕੋਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜ਼ਾ ਲਿਆ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਕੈਂਪਸ ਦੇ ਆਡੀਟੋਰੀਅਮ ਵਿੱਚ ਆਪਣੀ ਪਹਿਲੀ ਕਨਵੋਕੇਸ਼ਨ ਆਯੋਜਿਤ ਕਰੇਗਾ ਅਤੇ ਸ਼ੁੱਕਰਵਾਰ ਨੂੰ ਇਕ ਵਿਆਪਕ ਰਿਹਰਸਲ ਕੀਤੀ ਜਾਵੇਗੀ।



ਰਾਜਪਾਲ ਤੇ ਮੁੱਖ ਮੰਤਰੀ ਦੀ ਆਮਦ ਨੂੰ ਲੈ ਕੇ ਚੱਲ ਰਹੀਆਂ ਤਿਆਰੀਆਂ।

### ਕਨਵੋਕੇਸ਼ਨ ਦੌਰਾਨ ਸਨਮਾਨਤ ਹੋਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਬਾਰੇ ਸੰਖੇਪ

**ਰਜਿੰਦਰਾ ਗੁਪਤਾ**

ਰਜਿੰਦਰ ਗੁਪਤਾ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਹਨ। ਟ੍ਰਾਈਡੈਂਟ ਗਰੁੱਪ ਮੁੱਖ ਤੌਰ 'ਤੇ ਘਰੇਲੂ ਟੈਕਸਟਾਈਲ, ਪੇਪਰ ਮੈਨੂਫੈਕਚਰਿੰਗ, ਕੈਮੀਕਲਜ਼ ਅਤੇ ਪਾਵਰ ਦਾ ਕੰਮ ਕਰਦਾ ਹੈ। ਉਹ ਭਾਰਤ ਦੇ ਸਭ ਤੋਂ ਵੱਡੇ ਧਾਗੇ ਸਪਿਨਰਾਂ ਵਿੱਚੋਂ ਇੱਕ ਹਨ, ਦੁਨੀਆ ਦੇ ਸਭ ਤੋਂ ਵੱਡੇ ਟੈਰੀ ਤੌਲੀਏ ਨਿਰਮਾਤਾਵਾਂ ਵਿੱਚੋਂ ਇੱਕ ਹਨ ਅਤੇ ਦੁਨੀਆ ਦੇ ਸਭ ਤੋਂ ਵੱਡੇ ਕਣਕ ਦੀ ਪਰਾਲੀ ਅਧਾਰਤ ਕਾਗਜ਼ ਨਿਰਮਾਤਾ ਹਨ। 2007 ਵਿਚ, ਡਾ. ਗੁਪਤਾ ਨੂੰ ਵਪਾਰ ਅਤੇ ਉਦਯੋਗ ਦੇ ਖੇਤਰ ਵਿੱਚ ਵਿਲੱਖਣ ਸੇਵਾਵਾਂ ਦੇ ਸਨਮਾਨ ਵਿੱਚ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਤੋਂ ਪਦਮ ਸ਼੍ਰੀ ਪੁਰਸਕਾਰ ਮਿਲਿਆ।

**ਡਾ. ਕੋਪਿਲਿਲ ਰਾਧਾਕ੍ਰਿਸ਼ਨਨ**

ਡਾ. ਕੋਪਿਲਿਲ ਰਾਧਾਕ੍ਰਿਸ਼ਨਨ ਪੁਲਾੜ ਕਮਿਸ਼ਨ ਦੇ ਚੇਅਰਮੈਨ, ਪੁਲਾੜ ਵਿਭਾਗ ਦੇ ਸਕੱਤਰ ਅਤੇ ਨਵੰਬਰ 2009 ਤੋਂ ਦਸੰਬਰ 2014 ਤੱਕ ਇਸਰੋ ਦੇ ਚੇਅਰਮੈਨ ਰਹੇ, ਇਸ ਸਮੇਂ ਦੌਰਾਨ 37 ਪੁਲਾੜ ਮਿਸ਼ਨਾਂ ਨੂੰ ਚਲਾਉਣ ਲਈ 'ਟੀਮ ਇਸਰੋ' ਨੂੰ ਮਜ਼ਬੂਤ ਤੇ ਸਫਲ ਅਗਵਾਈ ਪ੍ਰਦਾਨ ਕੀਤੀ, ਖਾਸ ਤੌਰ 'ਤੇ ਭਾਰਤ ਦਾ ਪਹਿਲਾ ਮਾਰਸ ਆਰਬਿਟਰ : ਸੰਕਲਪ ਤੋਂ ਫਲ ਤੱਕ ਦਾ ਮਿਸ਼ਨ। ਡਾ: ਰਾਧਾਕ੍ਰਿਸ਼ਨਨ ਨੂੰ ਭਾਰਤ ਸਰਕਾਰ ਦੁਆਰਾ 2014 ਵਿੱਚ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ ਸੀ।

**ਡਾ. ਐੱਸਪੀ. ਸਿੰਘ ਓਬਰਾਏ**

ਡਾ. ਐੱਸਪੀ ਸਿੰਘ ਓਬਰਾਏ ਦੁਬਈ ਸਥਿਤ ਕਾਰੋਬਾਰੀ ਹਨ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਮੈਨੇਜਿੰਗ ਟਰੱਸਟੀ ਹਨ। ਉਹ ਸੁਭਾਅ ਤੋਂ ਪਰਉਪਕਾਰੀ ਹੈ। ਉਸਨੇ ਮੌਤ ਦੀ ਸਜ਼ਾ ਅਤੇ ਉਮਰ ਕੈਦ ਤੋਂ 58 ਭਾਰਤੀਆਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਲਗਭਗ ਯੂਐੱਸਡੀ 1.8 ਮਿਲੀਅਨ ਦਾ ਭੁਗਤਾਨ ਕਰਨ ਲਈ ਆਪਣਾ ਪੈਸਾ ਲਗਾਇਆ ਹੈ। ਓਬਰਾਏ ਨੇ 800 ਤੋਂ ਵੱਧ ਕੈਦੀਆਂ (ਜਿਨ੍ਹਾਂ ਨੇ ਆਪਣੀ ਸਜ਼ਾ ਪੂਰੀ ਕਰ ਲਈ ਪਰ ਫੰਡਾਂ ਦੀ ਘਾਟ ਕਾਰਨ ਆਪਣੇ ਦੇਸ਼ ਵਾਪਸ ਨਹੀਂ ਜਾ ਸਕੇ) ਦੀਆਂ ਹਵਾਈ ਟਿਕਟਾਂ ਦਾ ਭੁਗਤਾਨ ਕੀਤਾ ਅਤੇ ਭਾਰਤੀ ਕੌਂਸਲੇਟ ਦੀ ਮਦਦ ਨਾਲ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ।

जग मार्ग चंडीगढ़। वीरवार, 7 अप्रैल 2022 पंज

# राज्यपाल और सीएम एमआरएसपीटीयू की पहली कॉनवोकेशन में 9 को करेंगे शिरकत

## डीसी, एसएसपी और यूनिवर्सिटी अधिकारियों ने प्रबंधों का लिया जायजा

**➪ एमआरएस-पीटीयू प्रसिद्ध विज्ञानी, समाजसेवी और उद्योगपति को उनकी अपने क्षेत्रों में विलक्षण प्राप्तियों के लिए 'आनरिस काजा' डॉक्टरेट डिग्री प्रदान**



**जतिन अरोड़ा**

**बठिंडा (जगमार्ग न्यूज)।** महाराजा रणजीत सिंह पंजाब टैकनिकल यूनिवर्सिटी बठिंडा की 9 अप्रैल को होने वाली पहली कॉनवोकेशन की तैयारी जोरों पर हैं। पंजाब के राज्यपाल-कम-चांसलर एमआरएस-पीटीयू, बनवारी लाल पुरोहित कनवोकेशन की अध्यक्षता करेंगे, जबकि पंजाब के मुख्यमंत्री भगवंत मान विद्यार्थियों को अशीर्वाद देने के लिए इस ऐतिहासिक मौके यूनिवर्सिटी की शोभा बढ़ाने के लिए विशेष के तौर पर पहुंच रहे हैं। वाइस चांसलर प्रो. बूटा सिंह सिद्धू ने कहा कि तेजी से विकसित हो रही यूनिवर्सिटी के लिए यह बड़े मान और खुशी वाली बात है, पंजाब के राज्यपाल और उनकी यूनिवर्सिटी के चांसलर बनवारी लाल पुरोहित और पंजाब के मुख्यमंत्री भगवंत सिंह मान पहली कानवोकेशन को संबोधन करेंगे और विद्यार्थियों को आशीर्वाद देंगे। बुधवार को जारी एक प्रैस बयान मे प्रो सिद्धू ने बताया कि एमआरएसपीटीयू प्रसिद्ध विज्ञानी डा कोपिलिल राधाकिशन, अंतर्ष्ट्रीय प्रसिद्धि प्राप्त समाजसेवी डॉ. एस पी सिंह ओबराए और प्रसिद्ध उद्योगपति रजिन्दर गुप्ता को उनके अपने क्षेत्रों में डाले योगदान को मान्यता देने के लिए आनरिस काजा डॉक्टरेट की डिग्रियां प्रदान की जाएंगी। प्रो. सिद्धू ने कहा कि नामवर शख्सियतों को इन आनरेरी डॉक्टरेट का अवॉर्ड अलग -अलग क्षेत्रों और समाज में डाले गए विलक्षण योगदान उपयुक्त सम्मान होगा। एक ओर बड़ी पहलकदमी में, उन्होंने कहा कि एमआरएसपीटीयू आजादी का अमृत महोत्सव के 75 सालों के जशन को समर्पित उभर रही तकनीकों में 75 आनलाइन सर्टीफिकेशन पाठ्यक्रम शुरू करने जा रही है। इस संबंधित जानकारी देते डीन अकादमिक डॉ. कवलजीत सिंह संधू ने बताया कि डॉ. कोपिलिल राधाक्रिशनन को विज्ञान और अंतरिक्ष के क्षेत्र में आनरिस काजा डॉक्टरेट की डिग्री दी जाएगी। जबकि संसार प्रसिद्ध परोपकारी डाएसपी सिंह ओबराए को समाज सेवा के क्षेत्र में डाले वढ्ढमुले योगदान के लिए और व्यापार और उद्योग के क्षेत्र में डाले योगदान के लिए प्रसिद्ध उद्योगपति रजिंदर गुप्ता को डॉक्टरेट डिग्रियां प्रदान की जाएंगी। विकास गर्ग, प्रमुख सचिव, तकनीकी शिक्षा और औद्योगिक प्रशिक्षण, पंजाब और परो राजीव आहूजा, डायरैक्टर आई.आई.टी, रोपड़ भी इस मौके शिरकत करेंगे। बठिंडा के डिप्टी कमिशनर शौकत अहमद परे और एसएसपी अमनीत कोंडल ने यूनिवर्सिटी के अधिकारियों साथ यूनिवर्सिटी का दौरा किया और सुरक्षा और ओर तैयारी प्रबंधों का जायजा लिया।

# ਰਾਜਪਾਲ ਤੇ ਮੁੱਖ ਮੰਤਰੀ ਪਹਿਲੀ ਕਾਨਵੋਕੇਸ਼ਨ 'ਚ ਸ਼ਿਰਕਤ ਕਰਨਗੇ

ਬਠਿੰਡਾ, 6 ਅਪ੍ਰੈਲ (ਅੰਮ੍ਰਿਤਪਾਲ ਸਿੰਘ ਵਲ੍ਹਾਣ):- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ 9 ਅਪ੍ਰੈਲ ਨੂੰ ਹੋਣ ਵਾਲੀ ਪਹਿਲੀ ਕਾਨਵੋਕੇਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਪੰਜਾਬ ਦੇ ਰਾਜਪਾਲ-ਕਮ-ਚਾਂਸਲਰ ਐਮ.ਆਰ.ਐਸ.-ਪੀ.ਟੀ.ਯੂ., ਸ੍ਰੀ ਬਨਵਾਰੀ ਲਾਲ ਪੁਰੋਹਿਤ ਕਨਵੋਕੇਸ਼ਨ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਇਸ ਇਤਿਹਾਸਕ ਮੌਕੇ ਯੂਨਿਵਰਸਿਟੀ ਦੀ ਸ਼ੋਭਾ ਵਧਾਉਣ ਲਈ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਤੇਜ਼ੀ ਨਾਲ ਵਿਕਸਿਤ ਹੋ ਰਹੀ ਯੂਨੀਵਰਸਿਟੀ ਲਈ ਇਹ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਰਾਜਪਾਲ ਅਤੇ ਸਾਡੀ ਯੂਨੀਵਰਸਿਟੀ ਦੇ ਚਾਂਸਲਰ, ਸ੍ਰੀ ਬਨਵਾਰੀ ਲਾਲ ਪੁਰੋਹਿਤ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲੀ ਕਾਨਵੋਕੇਸ਼ਨ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ. ਪ੍ਰਸਿੱਧ ਵਿਗਿਆਨੀ ਡਾ. ਕੋਪਿਲਿਲ ਰਾਧਾਕ੍ਰਿਸਨ, ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸਮਾਜਸੇਵੀ ਡਾ. ਐਸ.ਪੀ. ਸਿੰਘ ਓਬਰਾਏ ਅਤੇ ਪ੍ਰਸਿੱਧ ਉਦਯੋਗਪਤੀ ਸ੍ਰੀ ਰਜਿੰਦਰ ਗੁਪਤਾ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਮਾਨਤਾ ਦੇਣ ਲਈ ਆਨਰਿਸ ਕਾਜ਼ਾ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਯੂਨੀਵਰਸਿਟੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ ਸ੍ਰੀਮਤੀ ਅਮਨੀਤ ਕੌਂਡਲ ਨੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਸੁਰੱਖਿਆ ਅਤੇ ਹੋਰ ਤਿਆਰੀ ਪ੍ਰਬੰਧਾਂ ਦਾ ਜਾਇਜ਼ਾ ਲਿਆ।



ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ।

# TECH. EVENT

# News Compilation

2018-21

# 2018-19

ਰੋਜ਼ਾਨਾ ਸਪੋਕਸਮੈਨ ਸ਼ੁੱਕਰਵਾਰ, 3 ਅਗਸਤ 2018

# ਗਿਆਨੀ ਜ਼ੈਲ ਸਿੰਘ ਕਾਲਜ ਦੇ ਵਿਦਿਆਰਥੀਆਂ ਮੁਕਾਬਲੇ ਲਈ ਕੁਆਲੀਫਾਈ

ਬਠਿੰਡਾ, 2 ਅਗਸਤ (ਸੁਖਜਿੰਦਰ ਮਾਨ) : ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਕਰਦਿਆਂ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵਲੋਂ ਤਿਆਰ ਕੀਤੇ ਵਾਹਨ ਦੇ ਡਿਜ਼ਾਇਨ ਨੂੰ ਬਾਜਾ ਸੁਸਾਇਟੀ ਆਫ਼ ਆਟੋਮੋਟਿਵ ਇੰਜੀਨੀਅਰਿੰਗ (ਐਸ.ਏ.ਈ.) ਭਾਰਤ ਵਲੋਂ ਕਰਾਏ ਮੁਕਾਬਲੇ ਵਿੱਚ ਪ੍ਰਮੁੱਖ ਸਥਾਨ ਮਿਲਿਆ ਹੈ, ਜਿਸ ਦੀ ਬਦੌਲਤ ਜਨਵਰੀ 2019 ਵਿੱਚ ਅੰਤਰਰਾਸ਼ਟਰੀ ਪੱਧਰ ਤੇ ਹੋਣ ਵਾਲੇ ਮੁਕਾਬਲੇ ਵਿੱਚ ਯੂਨੀਵਰਸਿਟੀ ਟੀਮ ਦਾ ਡਿਜ਼ਾਇਨ ਸ਼ਾਮਿਲ ਹੋਵੇਗਾ।



ਮਕੈਨੀਕਲ ਵਿਭਾਗ ਦੇ ਮੁਖੀ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕਿਹਾ, ਇਹ ਪ੍ਰੋਜੈਕਟ ਡਿਜ਼ਾਇਨ ਡਾ. ਰਾਜੇਸ਼ ਗੁਪਤਾ, ਪ੍ਰੋ. ਗਗਨਦੀਪ ਸਿੰਘ ਸੋਢੀ ਅਤੇ ਟੈਕਨੀਸ਼ੀਅਨ ਵਰਕਸ਼ਾਪ ਸ਼੍ਰੀ ਸੁਖਮਿੰਦਰ ਸਿੰਘ ਦੀ ਨਿਗਰਾਨੀ ਵਿੱਚ ਕੀਤਾ ਗਿਆ ਸੀ।

ਟੀਮ ਨੇ ਆਪਣੇ ਆਪ ਨੂੰ ਨਿਰਧਾਰਿਤ ਕੀਤੇ ਗਏ ਟੀਚੇ ਦੀ ਤਰਜ਼ ਵਿੱਚ ਵਧੀਆ ਢੰਗ ਨਾਲ ਕੰਮ ਕੀਤਾ ਅਤੇ ਸਾਡੇ ਵਾਹਨ ਇੰਜੀਨੀਅਰਿੰਗ ਡਿਜ਼ਾਈਨ ਦੀਆਂ ਯੋਗਤਾਵਾ ਨੂੰ ਵੱਖ-ਵੱਖ ਪੈਰਾਮੀਟਰਾਂ 'ਤੇ ਪਰਖ ਕੀਤਾ ਗਿਆ, ਜੋ ਕਿ ਪ੍ਰਦਰਸ਼ਨ ਦੌਰਾਨ ਪੂਰੀ ਤਰ੍ਹਾਂ ਖਰੇ ਉੱਤਰੇ, ਜੋ ਕਿ ਯੂਨਿਵਰਸਿਟੀ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ 'ਤੇ, ਐਮ.ਆਰ.ਪੀ.ਟੀ.ਯੂ., ਦੇ ਵਾਈਸ-ਚਾਂਸਲਰ ਪ੍ਰੋ. (ਡਾ) ਮੋਹਨ ਪਾਲ ਸਿੰਘ ਈਸ਼ਰ, ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ, ਕੈਂਪਸ ਡਾਇਰੈਕਟਰ ਡਾ. ਗੁਰਸ਼ਰਨ ਸਿੰਘ ਨੇ ਟੀਮ ਅਤੇ ਮਕੈਨਿਕਲ ਇੰਜੀਨੀਅਰਿੰਗ ਸਟਾਫ ਦੀ ਪੂਰੀ ਯੂਨਿਟ ਦੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਸਨਮਾਨ ਪ੍ਰਾਪਤ ਕਰਨ 'ਤੇ ਦਿਲੋਂ ਵਧਾਈ ਦਿਤੀ।

ਅਜੀਤ, ਬਠਿੰਡਾ ਬੁੱਧਵਾਰ, 12 ਦਸੰਬਰ 2018

# ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਈ. ਬੀ. ਆਰ. ਓ. ਸਕੂਲ ਦੇ ਪ੍ਰੋਗਰਾਮ ਵਿਚ ਲਿਆ ਹਿੱਸਾ

ਬਠਿੰਡਾ, 11 ਦਸੰਬਰ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸਿਜ਼ ਐਂਡ ਟੈਕਨਾਲੋਜੀ



ਬਠਿੰਡਾ ਦੇ ਐਮ. ਆਰ. ਐਸ. ਪੀ. ਟੀ. ਯੂ. ਦੇ ਵਿਦਿਆਰਥੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਕਰਵਾਈ ਗਏ ਆਈ. ਬੀ. ਆਰ. ਓ. ਸਕੂਲ ਵਿਚ ਵਿਦੇਸ਼ੀ ਮਾਹਿਰਾਂ ਨਾਲ। ਤਸਵੀਰ ਅਜੀਤ

ਵਿਭਾਗ ਦੇ ਚਾਰ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਕਰਵਾਏ ਗਏ ਕੌਮਾਂਤਰੀ ਪੱਧਰ ਦੇ ਤੀਜੇ ਇੰਟਰਨੈਸ਼ਨਲ ਬ੍ਰੇਨ ਰਿਸਰਚ ਆਰਗੇਨਾਈਜ਼ੇਸ਼ਨ (ਆਈ.ਬੀ.ਆਰ.ਓ.) ਸਕੂਲ ਦੇ ਪ੍ਰੋਗਰਾਮ ਵਿਚ ਹਿੱਸਾ ਲਿਆ। ਨਿਊਰੋ-ਸਾਇੰਸ ਦੀ ਸਿਖਲਾਈ ਅਤੇ ਸਹਿਯੋਗੀ ਖੋਜ ਨੂੰ ਵਿਸ਼ਵ ਭਰ ਵਿਚ ਪ੍ਰਫੁੱਲਿਤ 'ਤੇ ਪਸਾਰ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਵੱਖ-ਵੱਖ ਦੇਸ਼ਾਂ ਦੇ 85 ਭਾਗੀਦਾਰਾਂ ਨੇ ਇਸ ਅੰਤਰਰਾਸ਼ਟਰੀ ਨਿਊਰੋ-ਸਾਇੰਸ ਪ੍ਰੋਗਰਾਮ ਵਿਚ ਆਪਣੇ-ਆਪਣੇ ਖੋਜ ਪੱਤਰ ਪੇਸ਼ ਕੀਤੇ। ਜਿਨ੍ਹਾਂ ਵਿਚ ਮਾਸਟਰਜ਼, ਪੀ.ਐਚ.ਡੀ., ਪੋਸਟ-ਡਾਕਟਰੇਟ ਅਤੇ ਹੋਰ ਨਵੇਂ ਫੈਕਲਟੀ ਮੈਂਬਰ ਵੀ ਸ਼ਾਮਿਲ ਸਨ। ਇਸ ਮੌਕੇ ਕੌਮਾਂਤਰੀ ਬੁਲਾਰਿਆਂ ਵਿਚੋਂ ਜਾਪਾਨ, ਸਿੰਗਾਪੁਰ, ਯੂ.ਐਸ.ਏ. ਅਤੇ ਆਸਟ੍ਰੇਲੀਆ ਦੇ ਮਾਹਿਰ ਸ਼ਾਮਿਲ ਸਨ, ਜਦੋਂਕਿ ਕੌਮੀ ਪੱਧਰ 'ਤੇ ਐਨ. ਆਈ. ਐਮ. ਐਚ. ਏ. ਐਨ. ਐਸ., ਆਰ. ਜੀ. ਸੀ. ਬੀ., ਆਈ. ਆਈ. ਐਸ. ਈ. ਆਰ., ਐਨ. ਬੀ. ਆਰ. ਸੀ., ਸੀ. ਸੀ. ਐਮ. ਬੀ., ਆਈ.ਆਈ.ਟੀ.ਆਰ., ਆਰ.ਯੂ., ਜੀ.ਐਨ.ਡੀ.ਯੂ., ਪੀ.ਜੀ.ਆਈ.ਐਮ.ਈ.ਆਰ., ਐਨ.ਏ.ਬੀ.ਆਈ. ਅਤੇ ਪੀ.ਯੂ. ਦੇ ਮਾਹਿਰਾਂ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਐਮ.ਆਰ.ਐਸ.ਪੀ.ਟੀ.ਯੂ.,ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੂੰ ਇਸ ਅਹਿਮ ਸਕੂਲ ਵਿਚ ਭਾਗ ਲੈਣ ਲਈ ਚੁਣਿਆ ਗਿਆ ਸੀ। ਇਨ੍ਹਾਂ ਵਿਚੋਂ ਤਿੰਨ ਵਿਦਿਆਰਥੀ ਡਾ. ਪੁਨੀਤ ਕੁਮਾਰ ਬਾਂਸਲ ਅਤੇ ਇਕ ਵਿਦਿਆਰਥੀ ਡਾ. ਰਾਹੁਲ ਦੇਸ਼ਮੁਖ ਦੀ ਦੇਖ-ਰੇਖ ਹੇਠ ਖੋਜੀ ਵਿਦਵਾਨ ਦੇ ਰੂਪ ਵਿਚ ਕੰਮ ਕਰ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਖੋਜ ਕਾਰਜਾਂ ਨੂੰ ਪੋਸਟਰਾਂ ਦੇ ਰੂਪ ਵਿਚ ਪੇਸ਼ ਕੀਤਾ, ਜਿਸਦੀ ਆਈ.ਬੀ.ਆਰ.ਓ. ਸਕੂਲ ਫੈਕਲਟੀ ਨੇ ਸ਼ਲਾਘਾ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਵਿਭਾਗ ਦੇ ਮੁਖੀ ਪ੍ਰੋ. ਆਸ਼ੀਸ਼ ਬਾਲਦੀ ਨੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿਚ ਵੀ ਇਸ ਉਤਸ਼ਾਹ ਨੂੰ ਜਾਰੀ ਰੱਖਣ ਲਈ ਵਿਦਿਆਰਥੀਆਂ ਦੀ ਹੌਸਲਾ-ਅਫਜ਼ਾਈ ਕੀਤੀ। ਡਾ. ਪੁਨੀਤ ਬਾਂਸਲ, ਡਾ. ਉੱਤਮ ਕੇ. ਮੰਡਲ, ਡਾ. ਰਾਹੁਲ ਦੇਸ਼ਮੁਖ ਅਤੇ ਡਾ. ਅਮਿਤ ਭਾਟੀਆ ਨੇ ਵੀ ਇਸ ਉਪਲਬਧੀ ਲਈ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

# ਵਿਦਿਆਰਥੀਆਂ ਨੇ ਯੂਨੀਵਰਸਟੀ ਦਾ ਨਾਂ ਕੀਤਾ ਰੌਸ਼ਨ



ਬਠਿੰਡਾ, 11 ਦਸੰਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸਿਜ਼ ਐਂਡ ਟੈਕਨਾਲੋਜੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੇ ਤੀਜੇ ਇੰਟਰਨੈਸ਼ਨਲ ਬਰੇਨ ਰਿਸਰਚ ਔਰਗੇਨਾਈਜ਼ੇਸ਼ਨ (ਆਈ.ਬੀ.ਆਰ.ਓ.) ਸਕੂਲ ਵਿੱਚ ਹਿੱਸਾ ਲੈ ਕੇ ਯੂਨੀਵਰਸਿਟੀ ਦਾ ਨਾਮ ਰੋਸ਼ਨ ਕੀਤਾ ਹੈ।

ਇਸ ਸਕੂਲ ਦਾ ਆਯੋਜਨ ਯੂਨੀਵਰਸਿਟੀ ਇਸਟੀਚਿਊਟ ਆਫ ਫਾਰਮਾਸਿਊਟੀਕਲ ਸਾਇੰਸਿਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਲੋਂ ਦਸੰਬਰ ਦੇ ਪਹਿਲੇ ਹਫਤੇ ਕੀਤਾ ਗਿਆ ਸੀ। ਇਹ ਪ੍ਰੋਗਰਾਮ ਆਈ.ਬੀ.ਆਰ.ਓ. ਅਤੇ ਏਸ਼ੀਆ ਪੈਸੀਫਿਕ ਖੇਤਰੀ ਕਮੇਟੀ ਵਲੋਂ ਸਪੋਂਸਰ ਕੀਤਾ ਗਿਆ ਸੀ। ਆਈ.ਬੀ.ਆਰ.ਓ. ਨਿਊਰੋ-ਸ਼ਾਇੰਸ ਸੰਗਠਨ ਦੀ ਇੱਕ ਯੂਨੀਅਨ ਹੈ, ਜਿਸ ਦਾ ਉਦੇਸ਼ ਵਿਸ਼ਵ ਭਰ ਵਿੱਚ ਨਿਊਰੋ-ਸਾਇੰਸ ਦੀ ਸਿਖਲਾਈ ਅਤੇ ਸਹਿਯੋਗੀ ਖੋਜ ਨੂੰ ਪ੍ਰਫੁਲਤ ਕਰਨਾ ਅਤੇ ਇਸਦੇ ਪਸਾਰ ਲਈ ਸਹਾਇਤਾ ਪ੍ਰਦਾਨ ਕਰਨਾ ਹੈ। ਤੀਜਾ ਅੰਤਰਰਾਸ਼ਟਰੀ ਆਈ.ਬੀ.ਆਰ.ਓ. ਸਕੂਲ ਨਿਊਰੋ-ਸਾਇੰਸ ਦੇ ਖੇਤਰ ਵਿਚ ਵਿਸ਼ੇਸ਼ ਤੌਰ 'ਤੇ ਡਿਪਰੈਸ਼ਨ, ਔਟਿਜ਼ਮ, ਹਟਿੰਗਟਨ ਅਤੇ ਅਲਜ਼ਾਈਮਰ ਬਿਮਾਰੀ ਦੀਆਂ ਬੁਨਿਆਦੀ ਅਤੇ ਖੋਜ ਸੰਕਲਪਾਂ 'ਤੇ ਕੇਂਦਰਿਤ ਸੀ।

दैनिक सवेरा टाइम्स
जालंधर, वीरवार, 2 अगस्त 2018

# यूनिवर्सिटी बिजनैस स्कूल में कांटैम्पोरेरी कोर्सिज पर वर्कशाप

बठिंडा, 1 अगस्त (श्रीवास्तव): महाराजा रणजीत सिंह पंजाब टैकनिकल यूनिवर्सिटी के यूनिवर्सिटी बिजनेस स्कूल (यू.बी.एस.) में नेशनल इंस्टिट्यूट आफ टैकनिकल टीचर्स ट्रेनिंग एंड रिसर्च (एन.आई.टी.टी.आर.) की तरफ से रणनीतिक प्रबंधन और तकनीकी संस्था के स्वोट विश्लेषण पर एक हफ्ते के समकालीन कोर्स आधारित वर्कशाप करवाई गई।

यह वर्कशाप सैद्धांतिक और प्रैक्टिकल ट्रेनिंग का बहुत बढ़िया मिश्रण था। जिसका सभी ने बौद्धिक तौर पर लाभ लिया, जोकि भविष्य में प्रैक्टिकल कामों में सहायक साबित होगा। इस वर्कशाप में अलग-अलग विभागों के 35 से अधिक अध्यापकों ने हिस्सा लिया, जिसका उद्घाटन प्रो. डा. सवीना



महाराजा रणजीत सिंह टैकनिकल यूनिवर्सिटी करवाए गए वर्क शाप सैशन मौके माहिरों के विचार सुनते हुए फेकल्टी मैंबर।

बांसल, डीन, रिसर्च एंड डिवैल्पमैंट, एम.आर.एस.पी.टी.यू., बठिंडा ने किया। डा. एस.के. धमीजा, प्रो. एंड डीन, एन.आई.टी.टी.टी.आर., चंडीगढ़, डा. अमित दास, वी.पी. (एन), मार्केटिंग संचार, विशेष तौर पर इसमें शामिल हुए और स्वोट के विश्लेषण के साथ-साथ तकनीकी संस्था बारे जानकारी दी। चंडीगढ़ के एन.आई.टी.टी.टी.आर. इंजीनियर अमरदेव सिंह ने बौद्धिक संपति अधिकार (आई.पी.आर.) पर सैशन दौरान प्रैक्टिकल ऐपलीकेशनों की मौजूदा दृष्टीकोणों और ई-गवर्नेंस पर प्रकाश डाला।

डायवर्सिटी इस बिजनेस कंस्लटैंट, मोहाली के संस्थापक और कार्यकारी कंस्लटेंट रितेश गुलाटी ने संगठन में बदलाव प्रबंधन पर आधारित सैशन दौरान फेकल्टी सदस्यों को जानकारी दी। यू.बी.एस., प्रमुख, डा. सुमन कथूरिया और कैंपस डायरेक्टर, डा. गुरशरन सिंह ने फेकल्टी सदस्यों के इस ट्रेनिंग प्रोग्राम की उपयोगिता पर प्रकाश डाला। यूनिवर्सिटी के रजिस्ट्रार, डा. जसबीर सिंह हुंदल ने अलग-अलग विभागों को फेकल्टी और स्टाफ के लिए ऐसे और प्रोग्राम करने के लिए प्रेरित किया। यूनिवर्सिटी के वाइस चांसलर डा. मोहन पाल सिंह ईश्वर ने समागम के सफल तालमेल के लिए विभाग को बधाई दी।

4 | ਪੰਜਾਬੀ ਜਾਗਰਣ ਜਲੰਧਰ 12 ਦਸੰਬਰ 2018

# ਵਿਦਿਆਰਥੀਆਂ ਨੇ ਆਈਬੀਆਰਓ 'ਚ ਲਿਆ ਹਿੱਸਾ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸਿਜ ਐਂਡ ਟੈਕਨਾਲੋਜੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੇ ਤੀਜੇ ਇੰਟਰਨੈਸ਼ਨਲ ਬਰੇਨ ਰਿਸਰਚ ਆਰਗੇਨਾਈਜ਼ੇਸ਼ਨ (ਆਈਬੀਆਰਓ) ਸਕੂਲ ਵਿੱਚ ਹਿੱਸਾ ਲੈ ਕੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਕੂਲ ਦਾ ਆਯੋਜਨ ਯੂਨੀਵਰਸਿਟੀ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਸਾਇੰਸਿਜ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦਸੰਬਰ ਦੇ ਪਹਿਲੇ ਹਫਤੇ ਕੀਤਾ ਗਿਆ ਸੀ।

ਇਹ ਪ੍ਰੋਗਰਾਮ ਆਈਬੀਆਰਓ ਤੇ ਏਸ਼ੀਆ ਪੈਸੀਫਿਕ ਖੇਤਰੀ ਕਮੇਟੀ ਵੱਲੋਂ ਸਪੋਂਸਰ ਕੀਤਾ ਗਿਆ ਸੀ। ਆਈਬੀਆਰਓ ਨਿਊਰੋ-ਸਾਇੰਸ ਸੰਗਠਨ ਦੀ ਇੱਕ ਯੂਨੀਅਨ ਹੈ, ਜਿਸ ਦਾ ਉਦੇਸ਼ ਵਿਸ਼ਵ ਭਰ 'ਚ ਨਿਊਰੋ-ਸਾਇੰਸ ਦੀ ਸਿਖਲਾਈ ਤੇ ਸਹਿਯੋਗੀ ਖੋਜ ਨੂੰ ਪ੍ਰਫੁਲਤ ਕਰਨਾ ਤੇ ਇਸਦੇ ਪਸਾਰ ਲਈ ਸਹਾਇਤਾ ਪ੍ਰਦਾਨ ਕਰਨਾ ਹੈ। ਤੀਜਾ ਅੰਤਰਰਾਸ਼ਟਰੀ ਆਈਬੀਆਰਓ ਸਕੂਲ ਨਿਊਰੋ-ਸਾਇੰਸ ਦੇ ਖੇਤਰ ਵਿਚ



ਚੰਡੀਗੜ੍ਹ ਵਿਖੇ ਆਈਬੀਆਰਓ ਸਕੂਲ 'ਚ ਵਿਦੇਸ਼ੀ ਮਾਹਿਰਾਂ ਨਾਲ ਵਿਦਿਆਰਥੀ।

ਵਿਸ਼ੇਸ਼ ਤੌਰ 'ਤੇ ਡਿਪਰੈਸ਼ਨ,ਔਟਿਜਮ, ਹਟਿੰਗਟਨ ਤੇ ਅਲਜ਼ਾਈਮਰ ਬਿਮਾਰੀ ਦੀਆਂ ਬੁਨਿਆਦੀ ਤੇ ਖੋਜ ਸੰਕਲਪਾਂ 'ਤੇ ਕੇਂਦਰਿਤ ਸੀ। ਵੱਖ-ਵੱਖ ਦੇਸ਼ਾਂ ਦੇ 85 ਭਾਗੀਦਾਰਾਂ ਨੇ ਇਸ ਇੰਟਰਨੈਸ਼ਨਲ ਨਿਊਰੋ-ਸਾਇੰਸ ਪ੍ਰੋਗਰਾਮ ਵਿੱਚ ਆਪਣੇ-ਆਪਣੇ ਖੋਜ ਪੱਤਰ ਪੇਸ਼ ਕੀਤਾ, ਜਿਨ੍ਹਾਂ ਵਿਚ ਮਾਸਟਰਜ, ਪੀਐਚਡੀ,ਪੋਸਟ-ਡਾਕਟਰੇਟ ਅਤੇ ਹੋਰ ਨਵੇਂ ਫੈਕਲਟੀ ਮੈਂਬਰ ਵੀ ਸ਼ਾਮਿਲ ਸਨ।

ਅੰਤਰਰਾਸਟਰੀ ਬੁਲਾਰਿਆਂ ਵਿਚੋਂ ਜਾਪਾਨ, ਸਿੰਗਾਪੁਰ, ਯੂਐਸਏ ਅਤੇ ਆਸਟ੍ਰੇਲੀਆ ਦੇ ਮਾਹਿਰ ਸ਼ਾਮਿਲ ਸਨ, ਜਦੋਂਕਿ ਰਾਸ਼ਟਰੀ ਬੁਲਾਰਿਆਂ ਵਿੱਚ ਪ੍ਰਮੁੱਖ ਸੰਸਥਾਵਾਂ, ਜਿਨਾਂ ਵਿਚ ਐਨਆਈਐਮਐਚਏਐਨਐਸ., ਆਰਜੀਸੀਬੀ., ਆਈਆਈਐਸਈਆਰ., ਐਨਬੀਆਰਸੀ., ਸੀਸੀਐਮਬੀ., ਆਈਆਈਟੀਆਰ., ਆਰਯੂ., ਜੀਐਨਡੀਯੂ,ਪੀਜੀਆਈਐਮਈਆਰ, ਐਨਏਬੀਆਈ ਅਤੇ ਪੀਯੂ ਦੇ ਮਾਹਿਰ ਸ਼ਾਮਿਲ ਸਨ। ਨਵੀਂ ਪੀੜ੍ਹੀ ਦੇ ਨੌਜਵਾਨ ਨਿਊਰੋ-ਸਾਈਂਟਿਸਟਾਂ ਨੂੰ ਆਪਣੇ ਗਿਆਨ ਨਾਲ ਜਾਗਰੁਕ ਕੀਤਾ। ਐਮਆਰਐਸਪੀਟੀਯੂ ਬਠਿੰਡਾ ਦੇ ਫਾਰਮਾਸਿਊਟਿਕਲ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੂੰ ਇਸ ਅਹਿਮ ਸਕੂਲ ਵਿਚ ਭਾਗ ਲੈਣ ਲਈ ਚੁਣਿਆ ਗਿਆ ਸੀ। ਇਨ੍ਹਾਂ ਵਿਚੋਂ ਤਿੰਨ ਵਿਦਿਆਰਥੀ ਡਾ. ਪੁਨੀਤ ਕੁਮਾਰ ਬਾਂਸਲ ਅਤੇ ਇੱਕ ਵਿਦਿਆਰਥੀ ਡਾ. ਰਾਹੁਲ ਦੇਸਮੁੱਖ ਦੀ ਦੇਖ-ਰੇਖ ਹੇਠ ਖੋਜੀ ਵਿਦਵਾਨ ਦੇ ਰੂਪ ਵਿਚ ਕੰਮ ਕਰ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਖੋਜ ਕਾਰਜਾਂ ਨੂੰ ਪੋਸਟਰਾਂ ਦੇ ਰੂਪ ਵਿੱਚ ਪੇਸ਼ ਕੀਤਾ, ਜਿਸਦੀ ਆਈਬੀਆਰਓ ਸਕੂਲ ਫੈਕਲਟੀ ਨੇ ਖੂਬ ਸ਼ਲਾਘਾ ਕੀਤੀ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸਰ ਅਤੇ ਵਿਭਾਗ ਦੇ ਮੁਖੀ ਪ੍ਰੋ. ਆਸੀਸ ਬਾਲਦੀ ਨੇ ਵਿਦਿਆਰਥੀਆਂ ਨੂੰ ਇਸ ਸਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਭਵਿੱਖ ਵਿਚ ਵੀ ਇਸ ਉਤਸਾਹ ਨੂੰ ਜਾਰੀ ਰੱਖਣ ਲਈ ਵਿਦਿਆਰਥੀਆਂ ਦੀ ਹੌਸਲਾ-ਅਫਜ਼ਾਈ ਕੀਤੀ।

ਡਾ. ਪੁਨੀਤ ਬਾਂਸਲ, ਡਾ. ਉੱਤਮ ਕੇ. ਮੰਡਲ, ਡਾ. ਰਾਹੁਲ ਦੇਸਮੁਖ ਅਤੇ ਡਾ. ਅਮਿਤ ਭਾਟੀਆ ਨੇ ਵੀ ਇਸ ਉਪਲਬਧੀ ਲਈ ਵਿਦਿਆਰਥੀਆਂ ਦੀ ਸਲਾਘਾ ਕੀਤੀ।

The Tribune
BATHINDA | FRIDAY | 22 FEBRUARY 2019

# PEDA: Comply with energy conservation building code

TRIBUNE NEWS SERVICE

BATHINDA, FEBRUARY 21

Executive members of Punjab Energy Development Agency (PEDA) in association with Design2Occupancy conducted a district-level workshop-cum-exhibition in Giani Zail Singh School of Architecture, Maharaja Ranjit Singh Punjab Technical University, Bathinda, to demonstrate energy efficient building materials.

Makhan Lal, senior manager, PEDA, Bathinda, said, "It is now mandatory to comply with Punjab Energy Conservation Building Code (ECBC) for upcoming buildings having connected load 100 kW or more."

He gave a descriptive account of the various solar and energy conservation schemes and initiatives taken up by PEDA in generation of power using solar technologies.

Ripudaman Singh, head of architecture department, was the guest of honour at the event who said, "Due to extensive use of energy, global warming is increasing day-by-day. Every domestic and small scale buildings should also come under the scope of Punjab ECBC as these constitute major portion of energy consuming buildings."

The participants deliberated on new technologies and materials available in the market by the industry experts. Energy Efficient building materials like AAC blocks, hollow blocks, insulation, double-glazed glass, SRI tiles, etc were displayed.

ਰੋਜ਼ਾਨਾ ਸਪੋਕਸਮੈਨ ਬੁਧਵਾਰ, 27 ਫ਼ਰਵਰੀ 2019

# ਸਿਖਿਆ ਪ੍ਰਣਾਲੀ ਦੇ ਬਦਲਦੇ ਹਾਲਾਤ ਬਾਰੇ ਸੈਮੀਨਾਰ ਦਾ ਆਯੋਜਨ



ਬਠਿੰਡਾ, 26 ਫ਼ਰਵਰੀ (ਸੁਖਜਿੰਦਰ ਮਾਨ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਕਾਂਸਟੀਚਿਊਟ ਕਾਲਜ ਪੰਜਾਬ ਇਸਟੀਚਿਊਟ ਆਫ਼ ਟੈਕਨਾਲੋਜੀ(ਪੀ.ਆਈ.ਟੀ.), ਨੰਦਗੜ੍ਹ ਵਿਖੇ "ਪੰਜਾਬ ਵਿੱਚ ਸਿਖਿਆ ਪ੍ਰਣਾਲੀ ਦੇ ਬਦਲਦੇ ਹਾਲਾਤਾਂ" ਬਾਰੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਨੇ ਉੱਚ ਸਿੱਖਿਆ ਲਈ ਵਿਦੇਸ਼ ਜਾਣ ਤੋਂ ਵਿਦਿਆਰਥੀਆਂ ਦੇ ਰੁਝਾਨ ਨੂੰ ਰੋਕਣ ਲਈ ਵਿਦਿਅਕ ਸੰਸਥਾਵਾਂ ਵਿਚ ਅਕਾਦਮਿਕ ਉੱਤਮਤਾ ਪੁਨਰ ਸੁਰਜੀਤ ਕਰਨ ਦੀ ਲੋੜ ਤੇ ਜ਼ੋਰ ਦਿਤਾ। ਦੇਸ਼ ਵਿੱਚ ਬ੍ਰੇਨ-ਡ੍ਰੇਨ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੇ ਦੇਸ਼ ਵਿਚ ਪ੍ਰਤਿਭਾ ਨੂੰ ਬਣਾਈ ਰੱਖਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਨੌਜਵਾਨਾਂ ਲਈ ਸਵੈ-ਰੁਜ਼ਗਾਰ ਦੇ ਮੌਕਿਆਂ ਦੀ ਸਿਰਜਣਾ ਅਤੇ ਸਿੱਖਿਆ ਦੇ ਨਾਲ-ਨਾਲ ' ਕੰਮ ਕਰ ਕੇ ਸਿੱਖਣ' ਦੀ ਰਵਾਇਤ ਸ਼ੁਰੂ ਕਰਨ ਦਾ ਸੁਝਾਅ ਦਿਤਾ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਯੁਵਕਾਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕੈਰੀਅਰ ਕੌਂਸਲਿੰਗ ਅਤੇ ਕੁਸ਼ਲਤਾ ਟੈਸਟ ਦੀ ਮਹਤੱਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਰੁਜ਼ਗਾਰ ਦੀ ਭਾਲ ਅਤੇ ਸੁਚੱਜੀ ਜ਼ਿੰਦਗੀ ਲਈ ਵੱਡੀ ਗਿਣਤੀ ਵਿਚ ਹਰ ਸਾਲ ਵਿਦੇਸ਼ਾਂ ਵਿਚ ਜਾ ਰਹੇ ਹਨ ਅਤੇ ਇਸ ਰੁਝਾਨ ਨੂੰ ਰੋਕਣਾ ਸਮੇਂ ਦੀ ਲੋੜ ਹੈ। ਪੀ.ਆਈ.ਟੀ ਡਾਇਰੈਕਟਰ, ਡਾ. ਬਲਵਿੰਦਰ ਸਿੰਘ ਸਿੱਧੂ ਨੇ ਰੁਜ਼ਗਾਰ ਵਧਾਉਣ ਲਈ ਹੁਨਰ-ਅਧਾਰਤ ਕੋਰਸਾਂ ਅਤੇ ਟਰੇਨਿੰਗ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿਤਾ।

ਮਾਹਿਰਾਂ ਨੇ ਸਵੀਕਾਰ ਕੀਤਾ ਕਿ ਨੌਕਰੀਆਂ ਦੇ ਮੌਕੇ ਬਹੁਤ ਘੱਟ ਹਨ । ਉਹਨਾਂ ਦੇਸ਼ ਵਿਚ ਰੁਜ਼ਗਾਰ ਪੈਦਾ ਕੀਤੇ ਜਾਣ ਅਤੇ ਸਬੰਧੀ ਵੱਖ-ਵੱਖ ਸੁਝਾਅ ਪੇਸ਼ ਕੀਤੇ। ਦੇਸ਼ ਵਿਚ ਪ੍ਰਤਿਭਾ ਨੂੰ ਕਾਇਮ ਰੱਖਣ ਲਈ ਯੂਨੀਵਰਸਿਟੀ ਅਤੇ ਕਾਲਜਾਂ ਦੀਆਂ ਫੀਸਾਂ ਨੂੰ ਤਰਕਸੰਗਤ ਬਨਾਉਣ ਅਤੇ ਉਚੇਰੀ ਸਿਖਿਆ ਨੂੰ ਆਮ ਆਦਮੀ ਦੀ ਪਹੁੰਚ ਵਿਚ ਲਿਆਉਣ ਤੇ ਜ਼ੋਰ ਦਿਤਾ ਹੈ। ਉਹਨਾਂ ਲੋੜਵੰਦਾ ਅਤੇ ਹੋਣਹਾਰ ਵਿਦਿਆਰਥੀਆਂ ਲਈ ਸਕਾਲਰਸ਼ਿਪ ਅਤੇ ਹੋਰ ਪ੍ਰੇਰਨਾ ਦਾਇਕ ਕਦਮ ਚੁੱਕਣ ਲਈ ਅਪੀਲ ਕੀਤੀ।

ਰੋਜ਼ਾਨਾ ਸਪੋਕਸਮੈਨ | ਸ਼ੁਕਰਵਾਰ, 22 ਫ਼ਰਵਰੀ 2019

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ 'ਪੇਡਾ' ਵਲੋਂ ਕਾਰਜਸ਼ਾਲਾ ਅਤੇ ਪ੍ਰਦਰਸ਼ਨੀ ਲਾਈ ਗਈ

**ਬਠਿੰਡਾ, 21 ਫ਼ਰਵਰੀ (ਸੁਖਜਿੰਦਰ ਮਾਨ):** ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵਲੋਂ ਡਿਜ਼ਾਈਨ 2 ਓਕੂਪੇਂਸੀ ਦੇ ਸਹਿਯੋਗ ਨਾਲ ਗਿਆਨੀ ਜ਼ੈਲ ਸਿੰਘ ਸਕੂਲ ਆਫ ਆਰਕੀਟੈਕਚਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਇਕ ਜ਼ਿਲ੍ਹਾ ਪੱਧਰੀ ਵਰਕਸ਼ਾਪ 'ਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ 'ਤੇ ਬੋਲਦਿਆਂ ਪੇਡਾ ਦੇ ਸੀਨੀਅਰ ਮੈਨੇਜਰ ਮੱਖਣ ਲਾਲ ਨੇ ਦੱਸਿਆ ਕਿ ਹੁਣ ਆਉਣ ਵਾਲੇ ਸਮੇਂ ਵਿਚ ਇਮਾਰਤਾਂ ਲਈ ਪੰਜਾਬ ਊਰਜਾ ਬਚਾਉ ਬਿਲਡਿੰਗ ਕੋਡ (ਈ.ਸੀ.ਬੀ.ਸੀ) ਦੀ ਪਾਲਣਾ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਪੇਡਾ ਵੱਲੋਂ ਸੂਰਜੀ ਊਰਜਾ ਦੀ ਵਰਤੋਂ ਅਤੇ ਊਰਜਾ ਬਚਾਉਣ ਸਬੰਧੀ ਸੁਰੂ ਕੀਤੀਆ ਸਕੀਮਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

ਆਰਕੀਟੈਕਚਰ ਵਿਭਾਗ ਦੇ ਮੁਖੀ ਰਿਪੁਦਮਨ ਸਿੰਘ ਨੇ ਕਿਹਾ ਕਿ ਊਰਜਾ ਦੀ ਵਿਆਪਕ ਵਰਤੋਂ ਕਰਕੇ ਗਲੋਬਲ ਵਾਰਮਿੰਗ ਦਿਨੋਂ-ਦਿਨ ਵੱਧ ਰਹੀ ਹੈ ਉਨ੍ਹਾਂ ਸੁਝਾਅ ਦਿੱਤਾ ਕਿ ਘਰੇਲੂ ਅਤੇ ਛੋਟੀਆਂ ਇਮਾਰਤਾਂ ਨੂੰ ਵੀ ਪੰਜਾਬ ਈ.ਸੀ.ਬੀ.ਸੀ ਦੇ ਘੇਰੇ ਹੇਠ ਲਿਆਉਣਾ ਚਾਹੀਦਾ ਹੈ, ਕਿਉਂਕਿ ਇਹ ਊਰਜਾ ਖਪਤ ਵਾਲੀਆਂ ਇਮਾਰਤਾਂ ਦਾ ਵੱਡਾ ਹਿੱਸਾ ਹੈ।



ਪੰਜਾਬੀ ਜਾਗਰਣ ਜਲੰਧਰ 22 ਫਰਵਰੀ 2019

# ਸੂਰਜੀ ਊਰਜਾ ਸਬੰਧੀ ਲਗਾਈ ਵਰਕਸ਼ਾਪ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਡਿਜ਼ਾਈਨ 2 ਓਕੂਪੈਂਸੀ ਦੇ ਸਹਿਯੋਗ ਨਾਲ ਗਿਆਨੀ ਜ਼ੈਲ ਸਿੰਘ ਸਕੂਲ ਆਫ ਆਰਕੀਟੈਕਚਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਇਕ ਜ਼ਿਲ੍ਹਾ ਪੱਧਰੀ ਵਰਕਸ਼ਾਪ 'ਤੇ ਪ੍ਰਦਰਸ਼ਨੀ ਲਾਈ ਗਈ।

ਇਸ ਮੌਕੇ 'ਤੇ ਬੋਲਦਿਆਂ ਪੇਡਾ ਦੇ ਸੀਨੀਅਰ ਮੈਨੇਜਰ ਮੱਖਣ ਲਾਲ ਨੇ ਦੱਸਿਆ ਕਿ ਹੁਣ ਆਉਣ ਵਾਲੇ ਸਮੇਂ ਵਿਚ ਇਮਾਰਤਾਂ ਲਈ ਪੰਜਾਬ ਊਰਜਾ ਬਚਾਉ ਬਿਲਡਿੰਗ ਕੋਡ (ਈਸੀਬੀਸੀ) ਦੀ ਪਾਲਣਾ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਪੇਡਾ ਵੱਲੋਂ ਸੂਰਜੀ ਊਰਜਾ ਦੀ ਵਰਤੋਂ ਅਤੇ ਊਰਜਾ ਬਚਾਉਣ ਸਬੰਧੀ ਸ਼ੁਰੂ ਕੀਤੀਆ ਸਕੀਮਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਰਿਪੁਦਮਨ ਸਿੰਘ ਆਰਕੀਟੈਕਚਰ ਵਿਭਾਗ ਦੇ ਮੁਖੀ ਇਸ ਪ੍ਰੋਗਰਾਮ ਦੇ ਗੈਸਟ ਆਫ਼ ਆਨਰ ਸਨ। ਉਨ੍ਹਾਂ ਕਿਹਾ ਕਿ ਊਰਜਾ ਦੀ ਵਿਆਪਕ ਵਰਤੋਂ ਕਰਕੇ ਗਲੋਬਲ ਵਾਰਮਿੰਗ ਦਿਨੋਂ-ਦਿਨ ਵੱਧ ਰਹੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਘਰੇਲੂ ਅਤੇ ਛੋਟੀਆਂ ਇਮਾਰਤਾਂ ਨੂੰ ਵੀ ਪੰਜਾਬ ਈਸੀਬੀਸੀ ਦੇ ਘੇਰੇ ਹੇਠ ਲਿਆਉਣਾ ਚਾਹੀਦਾ ਹੈ, ਕਿਉਂਕਿ ਇਹ ਊਰਜਾ ਖਪਤ ਵਾਲੀਆਂ ਇਮਾਰਤਾਂ ਦਾ ਵੱਡਾ ਹਿੱਸਾ ਹੈ। ਇਸ ਮੌਕੇ ਉਦਯੋਗ ਦੇ ਮਾਹਿਰਾਂ ਵੱਲੋਂ ਮਾਰਕੀਟ ਵਿੱਚ ਉਪਲਬਧ ਨਵੀਂ ਤਕਨਾਲੋਜੀ ਤੇ ਬਿਲਡਿੰਗ ਸਮੱਗਰੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਊਰਜਾ ਬਚਾਓ ਇਮਾਰਤ ਸਮੱਗਰੀ ਜਿਵੇਂ ਕਿ ਏਏਸੀ ਬਲਾਕ, ਖੋਖਲੇ ਬਲਾਕ, ਇੰਸੂਲੇਸ਼ਨ, ਦੂਹਰੇ ਗਲੇਜ਼ਡ ਗਲਾਸ, ਐਸਆਰਆਈ ਟਾਇਲਸ, ਸੋਲਰ ਪੀਵੀ ਅਤੇ ਮੋਟਰਜ਼ ਆਦਿ ਦਾ ਪ੍ਰਦਰਸ਼ਨ ਕੀਤਾ ਗਿਆ।



ਪੇਡਾ ਵੱਲੋਂ ਲਾਈ ਪ੍ਰਦਰਸ਼ਨੀ 'ਚ ਜਾਣਕਾਰੀ ਲੈਂਦੇ ਹੋਏ।

4 दैनिक जागरण लुधियाना/बठिंडा, 28 फरवरी 2019

सार संक्षेप



महाराजा रणजीत सिंह टेक्निकल यूनिवर्सिटी में करवाए कार्यक्रम के दौरान मौजूद प्रबंधक।

## शिक्षा प्रणाली के बदलते स्वरूप पर की चर्चा

संस, बठिंडा : महाराजा रणजीत सिंह पंजाब टेक्निकल यूनिवर्सिटी के कांस्टीट्यूट कॉलेज पंजाब इंस्टीट्यूट ऑफ टेक्नोलॉजी नंदगढ़ में शिक्षा प्रणाली के बदलते हालातों पर सेमिनार का आयोजन किया गया। इस दौरान कॉलेज, सरकारी व प्राइवेट स्कूलों के आए हुए शिक्षा के माहिरों ने पंजाब में शिक्षा प्रणाली के बदलते हुए हालातों, सरकारी व प्राइवेट शिक्षा संस्थाओं में शिक्षा की गुणवत्ता, विद्यार्थियों का उच्च शिक्षा में रुझान, कौशलमुखी कोर्स पर चर्चा की गई। यूनिवर्सिटी के वाइस चांसलर प्रो. मोहन पाल सिंह इशर विद्यार्थियों को स्व-रोजगार पैदा करने के बारे में जानकारी दी।

दैनिक भास्कर बठिंडा, बुधवार 27 फरवरी, 2019 | 03

## महाराजा रंजीत सिंह पंजाब टेक्निकल यूनिवर्सिटी में पंजाब की शिक्षा प्रणाली के बदलते हालातों पर सेमिनार करवाया



होनहार विद्यार्थियों को सम्मानित करते वीसी डॉ. एमपीएस ईसर।

बठिंडा| महाराजा रंजीत सिंह पंजाब टेक्निकल यूनिवर्सिटी के कंस्टीट्यूट कॉलेज पंजाब इंस्टीट्यूट ऑफ टेक्नोलॉजी नंदगढ़ में पंजाब में शिक्षा प्रणाली के बदलते हालातों के बारे में मंगलवार को सेमिनार कराया गया। जिसमें नौजवानों में विदेश जाने के रुझान पर ज्यादा फोकस रहा। सवीसी प्रो. मोहनपाल सिंह ईसर ने पीटीआई नंदगढ़ का कैलेंडर जारी किया गया। रजिस्ट्रार डॉ. जसबीर सिंह हुंदल ने कहा कि पंजाब के नौजवान रोजगार की तलाश और बेहतर जिंदगी के लिए बड़ी संख्या में हर साल विदेशों में जा रहे हैं और इस रुझान को रोकना बहुत जरूरी है। पीटीआई डायरेक्टर डॉ. बलविंदर सिंह सिधू ने रोजगार बढ़ाने के लिए हुनर आधारित कोर्स व ट्रेनिंग को प्रोत्साहित करने पर जोर दिया। पंजाबी यूनिवर्सिटी कॉलेज घुद्दा के वाइस प्रिंसिपल डॉ. जसपाल सिंह बराड़ ने सेमिनार के विषय पर चर्चा की। इस अवसर पर संगत मंडी तहसीलदार विनय बांसल, एमएसआरएसपीटीयू के डायरेक्टर, पब्लिक रिलेशंस हरजिंदर सिधू, पीआईटी फैकल्टी, स्कूल-कॉलेजों के प्रिंसिपल भी मौजूद रहे।

ਅਜੀਤ, ਬਠਿੰਡਾ ਬੁੱਧਵਾਰ, 16 ਜਨਵਰੀ 2019

# ਸਟਾਰਟ-ਅੱਪ ਭਾਰਤ ਪੰਜਾਬ ਯਾਤਰਾ ਵੈਨ 18 ਨੂੰ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਵਿਖੇ ਪੁੱਜੇਗੀ

ਬਠਿੰਡਾ, 15 ਜਨਵਰੀ (ਕੰਵਲਜੀਤ ਸਿੰਘ ਸਿੱਧੂ)-ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਉਦਯੋਗਿਕ ਨੀਤੀ ਅਤੇ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਅਰੰਭੀ 'ਸਟਾਰਟ-ਅੱਪ ਇੰਡੀਆ ਪੰਜਾਬ ਯਾਤਰ" ਜੋ ਕਿ 'ਸਟਾਰਟ-ਅੱਪ ਇੰਡੀਆ ਯੋਜਨਾਂ ਵਲੋਂ ਕੀਤੀਆ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰੇਗੀ। ਦੀ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ.ਜੈਡ.ਐੱਸ.ਸੀ.ਸੀ. ਈ.ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਵਿਖੇ ਪਹੁੰਚੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਵਰਸਿਟੀ ਦੇ ਬੁਲਾਰੇ ਨੇ ਦੱਸਿਆ ਕਿ ਇਹ ਯਾਤਰਾ 16 ਜਨਵਰੀ ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਵੇਗੀ ਤੇ 18 ਜਨਵਰੀ ਨੂੰ ਦੁਪਹਿਰ ਵੇਲੇ (12:30 ਵਜੇ) ਗਿਆਨੀ ਜ਼ੈਲ ਸਿੰਘ ਕਾਲਜ ਕੈਂਪਸ, ਬਠਿੰਡਾ ਵਿਖੇ ਪਹੁੰਚੇਗੀ। ਇਹ ਯਾਤਰਾ ਨਾ ਸਿਰਫ਼ ਨਵੇਂ ਸ਼ੁਰੂਆਤੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਨਾ ਦੇਵੇਗੀ, ਸਗੋਂ ਉੱਭਰਦੇ ਉਦਮੀਆਂ ਨੂੰ ਸਹਾਰਾ ਦੇਣ ਲਈ ਇੱਕ ਪਲੇਟ ਫਾਰਮ ਵੀ ਪ੍ਰਦਾਨ ਕਰੇਗੀ ਤਾਂ ਜੋ ਉਹ ਆਪਣੇ ਸ਼ੁਰੂਆਤੀ ਸੁਪਨਿਆਂ ਨੂੰ ਸਮਝ ਸਕਣ ਤੇ ਇਸ ਸਕੀਮ ਦੀ ਸਹਾਇਤਾ ਨਾਲ ਆਪਣੇ ਸੁਪਨਿਆਂ ਨੂੰ ਅਮਲੀ ਜਾਮਾ ਪਹਿਨਾ ਸਕਣ। ਬੁਲਾਰੇ ਨੇ ਅੱਗੇ ਦੱਸਿਆ ਕਿ ਇਹ ਵੈਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਯਾਤਰਾ ਕਰੇਗੀ, ਉਭਰਦੇ ਉਦਮੀਆਂ ਨੂੰ ਰਜਿਸਟਰ ਕਰੇਗੀ।

ਰੋਜ਼ਾਨਾ ਸਪੋਕਸਮੈਨ ਬੁਧਵਾਰ, 16 ਜਨਵਰੀ 2019

# ਸਟਾਰਟ-ਅੱਪ ਭਾਰਤ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕਾਲਜ ਵਿਖੇ



**ਬਠਿੰਡਾ, 15 ਜਨਵਰੀ (ਸੁਖਜਿੰਦਰ ਮਾਨ)** : ਸਟਾਰਟ-ਅੱਪ ਭਾਰਤ ਪੰਜਾਬ ਯਾਤਰਾ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ.ਜੈਡ.ਐੱਸ.ਸੀ.ਸੀ.ਈ.ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਵਿਖੇ ਪਹੁੰਚੇਗੀ। ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਉਦਯੋਗਿਕ ਨੀਤੀ ਅਤੇ ਪ੍ਰੋਮੋਸ਼ਨ ਵਿਭਾਗ ਦੇ ਸਹਿਯੋਗ ਨਾਲ ਰਾਜ ਭਰ ਵਿੱਚ ਸਟਾਰਟ-ਅੱਪ ਇੰਡੀਆ ਪੰਜਾਬ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਕਿ ਸਟਾਰਟ-ਅੱਪ ਇੰਡੀਆ ਸਕੀਮ ਦੁਆਰਾ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰੇਗੀ। ਇਹ ਯਾਤਰਾ 16 ਜਨਵਰੀ ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਵੇਗੀ ਅਤੇ 18 ਜਨਵਰੀ ਨੂੰ ਦੁਪਹਿਰ ਵੇਲੇ ਗਿਆਨੀ ਜ਼ੈਲ ਸਿੰਘ ਕਾਲਜ ਕੈਂਪਸ ਬਠਿੰਡਾ ਵਿਖੇ ਪਹੁੰਚੇਗੀ। ਇਹ ਯਾਤਰਾ ਨਾ ਸਿਰਫ ਨਵੇਂ ਸ਼ੁਰੂਆਤੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਨਾ ਦੇਵੇਗੀ, ਸਗੋਂ ਉੱਭਰਦੇ ਉਦਮੀਆਂ ਨੂੰ ਸਹਾਰਾ ਦੇਣ ਲਈ ਇੱਕ ਪਲੇਟਫਾਰਮ ਵੀ ਪ੍ਰਦਾਨ ਕਰੇਗੀ।

ਰੋਜ਼ਾਨਾ ਸਪੋਕਸਮੈਨ ਬੁਧਵਾਰ, 16 ਜਨਵਰੀ 2019

# ਸਟਾਰਟ-ਅੱਪ ਭਾਰਤ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕਾਲਜ ਵਿਖੇ



**ਬਠਿੰਡਾ, 15 ਜਨਵਰੀ (ਸੁਖਜਿੰਦਰ ਮਾਨ)** : ਸਟਾਰਟ-ਅੱਪ ਭਾਰਤ ਪੰਜਾਬ ਯਾਤਰਾ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ.ਜ਼ੈਡ.ਐੱਸ.ਸੀ.ਸੀ.ਈ.ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਵਿਖੇ ਪਹੁੰਚੇਗੀ। ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਉਦਯੋਗਿਕ ਨੀਤੀ ਅਤੇ ਪ੍ਰੋਮੋਸ਼ਨ ਵਿਭਾਗ ਦੇ ਸਹਿਯੋਗ ਨਾਲ ਰਾਜ ਭਰ ਵਿੱਚ ਸਟਾਰਟ-ਅੱਪ ਇੰਡੀਆ ਪੰਜਾਬ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਕਿ ਸਟਾਰਟ-ਅੱਪ ਇੰਡੀਆ ਸਕੀਮ ਦੁਆਰਾ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰੇਗੀ। ਇਹ ਯਾਤਰਾ 16 ਜਨਵਰੀ ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਵੇਗੀ ਅਤੇ 18 ਜਨਵਰੀ ਨੂੰ ਦੁਪਹਿਰ ਵੇਲੇ ਗਿਆਨੀ ਜ਼ੈਲ ਸਿੰਘ ਕਾਲਜ ਕੈਂਪਸ ਬਠਿੰਡਾ ਵਿਖੇ ਪਹੁੰਚੇਗੀ। ਇਹ ਯਾਤਰਾ ਨਾ ਸਿਰਫ ਨਵੇਂ ਸ਼ੁਰੂਆਤੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਨਾ ਦੇਵੇਗੀ, ਸਗੋਂ ਉੱਭਰਦੇ ਉਦਮੀਆਂ ਨੂੰ ਸਹਾਰਾ ਦੇਣ ਲਈ ਇੱਕ ਪਲੇਟਫਾਰਮ ਵੀ ਪ੍ਰਦਾਨ ਕਰੇਗੀ।

दैनिक भास्कर बठिंडा, बुधवार 16 जनवरी, 2019 | 03

# स्टार्ट अप भारत पंजाब यात्रा वैन 18 को ज्ञानी जैल सिंह कॉलेज में

भास्कर संवाददाता | बठिंडा

स्टार्ट टप भारत पंजाब यात्रा वैन 18 जनवरी को ज्ञानी जैल सिंह कैंपस कॉलेज ऑफ इंजीनियरिंग एंड टेक्नोलॉजी महाराजा रंजीत सिंह पंजाब टेक्निकल यूनिवर्सिटी में पहुंचेगी। राज्य सरकार की ओर से भारत सरकार की औद्योगिक नीति व प्रोमोशन विभाग के सहयोग से प्रदेश में स्टार्ट अप इंडिया पंजाब यात्रा का आयोजन किया जा रहा है जोकि स्टार्ट अप इंडिया स्कीम द्वारा की गई उपलब्धियों का प्रदर्शन करेगी।

यूनिवर्सिटी प्रवक्ता ने बताया कि यह यात्रा 16 जनवरी को चंडीगढ़ से शुरू होगी तथा 18 जनवरी को दोपहर 12.30 बजे ज्ञानी जैल सिंह कॉलेज कैंपस में पहुंचेगी। यह यात्रा न सिर्फ नए शुरुआती विचारों को उत्साहित करने के लिए नौजवानों को प्रेरणा देगी बल्कि उभरते उद्यमियों को सहारा देने के लिए एक प्लेटफार्म भी प्रदान करेगी। वक्ता ने बताया कि यह वैन पंजाब के विभिन्न शहरों में यात्रा करेगी जिसका मकसद स्टार्ट अप भारत के बारे में जागरूकता पैदा करना, पंजाब सरकार की नीतियों व स्कीमों के बारे में जानकारी देना तथा बूट कैंपों में रुचि रखने वाले विद्यार्थियों के अलावा उभरते उद्यमियों को रजिस्टर करना रहेगा। उन्होंने नौजवानों को इस मुहिम में बढ़-चढ़कर भाग लेने का आह्वान किया।

ਅਜੀਤ
ਮੰਗਲਵਾਰ, 19 ਜਨਵਰੀ, 2021

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ ਵੈਬੀਨਾਰ

ਬਠਿੰਡਾ, 18 ਜਨਵਰੀ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ. ਆਰ. ਐਸ. ਪੀ. ਟੀ. ਯੂ.), ਬਠਿੰਡਾ ਵਿਖੇ 'ਮਾਨਤਾ ਤਹਿਤ ਗੁਣਵੱਤਾ ਵਧਾਉਣ' ਸਬੰਧੀ ਵਿਸ਼ੇ 'ਤੇ ਵੈਬੀਨਾਰ ਯੂਨੀਵਰਸਿਟੀ ਦੇ ਸਾਰੇ ਕੰਸਟੀਚਿਊਐਂਟ ਅਤੇ ਐਫੀਲੀਏਟਿਡ ਕਾਲਜਾਂ ਲਈ ਕਰਵਾਇਆ ਗਿਆ। ਵੈਬੀਨਾਰ ਦਾ ਉਦਘਾਟਨ ਐਮ. ਆਰ. ਐਸ. ਪੀ. ਟੀ. ਯੂ., ਬਠਿੰਡਾ, ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਰਦਿਆਂ ਸਿੱਖਿਆ ਦੇ ਮਿਆਰ ਨੂੰ ਵਧਾਉਣ ਅਤੇ ਇਸ ਨੂੰ ਕੌਮਾਂਤਰੀ ਮਾਪਦੰਡਾਂ ਦੇ ਬਰਾਬਰ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਵੈਬੀਨਾਰ ਦੇ ਪ੍ਰਮੁੱਖ ਸਰੋਤ ਵਿਅਕਤੀ ਨੈਸ਼ਨਲ ਅਸੈਸਮੈਂਟ ਅਤੇ ਐਕਰੀਡੀਟੇਸ਼ਨ ਕੌਂਸਿਲ (ਐਨ.ਏ.ਏ.ਸੀ.) ਦੇ ਐਡਵਾਈਜ਼ਰ, ਡਾ. ਗਣੇਸ਼ ਹੇਗੜੇ ਨੇ 'ਮਾਨਤਾ ਦੁਆਰਾ ਗੁਣਵੱਤਾ ਵਧਾਉਣ' ਵਿਸ਼ੇ 'ਤੇ ਮਾਹਿਰ ਭਾਸ਼ਣ ਦਿੱਤਾ। ਡਾ. ਵਨੀਤਾ ਸਾਹੂ, ਸਹਾਇਕ ਸਲਾਹਕਾਰ, ਐਨ.ਏ.ਏ.ਸੀ. ਨੇ ਡੇਟਾ ਵੈਰੀਫਿਕੇਸ਼ਨ ਅਤੇ ਪ੍ਰਮਾਣਿਕਤਾ ਅਤੇ ਪ੍ਰਮਾਣਿਕਤਾ ਦੇ ਨਤੀਜਿਆਂ ਬਾਰੇ ਗੱਲਬਾਤ ਕੀਤੀ। ਵੈਬਿਨਾਰ ਕੋਆਰਡੀਨੇਟਰ ਪ੍ਰੋ. (ਡਾ.) ਬਲਵਿੰਦਰ ਸਿੰਘ ਸਿੱਧੂ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੇ ਮੁਖੀ, ਡਾ. ਦਿਨੇਸ਼ ਕੁਮਾਰ ਨੇ ਇਸ ਦੌਰਾਨ ਵਿਸ਼ੇਸ਼ ਭੂਮਿਕਾ ਨਿਭਾਈ।



ਐਮ. ਆਰ. ਐਸ. ਪੀ. ਟੀ. ਯੂ., ਬਠਿੰਡਾ, ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਵੈਬਿਨਾਰ ਦੌਰਾਨ ਉਦਘਾਟਨੀ ਭਾਸ਼ਨ ਦਿੰਦੇ ਹੋਏ। ਤਸਵੀਰ : ਲਵਲੀ

# ਰਾਹੁਲ ਅਰੋੜਾ ਨੇ ਜਿੱਤਿਆ ਗਲੋਬਲ ਇਨਾਮ

ਬਠਿੰਡਾ, ਜੁਲਾਈ 27 (ਕੰਵਲਜੀਤ ਸਿੰਘ ਸਿੱਧੂ)- ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ,



ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ ਦੇ ਆਰਕੀਟੈਕਟ ਵਿਭਾਗ ਦੇ ਵਿਦਿਆਰਥੀ ਰਾਹੁਲ ਅਰੋੜਾ ਨੇ ਮੀਡੀਆ ਸਟੂਡੈਂਟ ਆਰਕੀਟੈਕਟ ਅਤੇ ਡਿਜ਼ਾਈਨ ਅਵਾਰਡ ਵਿਚ ਪਹਿਲਾ ਇਨਾਮ ਜਿੱਤਿਆ। 2013 ਬੈਚ ਦੇ ਵਿਦਿਆਰਥੀ ਰਾਹੁਲ ਅਰੋੜਾ ਨੇ ਏ.ਆਰ. ਕਪਿਲ ਅਰੋੜਾ, ਥੀਸਿਸ ਕੋਆਰਡੀਨੇਟਰ ਏ.ਆਰ ਜਤਿੰਦਰ ਕੌਰ ਅਤੇ ਵਿਭਾਗ ਦੇ ਮੁਖੀ ਏ.ਆਰ. ਰਿਪੁਦਮਨ ਸਿੰਘ ਦੀ ਪ੍ਰੇਰਨਾ ਨਾਲ, ਅਹਿਮਦਾਬਾਦ (ਗੁਜਰਾਤ) ਵਿਖੇ ਹੋਏ ਗਲੋਬਲ ਮੁਕਾਬਲੇ ਵਿਚ "ਮਾਂਇਡ ਸਪੇਸ ਮੈਡੀਟੇਸ਼ਨ ਪਾਰਕ" ਬਣਾ ਕੇ ਇਨਾਮ ਜਿੱਤਿਆ। ਇਹ ਮੁਕਾਬਲਾ ਨਿਊਯਾਰਕ ਆਧਾਰਿਤ ਪ੍ਰਮੁੱਖ ਆਨਲਾਈਨ ਪ੍ਰਕਾਸ਼ਕ ਵਲੋਂ ਸ਼ੁਰੂ ਕੀਤਾ ਗਿਆ ਸੀ ਜੋ ਕਿ ਨਵੀਨਤਮ ਡਿਜ਼ਾਈਨ ਦੀਆਂ ਖ਼ਬਰਾਂ, ਇਵੈਂਟਾਂ, ਮੁਕਾਬਲਿਆਂ, ਕਿਤਾਬਾਂ ਅਤੇ ਸਾਧਨਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ। ਜਿਊਰੀ ਪੈਨਲ ਦੇ ਮੈਂਬਰ ਵਿਸ਼ਵ ਦੇ ਪ੍ਰਸਿੱਧ ਆਰਕੀਟੈਕਟਾਂ ਦੀ ਟੀਮ ਸੀ ਜਿਵੇਂ ਕਿ ਡਾਇਰੈਕਟਰ, ਨਿਕੋਲ ਡੌਸੋ ਲੀਡ ਏ.ਪੀ., ਮੈਕੀਨਤੋਸ਼ ਸਕੂਲ ਆਫ਼ ਆਰਕੀਟੈਕਚਰ ਗਲਾਸਗੋ ਸਕੂਲ ਆਫ਼ ਆਰਟ ਦੇ ਪ੍ਰੋਫ਼ੈਸਰ ਕੈਟੀ ਮਾਰਟਿਨ ਅਤੇ ਕਈ ਹੋਰ ਟੀਮ ਮੈਂਬਰ ਸ਼ਾਮਿਲ ਸਨ। ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੇ ਡਾਇਰੈਕਟਰ, ਡਾ. ਗੁਰਸ਼ਰਨ ਸਿੰਘ ਨੇ ਵਿਦਿਆਰਥੀ ਰਾਹੁਲ ਅਰੋੜਾ ਵਲੋਂ ਅੰਤਰਰਾਸ਼ਟਰੀ ਪੱਧਰ ਦੀ ਮੁਕਾਬਲੇ ਵਿਚ ਯੋਗ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਐਮ. ਆਰ. ਐਸ. ਪੀ. ਟੀ. ਯੂ. ਦੇ ਵਾਈਸ ਚਾਂਸਲਰ, ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਨੇ ਮੁਕਾਬਲੇ ਵਿਚ ਵਿਦਿਆਰਥੀ ਦੀ ਜਿੱਤ ਦੀ ਸ਼ਲਾਘਾ ਕੀਤੀ ਹੈ।

# ਰਾਹੁਲ ਅਰੋੜਾ ਨੇ ਜਿੱਤਿਆ ਗਲੋਬਲ ਐਵਾਰਡ



ਵਿਦਿਆਰਥੀ ਰਾਹੁਲ ਅਰੋੜਾ।

**ਪ੍ਰਾਪਤੀ**

- ਮਾਈਂਡ ਸਪੇਸ ਮੈਡੀਟੇਸ਼ਨ ਪਾਰਕ ਬਣਾ ਕੇ ਇਨਾਮ ਜਿੱਤਿਆ
- ਕਾਲਜ ਦੇ ਪ੍ਰਬੰਧਕਾਂ ਨੇ ਕੀਤੀ ਵਿਦਿਆਰਥੀ ਦੀ ਸ਼ਲਾਘਾ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ :** ਗਿਆਨੀ ਜੈਲ ਸਿੰਘ ਕਾਲਜ ਆਫ ਇੰਜੀਨੀਅਰਿੰਗ ਅਤੇ ਤਕਨਾਲੋਜੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਵਿਦਿਆਰਥੀ ਨੇ ਮੀਡੀਆ ਸਟੂਡੈਂਟ ਆਰਕੀਟੈਕਟ ਅਤੇ ਡਿਜ਼ਾਇਨ ਐਵਾਰਡ ਵਿਚ ਪਹਿਲਾ ਪੁਰਸਕਾਰ ਜਿੱਤਿਆ।

2013 ਬੈਚ ਦੇ ਵਿਦਿਆਰਥੀ ਰਾਹੁਲ ਅਰੋੜਾ ਨੇ ਏਆਰ. ਕਪਿਲ ਅਰੋੜਾ, ਥੀਸਿਸ ਕੋਆਰਡੀਨੇਟਰ ਏਆਰ ਜਤਿੰਦਰ ਕੌਰ ਅਤੇ ਵਿਭਾਗ ਦੇ ਮੁਖੀ ਏਆਰ. ਰਿਪੁਦਮਨ ਸਿੰਘ ਦੀ ਪ੍ਰੇਰਨਾ ਨਾਲ, ਅਹਿਮਦਾਬਾਦ ( ਗੁਜਰਾਤ ) ਵਿਖੇ ਹੋਏ ਗਲੋਬਲ ਮੁਕਾਬਲੇ ਵਿਚ "ਮਾਇੰਡ ਸਪੇਸ ਮੇਡੀਟੇਸਨ ਪਾਰਕ" ਬਣਾ ਕੇ ਇਨਾਮ ਜਿੱਤਿਆ। ਇਹ ਮੁਕਾਬਲਾ ਨਿਊਯਾਰਕ ਆਧਾਰਿਤ ਪ੍ਰਮੁੱਖ ਆਨਲਾਈਨ ਪ੍ਰਕਾਸ਼ਕ "ਪ੍ਰੈਸ ਰਲੀਜ" ਦੁਆਰਾ ਸੁਰੂ ਕੀਤਾ ਗਿਆ ਸੀ ਜੋ ਕਿ ਨਵੀਨਤਮ ਡਿਜਾਈਨ ਦੀਆਂ ਖਬਰਾਂ, ਇਵੈਂਟਾਂ, ਮੁਕਾਬਲਿਆਂ, ਕਿਤਾਬਾਂ ਅਤੇ ਸਾਧਨਾਂ ਤੇ ਧਿਆਨ ਕੇਂਦ੍ਰਿਤ ਕਰਦਾ ਹੈ।

ਗਲੋਬਲ ਪ੍ਰਤੀਯੋਗਤਾ ਦਾ ਮੁੱਖ ਏਜੰਡਾ ਰਚਨਾਤਮਕ ਅਤੇ ਡਿਜਾਇਨ ਖੇਤਰ ਵਿੱਚ ਦੁਨੀਆ ਭਰ ਦੇ ਪੇਸੇਵਰਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਪ੍ਰਫੁੱਲਤ ਕਰਨਾ ਸੀ। ਵਿਦਿਆਰਥੀ ਦਾ ਸਭ ਤੋਂ ਵਧੀਆ ਕੰਮ ਸੋਸ਼ਲ ਮੀਡੀਆ ਦੁਆਰਾ 500+ ਮਿਲੀਅਨ ਵਿਸ਼ਵ ਵਿਆਪੀ ਦਰਸਕਾਂ ਦੇ ਸਾਹਮਣੇ ਪੇਸ ਕੀਤਾ ਜਾਵੇਗਾ। ਜਿਊਰੀ ਪੈਨਲ ਦੇ ਮੈਂਬਰ ਵਿਸਵ ਦੇ ਪ੍ਰਸਿੱਧ ਆਰਕੀਟੈਕਟਾਂ ਦੀ ਟੀਮ ਸੀ ਜਿਵੇਂ ਕਿ ਡਾਇਰੈਕਟਰ, ਨਿਕੋਲ ਡੋਸੋ ਲੀਡ ਏਪੀ., ਮੈਕੀਨਤੋਸ ਸਕੂਲ ਆਫ਼ ਆਰਕੀਟੈਕਚਰ ਗਲਾਸਗੋ ਸਕੂਲ ਆਫ਼ ਆਰਟ ਦੇ ਪ੍ਰੋਫੈਸਰ ਕੈਟੀ ਮਾਰਟਿਨ ਅਤੇ ਕਈ ਹੋਰ ਟੀਮ ਮੈਂਬਰ ਸ਼ਾਮਲ ਸਨ। ਗਿਆਨੀ ਜੈਲ ਸਿੰਘ ਕਾਲਜ ਆਫ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੇ ਡਾਇਰੈਕਟਰ, ਡਾ. ਗੁਰਸਰਨ ਸਿੰਘ ਨੇ ਵਿਦਿਆਰਥੀ ਰਾਹੁਲ ਅਰੋੜਾ ਵੱਲੋਂ ਅੰਤਰਰਾਸਟਰੀ ਪੱਧਰ ਦੀ ਮੁਕਾਬਲੇ ਵਿਚ ਯੋਗ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

ਐਮਆਰਐੱਸਪੀਟੀਯੂ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸਰ ਅਤੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਮੁਕਾਬਲੇ ਵਿਚ ਵਿਦਿਆਰਥੀ ਦੀ ਜਿੱਤ ਦੀ ਸਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀ ਦੀ ਕਾਰਗੁਜਾਰੀ ਨੂੰ ਪ੍ਰਸ਼ੰਸਾਯੋਗ ਕਰਾਰ ਦਿੱਤਾ ਅਤੇ ਕਿਹਾ ਕਿ ਵਾਤਾਵਰਣ ਨੂੰ ਪ੍ਰਭਾਵਿਤ ਕਰਨ ਵਾਲੇ ਸੰਬੰਧਤ ਮੁੱਦਿਆਂ ਨੂੰ ਆਪਣੇ ਅਕਾਦਮਿਕ ਅਭਿਆਸਾਂ ਵਿਚ ਉਭਰਦੇ ਆਰਕੀਟੈਕਟਾਂ ਦੁਆਰਾ ਅਪਣਾਇਆ ਜਾਣਾ ਚਾਹੀਦਾ ਹੈ।

---

ਬਠਿੰਡਾ, ਪੰਜਾਬੀ ਟ੍ਰਿਬਿਊਨ, ਸ਼ੁੱਕਰਵਾਰ, 5 ਜੁਲਾਈ 2019

# ਕਿੰਨੂ ਉਤਪਾਦਕਾਂ ਦਾ ਮੁਨਾਫ਼ਾ ਵਧਾਉਣ ਲਈ ਕੰਮ ਕਰਨਗੇ ਵਿਗਿਆਨੀ



ਡਾ. ਕੰਵਲਜੀਤ ਸਿੰਘ ਸੰਧੂ ਤੇ ਖੋਜ ਵਿਦਵਾਨ ਡਾ. ਸੁਖਵਿੰਦਰ ਸਿੰਘ ਯੂਨੀਵਰਸਿਟੀ ਦੀ ਲੈਬ ਵਿਚ।

- ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਖੋਜ ਪ੍ਰਾਜੈਕਟ ਮਿਲਿਆ

ਪੱਤਰ ਪ੍ਰੇਰਕ
ਬਠਿੰਡਾ, 4 ਜੁਲਾਈ

ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ.ਐਸ.ਟੀ.) ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਫੂਡ ਸਾਇੰਸ ਵਿਭਾਗ ਦੇ ਡਾ. ਸੁਖਵਿੰਦਰ ਸਿੰਘ ਅਤੇ ਡਾ. ਕਵਲਜੀਤ ਸਿੰਘ ਸੰਧੂ ਨੂੰ ਕਿਨੂਆਂ ਦੀ ਸਟੋਰੇਜ ਅਤੇ ਵੈਲਯੂ ਐਡੀਸ਼ਨ 'ਤੇ ਖੋਜ ਪ੍ਰਾਜੈਕਟ ਦਿੱਤਾ ਗਿਆ ਹੈ, ਜੋ ਕਿਨੂੰ ਉਤਪਾਦਕਾਂ ਲਈ ਬੇਹੱਦ ਸਹਾਈ ਸਾਬਿਤ ਹੋਵੇਗਾ। ਇਸ ਪ੍ਰਾਜੈਕਟ ਦਾ ਮੁੱਖ ਉਦੇਸ਼ ਪੰਜਾਬ ਅਤੇ ਗੁਆਂਢੀ ਰਾਜਾਂ ਵਿਚ ਕਿਨੂੰ ਦੀ ਫਸਲ ਦੀ ਪ੍ਰੋਸੈਸਿੰਗ ਕਰਕੇ ਉਤਪਾਦ ਦੇ ਮੁੱਲ ਵਿਚ ਸਥਾਈ ਵਾਧਾ ਕਰਨ ਸਬੰਧੀ ਖੋਜ ਕਰ ਕੇ ਕਿੰਨੂ ਦੀ ਖੇਤੀ ਨੂੰ ਲਾਹੇਵੰਦ ਬਣਾਉਣਾ ਹੈ।

ਵਿਭਾਗ ਦੇ ਮੁਖੀ ਡਾ. ਕੰਵਲਜੀਤ ਸਿੰਘ ਸੰਧੂ ਨੇ ਕਿਹਾ ਕਿ ਪ੍ਰਾਜੈਕਟ ਦੀ ਭਾਰਤ ਸਰਕਾਰ ਵਲੋਂ ਮਨਜ਼ੂਰ ਕੁੱਲ ਰਕਮ 26.33 ਲੱਖ ਰੁਪਏ ਹੈ। ਇਹ ਪ੍ਰਾਜੈਕਟ ਅਗਲੇ 3 ਸਾਲਾਂ ਦੌਰਾਨ ਮੁਕੰਮਲ ਹੋ ਜਾਵੇਗਾ, ਜੋ ਕਿੰਨੂ ਉਤਪਾਦਕਾਂ ਅਤੇ ਬਾਗਬਾਨੀ ਵਿਚ ਵਿਭਿੰਨਤਾ ਲਈ ਸਹਾਈ ਸਾਬਿਤ ਹੋਵੇਗਾ। ਕਿੰਨੂ ਦੀ ਖੇਤੀ ਉੱਤਰੀ ਭਾਰਤ ਵਿਚ ਕਾਫ਼ੀ ਜ਼ਿਆਦਾ ਏਰੀਏ ਵਿੱਚ ਹੁੰਦੀ ਹੈ, ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਗੰਗਾਨਗਰ ਇਲਾਕੇ ਵਿੱਚ। ਪ੍ਰੋਸੈਸਿੰਗ ਸਹੂਲਤਾਂ ਉਪਲੱਬਧ ਨਾ ਹੋਣ ਕਰਕੇ ਕਿੰਨੂ ਉਤਪਾਦਕਾਂ ਨੂੰ ਆਪਣੀ ਫਸਲ ਘੱਟ ਰੇਟ 'ਤੇ ਏਜੰਟਾਂ ਰਾਹੀਂ ਮੰਡੀ ਵਿਚ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ, ਜਿਸ ਕਾਰਨ ਲਾਹੇਵੰਦ ਕੀਮਤ ਨਹੀਂ ਮਿਲਦੀ। ਡਾ. ਸੁਖਵਿੰਦਰ ਸਿੰਘ ਕਿੰਨੂ ਦੇ ਜੂਸ ਦੀ ਕੁੜੱਤਣ ਨੂੰ ਘਟਾਉਣ ਲਈ ਵੱਖ-ਵੱਖ ਤਕਨੀਕਾਂ 'ਤੇ ਕੰਮ ਕਰਨਗੇ ਤਾਂ ਕਿ ਇਸ ਦੇ ਜੂਸ ਦੀ ਭੰਡਾਰਨ/ਪ੍ਰੋਸੈਸਿੰਗ ਪ੍ਰਕਿਰਿਆ ਰਾਹੀਂ ਉਸਦੇ ਮੁੱਲ ਵਿਚ ਵਾਧਾ ਕੀਤਾ ਜਾ ਸਕੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ, ਡਾ. ਆਸ਼ੀਸ਼ ਬਾਲਦੀ ਨੇ ਪੂਰੇ ਦੇਸ਼ ਵਿੱਚ ਯੂਨੀਵਰਸਿਟੀ ਦਾ ਨਾਮ ਰੋਸ਼ਨ ਕਰਨ ਤੇ ਡਾ. ਕਵਲਜੀਤ ਸਿੰਘ ਸੰਧੂ ਅਤੇ ਡਾ. ਸੁਖਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਅਜਿਹੇ ਖੋਜ ਕਾਰਜਾਂ ਨੂੰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

# ਕੇਂਦਰ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਐਵਾਰਡ



**ਬਠਿੰਡਾ, 4 ਜੁਲਾਈ (ਸੁਖਜਿੰਦਰ ਮਾਨ):** ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ.ਐਸ.ਟੀ.) ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਫੂਡ ਸਾਇੰਸ ਵਿਭਾਗ ਦੇ ਡਾ. ਸੁਖਵਿੰਦਰ ਸਿੰਘ ਅਤੇ ਡਾ. ਕਵਲਜੀਤ ਸਿੰਘ ਸੰਧੂ ਨੂੰ ਕਿੰਨੂਆਂ ਦੀ ਸਟੋਰੇਜ ਅਤੇ ਵੈਲਯੂ ਐਡੀਸ਼ਨ 'ਤੇ ਖੋਜ ਪ੍ਰਾਜੈਕਟ ਅਵਾਰਡ ਕੀਤਾ ਗਿਆ ਹੈ, ਜੋ ਕਿੰਨੂ ਉਤਪਾਦਕਾਂ ਲਈ ਬੇਹੱਦ ਸਹਾਈ ਸਾਬਿਤ ਹੋਵੇਗਾ।

ਇਸ ਪ੍ਰਾਜੈਕਟ ਦਾ ਮੁੱਖ ਉਦੇਸ਼ ਪੰਜਾਬ ਅਤੇ ਗੁਆਂਢੀ ਰਾਜਾਂ ਵਿਚ ਕਿੰਨੂ ਦੀ ਫਸਲ ਦੀ ਪ੍ਰੋਸੈਸਿੰਗ ਕਰਕੇ ਉਤਪਾਦ ਦੇ ਮੁੱਲ ਵਿਚ ਸਥਾਈ ਵਾਧਾ ਕਰਨ ਸਬੰਧੀ ਖੋਜ ਕਰਕੇ ਕਿੰਨੂ ਦੀ ਖੇਤੀ ਨੂੰ ਲਾਹੇਵੰਦ ਬਣਾਉਣਾ ਹੈ। ਵਿਭਾਗ ਦੇ ਮੁਖੀ ਡਾ. ਕਵਲਜੀਤ ਸਿੰਘ ਸੰਧੂ ਨੇ ਕਿਹਾ ਕਿ ਪ੍ਰੋਜੈਕਟ ਦੀ ਭਾਰਤ ਸਰਕਾਰ ਵਲੋਂ ਮਨਜ਼ੂਰ ਕੁੱਲ ਰਕਮ 26.33 ਲੱਖ ਰੁਪਏ ਹੈ। ਇਹ ਪ੍ਰਾਜੈਕਟ ਅਗਲੇ 3 ਸਾਲਾਂ ਦੌਰਾਨ ਮੁਕੰਮਲ ਹੋ ਜਾਵੇਗਾ, ਜੋ ਕਿ ਕਿੰਨੂ ਉਤਪਾਦਕਾਂ ਅਤੇ ਬਾਗਬਾਨੀ ਵਿਚ ਵਿਭਿੰਨਤਾ ਲਈ ਸਹਾਈ ਸਾਬਿਤ ਹੋਵੇਗਾ। ਡਾ. ਸੁਖਵਿੰਦਰ ਸਿੰਘ ਕਿੰਨੂ ਦੇ ਜੂਸ ਦੀ ਕੁੜੱਤਣ ਨੂੰ ਘਟਾਉਣ ਲਈ ਵੱਖ-ਵੱਖ ਤਕਨੀਕਾਂ 'ਤੇ ਕੰਮ ਕਰਨਗੇ ਤਾਂ ਕਿ ਇਸ ਦੇ ਜੂਸ ਦੀ ਭੰਡਾਰਨ/ਪ੍ਰੋਸੈਸਿੰਗ ਪ੍ਰਕਿਰਿਆ ਰਾਹੀਂ ਉਸਦੇ ਮੁੱਲ ਵਿਚ ਵਾਧਾ ਕੀਤਾ ਜਾ ਸਕੇ। ਇਸ ਵਿਚੋਂ ਕੱਢੇ ਗਏ ਕੌੜੇ ਤੱਤ ਵੀ ਕਾਫ਼ੀ ਵਰਤੋਂ ਯੋਗ ਹੁੰਦੇ ਹਨ, ਕਿਉਂਕਿ ਇਨ੍ਹਾਂ ਵਿੱਚ ਐਂਟੀਮਾਈਕਰੋਬਾਇਲ ਵਿਸ਼ੇਸ਼ਤਾਵਾਂ ਹੁੰਦੀਆ ਹਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ, ਡਾ. ਆਸ਼ੀਸ਼ ਬਾਲਦੀ ਨੇ ਪੂਰੇ ਦੇਸ਼ ਵਿੱਚ ਯੂਨੀਵਰਸਿਟੀ ਦਾ ਨਾਮ ਰੋਸ਼ਨ ਕਰਨ ਤੇ ਡਾ. ਕਵਲਜੀਤ ਸਿੰਘ ਸੰਧੂ ਅਤੇ ਡਾ. ਸੁਖਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਅਜਿਹੇ ਖੋਜ ਕਾਰਜਾਂ ਨੂੰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

ਰੋਜ਼ਾਨਾ ਸਪੋਕਸਮੈਨ
ਸ਼ੁਕਰਵਾਰ, 1 ਮਾਰਚ 2019

# ਪੋਸਟਰ ਮੇਕਿੰਗ ਅਤੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ



ਬਠਿੰਡਾ, 28 ਫ਼ਰਵਰੀ (ਸੁਖਜਿੰਦਰ ਮਾਨ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਯੂਨੀਵਰਸਿਟੀ ਬਿਜ਼ਨਸ ਸਕੂਲ (ਯੂ.ਬੀ.ਐਸ.) ਵਲੋਂ ਇੰਟਰ-ਕਾਲਜ ਪੋਸਟਰ ਮੇਕਿੰਗ ਅਤੇ ਪੇਪਰ ਰੀਡਿੰਗ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਪੋਸਟਰ ਮੇਕਿੰਗ ਮੁਕਾਬਲੇ ਦਾ ਵਿਸ਼ਾ 'ਪਾਣੀ ਬਚਾਓ' ਸੀ, ਜਦੋਂ ਕਿ ਪੇਪਰ ਰੀਡਿੰਗ ਮੁਕਾਬਲੇ ਦਾ ਵਿਸ਼ਾ 'ਉੱਧਮੀ, ਵਿਕਾਸ ਅਤੇ ਮੁਕਾਬਲੇਬਾਜ਼ੀ ' ਬਾਰੇ ਸੀ। ਪੋਸਟਰ ਮੇਕਿੰਗ ਪ੍ਰਤੀਯੋਗਤਾ ਵਿਚ ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਤੋਂ ਗੁਲਸ਼ਨ ਕੁਮਾਰ ਨੇ ਪਹਿਲਾ ਸਥਾਨ, ਐਮ.ਆਰ.ਐਸ.ਪੀ.ਟੀ.ਯੂ. ਦੇ ਫਾਰਮਾਸਿਊਟੀਕਲ ਸਾਇੰਸਜ਼ ਦੇ ਵਿਦਿਆਰਥੀ ਰਾਹੁਲ ਨੇ ਦੂਜਾ ਪੁਰਸਕਾਰ ਅਤੇ ਐਮ.ਆਰ.ਐਸ.ਪੀ.ਟੀ.ਯੂ. ਤੋਂ ਪਲਕਦੀਪ ਕੌਰ ਅਤੇ ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ ਤੋਂ ਸ਼ੀਨੂ ਨੇ ਸਾਂਝੇ ਤੌਰ ਤੇ ਤੀਸਰਾ ਇਨਾਮ ਹਾਸਿਲ ਕੀਤਾ। ਯੂ.ਬੀ.ਐਸ. ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ ਪ੍ਰੋ. ਜਸਬੀਰ ਸਿੰਘ ਹੁੰਦਲ ਨੇ ਜੇਤੂਆਂ ਨੂੰ ਵਧਾਈ ਦਿਤੀ।

4 | ਪੰਜਾਬੀ ਜਾਗਰਣ ਜਲੰਧਰ 1 ਮਾਰਚ 2019



ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸਰ ਤੇ ਫੈਕਲਟੀ ਮੈਂਬਰ ਜੇਤੂ ਵਿਦਿਆਰਥੀਆਂ ਨਾਲ।

# ਪੇਪਰ ਰੀਡਿੰਗ 'ਚ ਗੁਲਸ਼ਨ ਜੇਤੂ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ), ਦੇ ਯੂਨੀਵਰਸਿਟੀ ਬਿਜਨਸ ਸਕੂਲ (ਯੂਬੀਐਸ) ਵਲੋਂ ਇੰਟਰ-ਕਾਲਜ ਪੋਸਟਰ ਮੇਕਿੰਗ ਤੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਮੁਕਾਬਲੇ ਦਾ ਵਿਸ਼ਾ 'ਪਾਣੀ ਬਚਾਓ', ਜਦੋਂ ਕਿ ਪੇਪਰ ਰੀਡਿੰਗ ਮੁਕਾਬਲੇ ਦਾ ਵਿਸ਼ਾ 'ਉੱਧਮੀ, ਵਿਕਾਸ ਤੇ ਮੁਕਾਬਲੇਬਾਜ਼ੀ ਸੀ। ਇਨ੍ਹਾਂ ਮੁਕਾਬਲਿਆਂ ਵਿਚ ਸਰਕਾਰੀ ਰਾਜਿੰਦਰਾ ਕਾਲਜ ਤੋਂ ਗੁਲਸ਼ਨ ਕੁਮਾਰ ਨੇ ਪਹਿਲਾ ਸਥਾਨ, ਐੱਮਆਰਐੱਸਪੀਟੀਯੂ ਦੇ ਫਾਰਮਾਸਿਊਟੀਕਲ ਸਾਇੰਸਜ਼ ਦੇ ਵਿਦਿਆਰਥੀ ਰਾਹੁਲ ਨੇ ਦੂਜਾ ਤੇ ਐੱਮਆਰਐੱਸਪੀਟੀਯੂ ਤੋਂ ਪਲਕਦੀਪ ਕੌਰ ਤੇ ਐੱਸਐੱਸਡੀ.ਗਰਲਜ ਕਾਲਜ ਤੋਂ ਸ਼ੀਨੂ ਨੇ ਸਾਂਝੇ ਤੌਰ 'ਤੇ ਤੀਸਰਾ ਇਨਾਮ ਸਥਾਨ ਹਾਸਲ ਕੀਤਾ। ਪੇਪਰ ਰੀਡਿੰਗ ਮੁਕਾਬਲੇ ਦੀ ਜੇਤੂ ਸਰਕਾਰੀ ਰਜਿੰਦਰਾ ਕਾਲਜ ਦੀ ਨਮਰਤਾ ਸ਼ਰਮਾ, ਜਦੋਂ ਕਿ ਫਾਰਮਾਸਿਊਟੀਕਲ ਸਾਇੰਸਜ਼ ਦੇ ਵਿਦਿਆਰਥੀ ਮੋਹਿਤ ਅਗਰਵਾਲ ਨੇ ਦੂਜਾ ਪੁਰਸਕਾਰ ਅਤੇ ਐਸਐਸਡੀ ਗਰਲਜ ਕਾਲਜ ਦੀ ਤਾਨੀਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਸੀ। ਯੂਬੀਐਸ ਦੇ ਅਸਿਸਟੈਂਟ ਪ੍ਰੋਫੈਸਰਜ਼ ਡਾ. ਵੀਰਪਾਲ ਕੌਰ ਮਾਨ ਅਤੇ ਡਾ. ਪ੍ਰਿਤਪਾਲ ਸਿੰਘ ਭੁੱਲਰ ਪੇਪਰ ਰੀਡਿੰਗ ਮੁਕਾਬਲੇ ਦੇ ਜੱਜਮੈਂਟ ਕੀਤੀ।

2 दैनिक जागरण लुधियाना/बठिंडा, 31 मार्च 2019

# अडोब स्पार्क के इस्तेमाल से सिखलाई व प्रैक्टिकल ट्रेनिंग दी

**जासं, बठिंडा :** अडोब सिस्टम प्रा. लि. की ओर से अपने डिजिटल दिशा प्रोग्राम के तहत महाराजा रणजीत सिंह पंजाब टेक्निकल यूनिवर्सिटी में एक वर्कशॉप आयोजित की गई। मास्टर ट्रेनर संदीप शर्मा ने अडोब प्रणाली के विभिन्न पहलुओं के बारे में अवगत कराया। प्रोग्राम का मकसद डिजिटल युग में आधुनिक समय के हुनर में अध्यापकों व विद्यार्थियों की योग्यता को बढ़ाकर उन्हें और सक्षम बनाना है।

यूनिवर्सिटी के डायरेक्टर ट्रेनिंग एंड प्लेसमेंट हरजोत सिंह ने कहा कि सीखने की प्रक्रिया हमेशा जारी रखनी चाहिए, उन्होंने कहा कि अडोब डिजिटल दिशा प्रोग्राम अध्यापकों और विद्यार्थियों में डिजिटल हुनर को बढ़ाकर एक सराहनीय भूमिका निभा रहा है। अडोब टीम ने यूनिवर्सिटी के वीसी प्रो. मोहन पाल सिंह ईसर से भी मुलाकात की।



बठिंडा के ज्ञानी जैल सिंह कॉलेज में वर्कशॉप को संबोधित करते हुए प्रवक्ता ● जागरण

# ਐਮਾਜ਼ੋਨ ਨੇ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਦੋ ਰੋਜ਼ਾ ਫ਼ੈਕਲਟੀ ਡਿਵੈਲਪਮੈਂਟ ਵਰਕਸ਼ਾਪ ਕਰਵਾਈ



**ਬਠਿੰਡਾ, 27 ਨਵੰਬਰ (ਸੁਖਜਿੰਦਰ ਮਾਨ) :** ਐਮਾਜ਼ੋਨ ਇੰਟਰਨੈਟ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਵਿਖੇ ਨਵੀਆਂ ਤਕਨੀਕਾਂ ਵਿਚ ਕਲਾਊਡ ਕੰਪਿਊਟਿੰਗ ਹੁਨਰ ਅਤੇ ਵਿਵਹਾਰਿਕ ਮੁਹਾਰਤ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਦੋ ਦਿਨਾਂ ਫੈਕਲਟੀ ਡਿਵੈਲਪਮੈਂਟ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਮੁੱਖ ਸਪੀਕਰ ਅਤੇ ਮਾਹਿਰ ਸ਼੍ਰੀ ਪ੍ਰਸ਼ਾਂਤ ਸੋਲੰਕੀ ਨੇ ਐਮਾਜ਼ੋਨ ਵੈਬ ਸਰਵਿਸਿਜ਼ ਐਜੂਕੇਟ ਪ੍ਰੋਗ੍ਰਾਮ ਦੀ ਵਰਤੋਂ ਕਰਕੇ ਫੈਕਲਟੀ ਨੂੰ ਅਜੋਕੇ ਸਮੇਂ ਦੀ ਤਕਨਾਲੋਜੀ ਦਾ ਹਾਣੀ ਬਣਾਉਣ ਅਤੇ ਹੁਨਰ ਨੂੰ ਵਿਕਸਤ ਕਰਨ ਲਈ ਪ੍ਰਤੀਭਾਗੀਆਂ ਨੂੰ ਸਿਖਲਾਈ ਦਿੱਤੀ। ਐਮਾਜ਼ੋਨ ਵੈਬ ਸਰਵਿਸਿਜ਼ ਐਜੂਕੇਟ ਇੱਕ ਵਿਸ਼ਵਵਿਆਪੀ ਪ੍ਰੋਗ੍ਰਾਮ ਹੈ ਜੋ ਕ ਲਾਊਡ ਸੇਵਾਵਾਂ ਦਾ ਗਿਆਨ ਦੇਣ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਿਖਲਾਈ ਸਮੱਗਰੀ, ਸਰੋਤ ਅਤੇ ਹੋਰ ਸੁਵਿਧਾਵਾਂ ਮੁਹੱਈਆ ਕਰਦਾ ਹੈ। ਐਮ.ਆਰ.ਐਸ.ਪੀ.ਟੀ.ਯੂ., ਕੰਪਿਊਟੇਸ਼ਨਲ ਸਾਇੰਸਜ਼ ਦੇ ਮੁਖੀ, ਸ਼੍ਰੀ ਸੰਜੈ ਭਟਨਾਗਰ ਨੇ ਤਕਨੀਕੀ ਸੰਸਥਾਵਾਂ ਦੇ ਫੈਕਲਟੀ ਮੈਂਬਰਾਂ ਨਾਲ ਨਵੀਨਤਮ ਤਕਨਾਲੋਜੀ ਦੀ ਲੋੜ ਬਾਰੇ ਚਰਚਾ ਕੀਤੀ।ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ (ਪੀ.ਆਈ.ਟੀ.), ਰਾਜਪੁਰਾ ਤੋਂ ਆਏ ਡਾ. ਅੰਜੂ ਸ਼ਰਮਾ ਨੇ ਇਸ ਵਰਕਸ਼ਾਪ ਦੇ ਸੰਗਠਨ ਵਿਚ ਅਹਿਮ ਭੂਮਿਕਾ ਨਿਭਾਈ।

2 | ਪੰਜਾਬੀ ਜਾਗਰਣ ਜਲੰਧਰ 28 ਨਵੰਬਰ 2018

# ਫੈਕਲਟੀ ਡਿਵੈਲਪਮੈਂਟ ਵਰਕਸ਼ਾਪ ਕਰਵਾਈ



ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ ਵਿਖੇ ਮੰਗਲਵਾਰ ਨੂੰ ਇਕ ਫੈਕਲਟੀ ਡਿਵੈਲਪਮੈਂਟ ਵਰਕਸ਼ਾਪ ਦੌਰਾਨ ਮੁੱਖ ਸਪੀਕਰ ਪ੍ਰਸ਼ਾਂਤ ਸੋਲੰਕੀ। ਪੰਜਾਬੀ ਜਾਗਰਣ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਐਮਾਜ਼ੋਨ ਇੰਟਰਨੈਟ ਸਰਵਿਸਿਜ ਪ੍ਰਾਈਵੇਟ ਲਿਮਟਿਡ ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮਆਰਐਸਪੀਟੀਯੂ) ਵਿਖੇ ਤਕਨੀਕਾਂ ਵਿਚ ਕਲਾਊਡ ਕੰਪਿਊਟਿੰਗ ਹੁਨਰ ਅਤੇ ਵਿਵਹਾਰਕ ਮਹਾਰਤ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਦੋ ਦਿਨਾਂ ਫੈਕਲਟੀ ਡਿਵੈਲਪਮੈਂਟ ਵਰਕਸਾਪ ਕਰਵਾਈ ਗਈ।

ਮੁੱਖ ਸਪੀਕਰ ਅਤੇ ਮਾਹਿਰ ਪ੍ਰਸ਼ਾਂਤ ਸੋਲੰਕੀ ਨੇ ਐਮਾਜ਼ੋਨ ਵੈਬ ਸਰਵਿਸਿਜ ਐਜੂਕੇਟ ਪ੍ਰੋਗਰਾਮ ਦੀ ਵਰਤੋਂ ਕਰਕੇ ਫੈਕਲਟੀ ਨੂੰ ਅਜੋਕੇ ਸਮੇਂ ਦੀ ਤਕਨਾਲੋਜੀ ਦੀ ਪ੍ਰਤੀਭਾਗੀਆਂ ਨੂੰ ਸਿਖਲਾਈ ਦਿੱਤੀ। ਐਮਾਜ਼ੋਨ ਵੈਬ ਸਰਵਿਸਿਜ ਐਜੂਕੇਟ ਇੱਕ ਵਿਸ਼ਵਵਿਆਪੀ ਪ੍ਰੋਗਰਾਮ ਹੈ ਜੋ ਕਲਾਉਡ ਸੇਵਾਵਾਂ ਦਾ ਗਿਆਨ ਦੇਣ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਿਖਲਾਈ ਸਮੱਗਰੀ, ਸਰੋਤ ਅਤੇ ਹੋਰ ਸੁਵਿਧਾਵਾਂ ਮੁਹੱਈਆ ਕਰਦਾ ਹੈ।

ਉਨ੍ਹਾਂ ਐਮਾਜ਼ੋਨ ਵੈਬ ਸਰਵਿਸਿਜ ਦੇ ਕਈ ਪਹਿਲੂਆਂ ਨੂੰ ਪੇਸ਼ ਕੀਤਾ, ਜਿਨ੍ਹਾਂ ਵਿੱਚ ਊਰਜਾ ਦੀ ਵਰਤੋਂ, ਸਟੋਰੇਜ, ਆਧੁਨਿਕ ਕੰਪਿਊਟਿੰਗ ਦੇ ਬੁਨਿਆਦੀ ਢਾਂਚੇ ਅਤੇ ਹੋਰ ਸੇਵਾਵਾਂ ਬਾਰੇ ਜਾਣਕਾਰੀ ਦਿਤੀ। ਇਸ ਵਰਕਸਾਪ ਵਿੱਚ ਫੈਕਲਟੀ ਲਈ ਮੁਫਤ ਟਾਇਰ ਐਜੂਕੇਟਰ ਬਾਰੇ ਬਣਾਉਣ, ਐਮਾਜ਼ੋਨ ਕਲਾਊਡ ਦੁਆਰਾ ਸਟੋਰੇਜ ਅਤੇ ਡਾਟਾ ਫੀਡ ਕਰਨ ਲਈ ਸਬੰਧੀ ਸਿਖਲਾਈ ਦਿੱਤੀ ਗਈ। ਵਰਕਸਾਪ ਦਾ ਟੀਚਾ ਕਲਾਉਡ ਹੁਨਰਾਂ ਅਤੇ ਤਕਨੀਕੀ ਤਕਨੀਕਾਂ ਨੂੰ ਵਿਕਸਿਤ ਕਰਨ, ਬਣਾਉਟੀ ਇੰਟੈਲੀਜੈਂਸ ਅਤੇ ਸਿਖਲਾਈ ਮਸੀਨਾਂ ਬਾਰੇ ਜਾਗਰੂਕ ਕਰਨਾ ਹੈ।

ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਕੱਤਰ ਤਕਨੀਕੀ ਸਿੱਖਿਆ ਡੀਕੇ ਤਿਵਾੜੀ ਯਤਨਾਂ ਸਦਕਾ ਇੱਕ ਸਮਝੌਤੇ ਰਾਹੀਂ ਯੂਨੀਵਰਸਿਟੀ ਐਮਾਜ਼ੋਨ ਵੈਬ ਸਰਵਿਸਿਜ਼ ਜਾਗਰੂਕਤਾ ਪ੍ਰੋਗਰਾਮਾਂ ਦੇ ਸਰੋਤਾਂ ਤੇ ਉਚੇਰੀ ਸਿੱਖਿਆ ਦੇ ਅਦਾਰਿਆਂ ਦੇ ਸਲੇਬਸ ਨੂੰ ਵਰਤ ਕੇ ਆਪਣੇ ਕੋਰਸਾਂ ਵਿੱਚ ਸ਼ਾਮਿਲ ਕਰੇਗੀ। ਇਸ ਉਪਰਾਲੇ ਨਾਲ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਕਲਾਊਡ ਸਬੰਧੀ ਤਕਨੀਕੀ ਮੁਹਾਰਤ ਹਾਸਿਲ ਹੋ ਰਹੀ ਹੈ ਅਤੇ ਉਦਯੋਗ ਵਲੋਂ ਮਾਨਤਾ ਪ੍ਰਾਪਤ ਸਰਟੀਫੀਕੇਸ਼ਨ ਲਈ ਵੀ ਮੱਦਦ ਮਿਲ ਰਹੀ ਹੈ।

ਐਮਆਰਐਸਪੀਟੀਯੂ, ਕੰਪਿਊਟੇਸਨਲ ਸਾਇੰਸਜ਼ ਦੇ ਮੁਖੀ ਸੰਜੇ ਭਟਨਾਗਰ ਨੇ ਤਕਨੀਕੀ ਸੰਸਥਾਵਾਂ ਦੇ ਫੈਕਲਟੀ ਮੈਂਬਰਾਂ ਨਾਲ ਨਵੀਨਤਮ ਤਕਨਾਲੋਜੀ ਦੀ ਲੋੜ ਬਾਰੇ ਚਰਚਾ ਕੀਤੀ। ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ (ਪੀਆਈਟੀ), ਰਾਜਪੁਰਾ ਤੋਂ ਆਏ ਡਾ. ਅੰਜੂ ਸ਼ਰਮਾ ਨੇ ਇਸ ਵਰਕਸਾਪ ਦੇ ਸੰਗਠਨ ਵਿਚ ਅਹਿਮ ਭੂਮਿਕਾ ਨਿਭਾਈ। ਸਾਰੇ ਭਾਗੀਦਾਰਾਂ ਨੇ ਇਸ ਪ੍ਰੋਗਰਾਮ ਤੇ ਸੰਤੁਸ਼ਟਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਵਰਕਸ਼ਾਪ ਉਨ੍ਹਾਂ ਲਈ ਵਧੇਰੇ ਫਾਇਦੇਮੰਦ ਹੈ।

ਪੰਜਾਬੀ ਜਾਗਰਣ ਜਲੰਧਰ 13 ਅਕਤੂਬਰ 2018



ਪ੍ਰੋਗਰਾਮ ਵਿਚ ਸ਼ਾਮਲ ਵਿਦਿਆਰਥਣਾਂ।

# 'ਸ਼ਖ਼ਸੀਅਤ ਵਿਕਾਸ' ਦੇ ਵਿਸ਼ੇ 'ਤੇ ਭਾਸ਼ਣ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਯੂਨੀਵਰਸਿਟੀ ਬਿਜ਼ਨੇਸ ਸਕੂਲ (ਯੂਬੀਐਸ) ਵਲੋਂ ਐਮਬੀਏ ਦੇ ਪਹਿਲੇ ਅਤੇ ਦੂਜੇ ਸਾਲ ਦੇ ਵਿਦਿਆਰਥੀਆਂ ਲਈ 'ਸ਼ਖ਼ਸੀਅਤ ਵਿਕਾਸ' ਵਿਸ਼ੇ 'ਤੇ ਇੱਕ ਮਹੱਤਵਪੂਰਨ ਲੈਕਚਰ ਕਰਵਾਇਆ ਗਿਆ। ਮੁੱਖ ਸਪੀਕਰ ਡੇਰਾ ਬੱਸੀ ਐਲਐਮਟੀ ਸਕੂਲ ਆਫ ਮੈਨੇਜਮੈਂਟ ਸਟੱਡੀਜ ਦੇ ਮੁਖੀ ਪ੍ਰੋ. ਪ੍ਰਦੀਪ ਗੁਪਤਾ ਨੇ ਐਮਬੀਏ ਦੇ ਵਿਦਿਆਰਥੀਆਂ ਵਿਚ ਵਿਸ਼ਲੇਸਣ ਸਬੰਧੀ ਮੁਹਾਰਤ ਦੇ ਵਿਕਾਸ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਐਮਬੀਏ ਦੇ ਵਿਦਿਆਰਥੀਆਂ ਦਾ ਨਜ਼ਰੀਆ ਵਿਸ਼ਵ ਪੱਧਰੀ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਸੰਚਾਰ ਦੇ ਹੁਨਰ ਨੂੰ ਵਧਾਉਣਾ ਚਾਹੀਦਾ ਹੈ, ਜੋ ਕਿ ਉਨ੍ਹਾਂ ਦੇ ਕੈਰੀਅਰ ਅਤੇ ਸਮੁੱਚੀ ਸਖ਼ਸ਼ੀਅਤ ਵਿਕਾਸ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਵਿਭਾਗੀ ਮੁਖੀ ਡਾ. ਸ਼ਮਨ ਕਥੂਰੀਆ ਨੇ ਕਦਰਾਂ ਕੀਮਤਾਂ ਅਧਾਰਤ ਸਿਖਲਾਈ ਨੂੰ ਉਤਸਾਹਿਤ ਕਰਨ ਤੇ ਜ਼ੋਰ ਦਿੱਤਾ।

ਰੋਜ਼ਾਨਾ ਸਪੋਕਸਮੈਨ
ਮੰਗਲਵਾਰ, 2 ਅਕਤੂਬਰ 2018

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ 'ਚ ਸਮਾਗਮ




ਬਠਿੰਡਾ, 1 ਅਕਤੂਬਰ (ਸੁਖਜਿੰਦਰ ਮਾਨ) : ਫਾਰਮੇਸੀ ਕਾਉਂਸਿਲ ਆਫ਼ ਇੰਡੀਆ (ਪੀ.ਸੀ.ਆਈ.) ਵਲੋਂ ਸਪਾਂਸਰ ਫਾਰਮਾਸਿਊਟੀਕਲ ਸਾਇੰਸਜ਼ ਅਤੇ ਆਧੁਨਿਕ ਉਦਯੋਗਿਕ ਪਹੁੰਚ-ਸਿਧਾਂਤ ਤੋਂ ਅਭਿਆਸ ਤੱਕ ਵਿਸ਼ੇ ਤੇ ਸਿੱਖਿਆ ਪ੍ਰੋਗਰਾਮ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਬਠਿੰਡਾ ਵਿਖੇ ਸਮਾਪਤ ਹੋਇਆ। ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਫਰਮਾਸਿਊਟੀਕਲ ਸਾਇੰਸਜ਼ ਅਤੇ ਤਕਨਾਲੋਜੀ ਵਿਭਾਗ ਦੁਆਰਾ ਆਯੋਜਿਤ ਕੀਤਾ ਗਿਆ।

ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਡੀਨ ਅਕਾਦਮਿਕ ਮਾਮਲੇ ਡਾ. ਪੀ. ਰਾਮਾਰਾਓ ਨੇ ਆਖਰੀ ਦਿਨ ਡਿਜੀਟਲਾਈਜ਼ੇਸ਼ਨ ਦੇ ਦੌਰ ਵਿੱਚ ਗਿਆਨ ਨੂੰ ਅਪਗ੍ਰੇਡ ਕਰਨ ਵਿੱਚ ਅਧਿਆਪਕਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਇਸ ਮੌਕੇ ਤੇ ਬੋਲਦਿਆਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋ.(ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਵਿਦਿਆਰਥੀ ਕੇਂਦਰਿਤ ਸਿੱਖਿਆ ਲਈ ਉਦਯੋਗਿਕ ਅਤੇ ਅਕਾਦਮਿਕ ਤਾਲਮੇਲ ਬਿਠਾਉਣ ਲਈ ਉਪਰਾਲੇ ਕਰਨ ਤੇ ਜ਼ੋਰ ਦਿੱਤਾ। ਸਮਾਗਮ ਦੌਰਾਨ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਤੋਂ ਡਾ. ਰਾਜ ਕੁਮਾਰ, ਪ੍ਰੋ. ਹਰੀਸ਼ ਦੂਰੇਜਾ ਆਦਿ ਹਾਜ਼ਰ ਸਨ।

दैनिक जागरण लुधियाना/बठिंडा, 13 अक्टूबर 2018

# एमआरएस में शख्सियत विकास पर सेमिनार

जागरण संवाददाता, बठिंडा : महाराजा रणजीत सिंह पंजाब टेक्निकल यूनिवर्सिटी में यूनिवर्सिटी बिजनेस स्कूल की ओर से एमबीए पहला व दूसरा साल के विद्यार्थियों के लिए शख्सियत विकास पर सेमिनार का आयोजन किया गया। जिस दौरान मुख्य स्पीकर डेरा बस्सी एलएमटी स्कूल आफ मैनेजमेंट स्टडीज के मुखी प्रो. प्रदीप गुप्ता ने विद्यार्थियों में विश्लेषण संबंधी महारत के विकास के महत्व पर जोर दिया।



महाराजा रणजीत सिंह यूनिवर्सिटी में आयोजित किए गए सेमिनार में उपस्थित विद्यार्थी •

ਰੋਜ਼ਾਨਾ ਸਪੋਕਸਮੈਨ

ਸਨਿਚਰਵਾਰ, 29 ਸਤੰਬਰ 2018

# ਯੂਨੀਵਰਸਿਟੀ ਵਿਚ ਤਿੰਨ ਦਿਨਾਂ ਸਿਖਿਆ ਪ੍ਰੋਗਰਾਮ ਆਰੰਭ

ਬਠਿੰਡਾ, 28 ਸਤੰਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਵਿਖੇ ਫਾਰਮਾਸਿਊਟੀਕਲ ਸਾਇੰਸਜ਼ ਅਤੇ ਆਧੁਨਿਕ ਉਦਯੋਗਿਕ ਪਹੁੰਚ-ਸਿਧਾਂਤ ਤੋਂ ਅਭਿਆਸ ਤੱਕ ਵਿਸੇ ਤੇ ਤਿੰਨ ਦਿਨਾਂ ਸਿੱਖਿਆ ਪ੍ਰੋਗਰਾਮੇ ਸ਼ੁਰੂ ਹੋਇਆ, ਜਿਸ ਵਿਚ ਵੱਖ-ਵੱਖ ਯੂਨੀਵਰਸਿਟੀਆਂ ਅਤੇ ਉਦਯੋਗਿਕ ਅਦਾਰਿਆਂ ਤੋਂ ਪ੍ਰਸਿੱਧ ਮਾਹਿਰਾਂ ਨੇ ਫਾਰਮਾਸਿਊਟੀਕਲ ਸਇੰਸਜ਼ ਵਿਚ ਆ ਰਹੀਆਂ ਤਬਦੀਲੀਆਂ, ਉਭਰ ਰਹੇ ਰੁਝਾਨਾਂ ਅਤੇ ਬਦਲਦੀਆਂ ਤਕਨੀਕਾਂ ਬਾਰੇ ਮਹੱਤਪੂਰਨ ਵਿਸ਼ਿਆਂ ਤੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਫਾਰਮਾਸਿਊਟਿਕਲ ਸਾਇੰਸਜ਼ ਅਤੇ ਤਕਨਾਲੋਜੀ ਵਿਭਾਗ ਦੁਆਰਾ ਕੀਤਾ ਗਿਆ , ਜੋ ਕਿ ਫਾਰਮੇਸੀ ਕੌਂਸਲ ਆਫ ਇੰਡੀਆ ( ਪੀ.ਸੀ.ਆਈ. ) ਵੱਲੋਂ ਸਪਾਂਸਰ ਕੀਤਾ ਗਿਆ ਹੈ ।ਇਸ ਪ੍ਰੋਗਰਾਮ ਦੇ ਗਿਆਨ



ਭਾਈਵਾਲਾਂ ਵਿੱਚ ਇੰਡੀਅਨ ਫਾਰਮਾਸਿਊਟੀਕਲ ਐਸੋਸੀਏਸ਼ਨ (ਆਈ.ਪੀ.ਏ.), ਇੰਡੀਅਨ ਫਾਰਮੇਸੀ ਗ੍ਰੈਜੂਏਟਸ ਐਸੋਸੀਏਸ਼ਨ, ਐਸੋਸੀਏਸ਼ਨ ਆਫ ਫਾਰਮਾਸਿਊਟਿਕਲ ਟੀਚਰਜ਼ ਆਫ ਇੰਡੀਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੈਂਟਰਲ ਯੂਨੀਵਰਸਿਟੀ ਪੰਜਾਬ ਅਤੇ ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ ਸ਼ਾਮਲ ਹਨ। ਇਸ ਪ੍ਰੋਗਰਾਮ ਦਾ ਉਦਘਾਟਨ ਐਮ.ਆਰ.ਐਸ.ਪੀ.ਟੀ.ਯੂ. ਦੇ ਵਾਈਸ ਚਾਂਸਲਰ ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਸ਼ਮਾਂ ਰੌਸ਼ਨ ਕਰਕੇ ਕੀਤਾ। ਕੌਮੀ ਪੱਧਰ 'ਤੇ ਥੋੜ੍ਹੇ ਹੀ ਸਮੇਂ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਲਈ ਵਿਭਾਗ ਨੂੰ ਵਧਾਈ ਦਿੰਦਿਆਂ, ਪ੍ਰੋ. ਈਸ਼ਰ ਨੇ ਵੀ ਇਸ ਮੌਕੇ ਜਾਣਕਾਰੀ ਦਿਤੀ। ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ, ਸੰਸਥਾਵਾਂ ਅਤੇ ਉਦਯੋਗਾਂ ਦੇ 30 ਪ੍ਰਸਿੱਧ ਵਿਗਿਆਨੀ/ਫਾਰਮਾਸਿਉਟਿਕਲ ਮਾਹਿਰਾਂ ਨੇ ਬਦਲ ਰਹੀਆਂ ਸਮਾਜਿਕ ਲੋੜਾਂ ਅਨੁਸਾਰ ਅਕਾਦਮਿਕ ਪਾਠਕ੍ਰਮ ਅਤੇ ਸਿੱਖਿਆ ਦੀਆਂ ਤਕਨੀਕਾਂ ਦੇ ਲਗਾਤਾਰ ਵਿਕਾਸ ਦੀ ਲੋੜ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ, ਕੈਂਪਸ ਡਾਇਰੈਕਟਰ, ਡਾ. ਗੁਰਸ਼ਰਨ ਸਿੰਘ, ਕਾਲਜ ਡਿਵੈਲਪਮੈਂਟ ਕੌਂਸਲ ਆਦਿ ਹਾਜ਼ਰ ਸਨ।

2 ਰੋਜ਼ਾਨਾ ਸਪੋਕਸਮੈਨ
ਵੀਰਵਾਰ, 13 ਸਤੰਬਰ, 2018

# ਵਿਦਿਆਰਥੀਆਂ ਵਲੋਂ ਫ਼ਰੈਸ਼ਰ ਪਾਰਟੀ



**ਬਠਿੰਡਾ, 12 ਸਤੰਬਰ (ਸੁਖਜਿੰਦਰ ਮਾਨ) :** ਸਥਾਨਕ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਆਰਕੀਟੈਕਚਰ ਵਿਭਾਗ ਵਲੋਂ ਵਿਦਿਆਰਥੀ ਜਥੇਬੰਦੀ ਆਰਕ ਦੇ ਸਹਿਯੋਗ ਨਾਲ ਬੀ. ਆਰਕ. ਦੇ ਨਵੇਂ ਬੈਚ ਨੂੰ ਜੀ ਆਇਆਂ ਕਹਿਣ ਲਈ ਫਰੈਸ਼ਰ ਪਾਰਟੀ ਜਿਸ ਦਾ ਸਿਰਲੇਖ ਦਾ ਡਿਸਕੋ ਪਾਰਟੀ-2018 ਸੀ, ਦਾ ਆਯੋਜਨ ਪ੍ਰਭਾਵਸ਼ਾਲੀ ਢੰਗ ਨਾਲ ਯੂਨੀਵਰਸਿਟੀ ਦੇ ਓਪਨ ਏਅਰ ਥਿਏਟਰ ਵਿਚ ਕੀਤਾ ਗਿਆ। ਮਿਸਟਰ ਅਤੇ ਮਿਸ ਫਰੈਸ਼ਰ ਦਾ ਖਿਤਾਬ ਮਿਸਟਰ ਲਵਲੀ ਸਿੰਘ ਅਤੇ ਮਿਸ ਗੀਤਿਕਾ ਗੁਪਤਾ ਨੇ ਪ੍ਰਾਪਤ ਕੀਤਾ। ਮਿਸਟਰ ਹੈਂਡਸਮ ਅਤੇ ਮਿਸ ਚਾਰਮਿੰਗ ਦਾ ਟਾਈਟਲ ਮਿਸਟਰ ਭਵਨਪ੍ਰੀਤ ਅਤੇ ਮਿਸ ਜਸ਼ਨਪ੍ਰੀਤ, ਮਿਸਟਰ ਅਤੇ ਮਿਸ ਕੋਨਫੀਡੈਂਟ ਦਾ ਟਾਈਟਲ ਮਿਸਟਰ ਰਿਸ਼ਭ ਅਤੇ ਮਿਸ ਸਿਮਰਪ੍ਰੀਤ ਨੇ ਜਿੱਤਿਆ। ਮੁੱਖ ਮਹਿਮਾਨ ਦੇ ਤੌਰ 'ਤੇ ਯੂਨੀਵਰਸਿਟੀ ਦੇ ਰਜਿਸਟਰਾਰ, ਪ੍ਰੋ. (ਡਾ) ਜਸਬੀਰ ਸਿੰਘ ਹੁੰਦਲ ਅਤੇ ਕੈਂਪਸ ਦੇ ਡਾਇਰੈਕਟਰ ਪ੍ਰੋ. (ਡਾ) ਗੁਰਸ਼ਰਨ ਸਿੰਘ ਨੇ ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

4 ਪੰਜਾਬੀ ਜਾਗਰਣ ਜਲੰਧਰ 13 ਸਤੰਬਰ 2018



ਜੇਤੂ ਵਿਦਿਆਰਥੀਆਂ ਨਾਲ ਮੈਨੇਜਮੈਂਟ ਤੇ ਮੁੱਖ ਮਹਿਮਾਨ।

# ਗੀਤੀਕਾ ਗੁਪਤਾ ਬਣੀ ਮਿਸ ਫਰੈੱਸ਼ਰ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

**ਰੌਣਕ ਮੇਲਾ**

- **ਲਵਲੀ ਸਿੰਘ ਬਣਿਆ ਮਿਸਟਰ ਫਰੈੱਸ਼ਰ**
- **ਗਿਆਨੀ ਜ਼ੈਲ ਸਿੰਘ ਕਾਲਜ ਵਿਖੇ ਫਰੈੱਸ਼ਰ ਪਾਰਟੀ ਕਰਵਾਈ**

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਬਠਿੰਡਾ ਦੇ ਆਰਕੀਟੈਕਚਰ ਵਿਭਾਗ ਵਲੋਂ ਵਿਦਿਆਰਥੀ ਜਥੇਬੰਦੀ ਆਰਟ ਦੇ ਸਹਿਯੋਗ ਨਾਲ ਬੀਆਰਕ ਦੇ ਨਵੇਂ ਬੈਚ ਨੂੰ ਜੀ ਆਇਆਂ ਕਹਿਣ ਲਈ ਫਰੈਸ਼ਰ ਪਾਰਟੀ ਜਿਸ ਦਾ ਸਿਰਲੇਖ 'ਦਾ ਡਿਸਕੋ ਪਾਰਟੀ-2018' ਸੀ, ਤਹਿਤ ਸਮਾਗਮ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਨਵੇਂ ਬੈਚ ਦੇ ਵਿਦਿਆਰਥੀਆਂ ਦੇ ਸਵਾਗਤ ਨਾਲ ਹੋਈ, ਜਿਸ ਪਿੱਛੋਂ ਵਿਭਾਗ ਦੇ ਦੂਜੇ ਸਾਲ ਦੇ ਵਿਦਿਆਰਥੀਆਂ ਵਲੋਂ ਗਰੁੱਪ ਡਾਂਸ ਦਾ ਸ਼ਾਨਦਾਰ ਪ੍ਰਦਰਸ਼ਨ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਨਵੇਂ ਵਿਦਿਆਰਥੀਆਂ ਵਲੋਂ ਰੈਂਪ ਵਾਕ ਅਤੇ ਉਨ੍ਹਾਂ ਦੀ ਪ੍ਰਤਿਭਾ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੀ ਪ੍ਰਤਿਭਾ ਅਤੇ ਸ਼ੌਕ ਦੇ ਅਧਾਰ 'ਤੇ ਵੱਖ-ਵੱਖ ਰੰਗਾਰੰਗ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ।

ਇਸ ਮੌਕੇ ਮਿਸਟਰ ਅਤੇ ਮਿਸ ਫਰੈਸ਼ਰ ਦਾ ਖਿਤਾਬ ਲਵਲੀ ਸਿੰਘ ਅਤੇ ਗੀਤਿਕਾ ਗੁਪਤਾ ਨੇ ਪ੍ਰਾਪਤ ਕੀਤਾ। ਮਿਸਟਰ ਹੈਂਡਸਮ ਅਤੇ ਮਿਸ ਚਾਰਮਿੰਗ ਦਾ ਟਾਈਟਲ ਭਵਨਪ੍ਰੀਤ ਅਤੇ ਜਸ਼ਨਪ੍ਰੀਤ, ਮਿਸਟਰ ਅਤੇ ਮਿਸ ਕੌਨਫੀਡੈਂਟ ਦਾ ਟਾਈਟਲ ਰਿਸ਼ਭ ਅਤੇ ਸਿਮਰਪ੍ਰੀਤ ਨੇ ਜਿੱਤਿਆ। ਇਸ ਪ੍ਰੋਗਰਾਮ ਵਿੱਚ ਪੱਛਮੀ ਨ੍ਰਿਤ, ਬੈਂਡ ਪੇਸ਼ਕਾਰੀ ਅਤੇ ਭੰਗੜਾ ਮਨੋਰੰਜਨ ਦਾ ਮੁੱਖ ਆਕਰਸ਼ਨ ਰਹੇ। ਇਸ ਮੌਕੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਰਜਿਸਟਰਾਰ, ਪ੍ਰੋ. (ਡਾ.) ਜਸਬੀਰ ਸਿੰਘ ਹੁੰਦਲ, ਅਤੇ ਕੈਂਪਸ ਦੇ ਡਾਇਰੈਕਟਰ, ਪ੍ਰੋ. (ਡਾ) ਗੁਰਸਰਨ ਸਿੰਘ ਨੇ ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਆਰਕੀਟੈਕਟ ਵਿਭਾਗ ਦੇ ਮੁਖੀ ਏਆਰ ਰਿਪੂ ਦਮਨ ਸਿੰਘ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਫੈਕਲਟੀ ਮੈਂਬਰਾਂ ਏਆਰ ਜਤਿੰਦਰ ਕੌਰ, ਏਆਰ ਅਮਨਦੀਪ ਖੀਵਾ, ਏਆਰ ਰਮਨੀਤ ਕੌਰ, ਆਰਟ ਸੰਸਥਾ ਦੇ ਪ੍ਰਧਾਨ ਸਵਿਮ ਕੰਬੋਜ਼ ਨੇ ਸਮਾਗਮ ਦੀ ਸਫਲਤਾ ਵਿਚ ਮੁੱਖ ਭੂਮਿਕਾ ਨਿਭਾਈਆਂ। ਜੇਤੂਆਂ ਨੂੰ ਤੋਹਫਿਆਂ ਅਤੇ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਆਖਿਰ ਵਿੱਚ ਏਆਰ ਜਤਿੰਦਰ ਕੌਰ ਵਲੋਂ ਸਭਨਾਂ ਲਈ ਧੰਨਵਾਦੀ ਮਤਾ ਪੇਸ਼ ਕਰਨ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

ਪੰਜਾਬੀ ਜਾਗਰਣ ਜਲੰਧਰ 22 ਸਤੰਬਰ 2018

# ਬੱਚਿਆਂ ਨੇ ਭੀਲਵਾੜਾ ਦਾ ਕੀਤਾ ਵਿੱਦਿਅਕ ਦੌਰਾ



ਵਿਦਿਆਰਥੀ ਟੂਰ ਦੌਰਾਨ ਯਾਦਗਾਰੀ ਤਸਵੀਰ ਖਿੱਚਵਾਉਂਦੇ ਹੋਏ।

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਵੱਲੋਂ ਬੀਟੈਕ. ਦੇ ਵਿਦਿਆਰਥੀਆਂ ਲਈ ਇਕ ਹਫਤੇ ਦਾ ਉਦਯੋਗਿਕ ਐਕਸਪੋਜਰ ਤੇ ਟੈਕਸਟਾਈਲ ਹੈਰੀਟੈਜ਼ ਸਟੱਡੀ ਟੂਰ ਦਾ ਲਵਾਇਆ ਗਿਆ, ਜਿਸ ਤਹਿਤ ਵਿਦਿਆਰਥੀਆਂ ਨੂੰ ਟੈਕਸਟਾਈਲ ਇੰਡਸਟਰੀ ਕੇਂਦਰ ਭੀਲਵਾੜਾ (ਰਾਜਸਥਾਨ), ਅਹਿਮਦਾਬਾਦ ਅਤੇ ਟੈਕਸਟਾਈਲ ਹੈਰੀਟੇਜ ਕੇਂਦਰ ਜੋਧਪੁਰ ਦਾ ਦੌਰਾ ਕਰਵਾਇਆ ਗਿਆ। ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ. ਦੇਵਾਨੰਦ ਉੱਤਮ, ਇੰਜੀਨੀਅਰ ਅਮਿਤ ਮੰਧੀਰ ਅਤੇ ਰਜਿੰਦਰ ਸਿੰਘ ਦੀ ਅਗਵਾਈ ਹੇਠ ਦੂਜੇ ਅਤੇ ਤੀਜੇ ਸਾਲ ਦੇ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ 36 ਵਿਦਿਆਰਥੀਆਂ ਨੇ ਇਸ ਸਟੱਡੀ ਟੂਰ ਵਿਚ ਭਾਗ ਲਿਆ । ਵਿਦਿਆਰਥੀਆਂ ਨੇ ਰਾਜਸਥਾਨ ਸਰਕਾਰ ਦੀ ਪ੍ਰਮੁੱਖ ਸੰਸਥਾ ਐਮਐਲਵੀਟੀਆਈ. ਭੀਲਵਾੜਾ ਦਾ ਦੌਰਾ ਕੀਤਾ, ਜਿੱਥੇ ਕੈਂਪਸ ਦੇ ਪੁਰਾਣੇ ਵਿਦਿਆਰਥੀ ਕੇ. ਕਨਿਰਜਾ ਨੇ ਵੱਖ-ਵੱਖ ਲੈਬਾਂ ਵਿੱਚ ਟੈਕਸਟਾਈਲ ਮਸ਼ੀਨਰੀ ਪ੍ਰਦਰਸ਼ਿਤ ਕੀਤੀ, ਜਿਸ ਵਿੱਚ ਟੈਕਸਟਾਈਲ ਨਿਰਮਾਣ ਦੇ ਖੇਤਰ ਵਿੱਚ ਨਵੀਨਤਮ ਅਤੇ ਨਵੀਆਂ ਤਕਨੀਕਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਪ੍ਰਸਿੱਧ ਗਾਰਮੇਂਟਿੰਗ ਯੂਨਿਟ-ਸੀਨੇਵੇਟੈਕਸ ਪ੍ਰਾਈਵੇਟ ਲਿਮਟਿਡ ਭੀਲਵਾੜਾ ਦਾ ਵੀ ਦੌਰਾ ਕੀਤਾ, ਜੋ ਕਿ ਭਾਰਤ ਦੇ ਮਸ਼ਹੂਰ ਬਰਾਂਡਾਂ ਰਿਲਾਇੰਸ, ਜੌਹਨ ਪਲੇਅਰ, ਬਲੈਕ ਬੇਰੀ, ਅਤੇ ਆਈ.ਟੀ.ਸੀ ਲਈ ਕਮੀਜ਼ਾਂ (ਸ਼ਰਟਾਂ) ਤਿਆਰ ਕਰਦੇ ਹਨ। ਇਸ ਯੂਨਿਟ ਵਿੱਚ ਕੱਪੜਿਆਂ ਦੀ ਕਟਾਈ ਅਤੇ ਸਲਾਈ ਲਈ ਵਰਤੀ ਗਈ ਆਧੁਨਿਕ ਮਸ਼ੀਨਰੀ ਅਤੇ ਕੱਪੜੇ ਦੇ ਉਤਪਾਦਨ ਦੀਆਂ ਵੱਖ-ਵੱਖ ਪ੍ਰਕਿਰਿਆਵਾਂ ਬਾਰੇ ਵਿਦਿਆਰਥੀਆਂ ਨੇ ਜਾਣਕਾਰੀ ਹਾਸਲ ਕੀਤੀ। ਵਿਦਿਆਰਥੀਆਂ ਨੇ ਜੋਧਪੁਰ ਸ਼ਹਿਰ ਵਿਖੇ ਕੱਪੜੇ ਪੇਂਟਿੰਗ, ਟਾਈ ਅਤੇ ਡਾਈ ਦਾ ਕੰਮ, ਹੱਥ-ਕਲਾ ਲਈ ਪ੍ਰਸਿੱਧ ਕਾਰਖਾਰ ਘਰਾਣਿਆ ਦਾ ਵੀ ਦਾ ਦੌਰਾ ਕੀਤਾ ਅਤੇ ਪੁਰਾਤਨ ਵਿਸ਼ਵ ਵਿਰਾਸਤ ਬਾਰੇ ਜਾਣਕਾਰੀ ਹਾਸਲ ਕੀਤੀ। ਵਿਦਿਆਰਥੀਆਂ ਦੀ ਟੂਰ ਟੀਮ ਨੇ ਇੰਡੀਅਨ ਇੰਸਟੀਚਿਊਟ ਆਫ ਹੈਂਡਲੂਮ ਟੈਕਨੋਲੋਜੀ (ਆਈਆਈਐਚਟੀ., ਜੋਧਪੁਰ) ਦਾ ਵੀ ਦੌਰਾ ਕੀਤਾ ਜੋ ਇਕੋ-ਇਕ ਸੰਸਥਾ ਹੈ ਜੋ ਸਿੱਧੇ ਤੌਰ ਤੇ ਟੈਕਸਟਾਈਲ ਮੰਤਰਾਲੇ ਦੇ ਅਧੀਨ ਚਲਦੀ ਹੈ। ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ: (ਡਾ.) ਮੋਹਨ ਪਾਲ ਸਿੰਘ ਈਸ਼ਰ, ਰਜਿਸਟਰਾਰ ਡਾ.ਜਸਵੀਰ ਸਿੰਘ ਹੁੰਦਲ ਅਤੇ ਕੈਂਪਸ ਦੇ ਡਾਇਰੈਕਟਰ ਡਾ. ਗੁਰਸ਼ਰਨ ਸਿੰਘ ਨੇ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ ਨਵੇਕਲੇ ਯਤਨ ਦੀ ਸ਼ਲਾਘਾ ਕੀਤੀ।

ਰੋਜ਼ਾਨਾ ਸਪੋਕਸਮੈਨ

ਸਨਿਚਰਵਾਰ, 22 ਸਤੰਬਰ 2018

# ਗਿਆਨੀ ਜ਼ੈਲ ਸਿੰਘ ਕੈਂਪਸ ਵਲੋਂ ਸਟੱਡੀ ਟੂਰ

**ਬਠਿੰਡਾ, 21 ਸਤੰਬਰ (ਸੁਖਜਿੰਦਰ ਮਾਨ)** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਵੱਲੋਂ ਬੀ.ਟੈਕ. ਦੇ ਵਿਦਿਆਰਥੀਆਂ ਲਈ ਇਕ ਹਫਤੇ ਦਾ ਉਦਯੋਗਿਕ ਐਕਸਪੋਜਰ ਅਤੇ ਟੈਕਸਟਾਈਲ ਹੈਰੀਟੇਜ਼ ਸਟੱਡੀ ਟੂਰ ਦਾ ਆਯੋਜਨ ਕੀਤਾ ਗਿਆ, ਜਿਸ ਤਹਿਤ ਵਿਦਿਆਰਥੀਆਂ ਨੂੰ ਟੈਕਸਟਾਈਲ ਇੰਡਸਟਰੀ ਕੇਂਦਰ ਭੀਲਵਾੜਾ (ਰਾਜਸਥਾਨ), ਅਹਿਮਦਾਬਾਦ ਅਤੇ ਟੈਕਸਟਾਈਲ ਹੈਰੀਟੇਜ ਕੇਂਦਰ ਜੋਧਪੁਰ ਦਾ ਦੌਰਾ ਕਰਵਾਇਆ ਗਿਆ। ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ. ਦੇਵਾਨੰਦ ਉੱਤਮ, ਇੰਜੀਨੀਅਰ ਅਮਿਤ ਮੰਧੀਰ ਅਤੇ ਰਜਿੰਦਰ ਸਿੰਘ ਦੀ ਅਗਵਾਈ ਹੇਠ ਦੂਜੇ ਅਤੇ ਤੀਜੇ ਸਾਲ ਦੇ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ 36 ਵਿਦਿਆਰਥੀਆਂ ਨੇ ਇਸ ਸਟੱਡੀ ਟੂਰ ਵਿਚ ਭਾਗ ਲਿਆ ਜੋ ਕਿ 20 ਸਤੰਬਰ ਨੂੰ ਵਾਪਸ ਪਰਤੇ।



दैनिक भास्कर बठिंडा, रविवार 30 सितंबर, 2018 | 03

## दवा विज्ञान और आधुनिक औद्योगिकी विषय पर करवाई कांफ्रेंस

# औद्योगिक तब्दीली के अनुसार टीचर पढ़ाने की आधुनिक तकनीक अपनाएं : वीसी ईसर

भास्कर संवाददाता | बठिंडा



यूनिवर्सिटी की कांफ्रेंस में विशेष मेहमान का अभिनंदन करते प्रबंधक।

महाराजा रंजीत सिंह पंजाब टेक्निकल यूनिवर्सिटी में तीन दिवसीय एजुकेशन प्रोग्राम के तहत दवा विज्ञान व आधुनिक औद्योगिकी पहुंच विषय पर कांफ्रेंस कराई गई। वीसी डॉ. मोहन पाल सिंह ईसर ने शमां रोशन करके कार्यक्रम का उद्घाटन किया। उन्होंने कहा कि फार्मास्युटिकल क्षेत्र में आ रही आधुनिक औद्योगिकी तब्दीली व बदलते हालात के अनुसार अध्यापकों को ज्ञान को विकसित व अपग्रेड करना, पढ़ाने की आधुनिक तकनीक अपनाना जरूरी है। कांफ्रेंस में विभिन्न विभिन्न यूनिवर्सिटियों व औद्योगिक विभागों के विशेषज्ञों ने दवा विज्ञान में आ रही तबदीलियों के बारे में खोज पत्र पेश करेंगे। प्रोग्राम में इंडियन फार्मास्युटिकल एसोसिएशन, इंडियन फार्मेसी ग्रेजुएट्स एसोसिएशन, एसोसिएशन ऑफ फार्मास्युटिकल टीचर्स ऑफ इंडिया, गुरु नानक देव यूनिवर्सिटी अमृतसर, पंजाब यूनिवर्सिटी चंडीगढ़, पंजाबी यूनिवर्सिटी पटियाला, सेंट्रल यूनिवर्सिटी पंजाब और महर्षि दयानंद यूनिवर्सिटी शामिल हैं।

इस मौके पर रजिस्ट्रार डॉ. जसबीर सिंह हुंदल, डायरेक्टर डॉ. गुरदर्शन सिंह, डीन एकेडमिक डॉ. अशोक गोयल, डायरेक्टर कॉलेज डेवलपमेंट कौंसिल प्रो. रितेश देशमुख, डॉ. उत्तम मंडल, डॉ. प्रीतपाल भुल्लर, प्रो. मनजीत बांसल, प्रो. संजीव अग्रवाल समेत यूनिवर्सिटी के फैकल्टी मेंबर मौजूद रहे।

दैनिक भास्कर बठिंडा, रविवार 30 सितंबर, 2018 | 03

## दवा विज्ञान और आधुनिक औद्योगिकी विषय पर करवाई कांफ्रेंस

# औद्योगिक तब्दीली के अनुसार टीचर पढ़ाने की आधुनिक तकनीक अपनाएं : वीसी ईसर

भास्कर संवाददाता | बठिंडा



यूनिवर्सिटी की कांफ्रेंस में विशेष मेहमान का अभिनंदन करते प्रबंधक।

महाराजा रंजीत सिंह पंजाब टेक्निकल यूनिवर्सिटी में तीन दिवसीय एजुकेशन प्रोग्राम के तहत दवा विज्ञान व आधुनिक औद्योगिकी पहुंच विषय पर कांफ्रेंस कराई गई। वीसी डॉ. मोहन पाल सिंह ईसर ने शमां रोशन करके कार्यक्रम का उद्घाटन किया। उन्होंने कहा कि फार्मास्युटिकल क्षेत्र में आ रही आधुनिक औद्योगिकी तब्दीली व बदलते हालात के अनुसार अध्यापकों को ज्ञान को विकसित व अपग्रेड करना, पढ़ाने की आधुनिक तकनीक अपनाना जरूरी है। कांफ्रेंस में विभिन्न विभिन्न यूनिवर्सिटियों व औद्योगिक विभागों के विशेषज्ञों ने दवा विज्ञान में आ रही तबदीलियों के बारे में खोज पत्र पेश करेंगे। प्रोग्राम में इंडियन फार्मास्युटिकल एसोसिएशन, इंडियन फार्मेसी ग्रेजुएट्स एसोसिएशन, एसोसिएशन ऑफ फार्मास्युटिकल टीचर्स ऑफ इंडिया, गुरु नानक देव यूनिवर्सिटी अमृतसर, पंजाब यूनिवर्सिटी चंडीगढ़, पंजाबी यूनिवर्सिटी पटियाला, सेंट्रल यूनिवर्सिटी पंजाब और महर्षि दयानंद यूनिवर्सिटी शामिल हैं।

इस मौके पर रजिस्ट्रार डॉ. जसबीर सिंह हुंदल, डायरेक्टर डॉ. गुरदर्शन सिंह, डीन एकेडमिक डॉ. अशोक गोयल, डायरेक्टर कॉलेज डेवलपमेंट कौंसिल प्रो. रितेश देशमुख, डॉ. उत्तम मंडल, डॉ. प्रीतपाल भुल्लर, प्रो. मनजीत बांसल, प्रो. संजीव अग्रवाल समेत यूनिवर्सिटी के फैकल्टी मेंबर मौजूद रहे।

दैनिक जागरण लुधियाना/बठिंडा, 22 सितंबर 2018

# छात्रों ने कपड़ा उद्योग केंद्र में कार्य की जानकारी ली

**ज्ञानी जैल सिंह कैंपस कॉलेज ऑफ इंजीनियरिंग के 36विद्यार्थियों ने किया कपड़ा उद्योग केंद्र भीलवाड़ा का दौरा**

**जागरण संवाददाता, बठिंडा :** ज्ञानी जैल सिंह कैंपस कॉलेज ऑफ इंजीनियरिंग के एमआरएस पीटीयू विभाग के बीटेक विद्यार्थियों का एक सप्ताह का कपड़ा उद्योग केंद्र भीलवाड़ा, अहमदाबाद व टेक्सटाइल विरासत केंद्र का दौरा करवाया गया।

टेक्साइल इंजीनियर विभाग के प्रमुख डॉ. देवनंद उत्तम व अमीत माथूर ने बताया कि दौरे में 36 विद्यार्थी शामिल थे। विद्यार्थियों ने राजस्थान के एमएलबीटीआई भीलवाड़ा इंस्टीट्यूट का दौरा किया। उन्होंने कैनवरटेक्स भीलवाड़ा की कंपनी में बनने वाली शर्ट की मशीनरी को देखा। इसके बाद विद्यार्थियों ने अरविंद लिमिटेड कंपोजिट यूनिट अहमदाबाद का भी दौरा किया जो कि एशिया में सबसे बड़ी डेनिम उत्पादन कंपनी है। इसके अलावा उद्योग की स्पिनिंग, बुनाई और प्रसंस्करण इकाइयों का दौरा किया। इस तरह छात्रों ने महात्मा गांधी से जुड़े साबरमती आश्रम का भी दौरा किया। अंत में इंडियन इंस्टीट्यूट ऑफ हैंडलूम टेक्नोलॉजी का भी दौरा कर जानकारी हासिल की।



ज्ञानी जैल सिंह कॉलेज ऑफ इंजीनियरिंग एंड टेक्निकल के विद्यार्थी कपड़ों की जानकारी हासिल करते हुए • जागरण

## 90 ब्लड वालंटियरों ने किया रक्तदान

**संवाद सहयोगी, तलवंडी साबो :** शहीद भगत सिंह नशा विरोधी मंच ने भाई कन्हैया जी के 300 वर्षीय ज्योति जोत समाने के दिवस को समर्पित माता साहिब कौर गर्ल्स कॉलेज में रक्तदान शिविर लगाया गया। कॉलेज की स्टूडेंट वेलफेयर कमेटी के अंतर्गत लगे इससे शिविर में 90 ब्लड वालंटियरों ने रक्तदान किया। दूसरी तरफ शहीद भगत सिंह नशा विरोधी मंच के 15 लोगों ने भी रक्तदान किया। कॉलेज प्रिंसिपल डॉक्टर कंवलजीत कौर ने इस प्रयास के लिए डीन स्टूडेंट वेलफेयर डॉ. मनोरमा समाघ को मुबारकबाद दी। इस शिविर में एनएसएस विभाग की इंचार्ज प्रो. सपनजीत कौर, डॉक्टर अमनपाल कौर तथा रेड रिबन क्लब के इंचार्ज प्रोफेसर राजदीप कौर, रेड क्रॉस यूनिट डॉ. नवनीत दावड़ा ने भरपूर सहयोग किया। कॉलेज प्रिंसिपल कंवलजीत कौर ने अपना रक्तादान करके इस शिविर की शुरुआत की। डाक्टर मनोरमा, प्रो. हरजीत कौर, डॉक्टर नवनीत दावड़ा तथा प्रो रणवीर ने रक्तदान किया। इसी तरह ही राजेंद्र सिंह सुपरडैंट, अकाउंटेंट जसबिंदर सिंह, परविंदर सिंह, करमजीत तथा कॉलेज फोटोग्राफर ने भी रक्तदान करके अपना योगदान डाला। डॉ. मनोरमा समाघ ने बताया कि कैंप में 80 यूनिट के करीब रक्तदान हुआ। इस मौके पर मेजर सिंह कमालू, अमरदीप डिख, अमृतपाल मलकाना आदि मौजूद थे।

दैनिक भास्कर बठिंडा, रविवार 16 सितंबर, 2018 | 03

# शुभम तनेजा मिस्टर व तमन्ना के सिर सजा मिस फ्रेशर का ताज



**बठिंडा|** ज्ञानी जैल सिंह कैंपस कॉलेज आफ इंजीनियरिंग एंड टेक्नोलॉजी के सिविल इंजीनियरिंग विभाग की ओर से फर्स्ट ईयर स्टूडेंट्स के लिए शनिवार को फ्रेशर पार्टी ब्रिस्कर-2018 का आयोजन किया गया। डायरेक्टर डॉ. गुरशरण सिंह विशेष मेहमान के तौर पर पधारे। महाराजा रंजीत सिंह पंजाब टेक्निकल यूनिवर्सिटी के डीन डॉ. राजेश बांसल की अध्यक्षता में आयोजित समारोह में वीसी प्रो. मोहन पाल सिंह ईसर ने सिविल इंजीनियरिंग विभाग के प्रयासों को सराहा और नए विद्यार्थियों को शुभकामना भेजी। रोमांच से भरपूर अलग-अलग इवेंट्स की प्रस्तुतियों के आधार पर शुभम तनेजा को मिस्टर फ्रेशर व तमन्ना को मिस फ्रेशर चुना गया। इसके साथ ही मिस इवनिंग का खिताब गौतम कुमार व मिस इवनिंग का खिताब इंदरा पैनजिंग के नाम रहा।

## सार संक्षेप



ज्ञानी जैल सिंह कॉलेज में आयोजित समागम में इंद्र को मिस इवनिंग का खिताब देते हुए सुनीता कोतवाल व डॉ .गुरशरन सिंह • जागरण

# शुभम मिस्टर और तमन्ना मिस फ्रेशर बने

जासं, बठिंडा : ज्ञानी जैल सिंह कैंपस ऑफ इंजीनियरिंग एंड टेक्नोलॉजी के सिविल विभाग की ओर से फ्रेशर पार्टी का आयोजन किया गया। इसमें ज्ञानी जैल सिंह कैंपस के डायरेक्टर गुरशरन सिंह मुख्य अतिथि के तौर पर शामिल हुए। एमआरएसपीटीयू के डीन राजेश बंसल ने पार्टी की प्रधानगी की। छात्रों का स्वागत किया गया। इस मौके पर बच्चों की ओर से विभिन्न आइटम पेश की गई। इनमें शुभम तनेजा को मिस्टर व तमन्ना को मिस फ्रेशर का खिताब देकर नवाजा गया। गौत्तम कुमार को मिस्टर इवनिंग व इंद्रा पैनजिंग को मिस इवनिंग का खिताब देकर सम्मानित किया गया।

4 दैनिक जागरण लुधियाना/बठिंडा, 13 सितंबर 2018

# लवली मिस्टर और गीतिका मिस फ्रेशर

जागरण संवाददाता, बठिंडा : ज्ञानी जैल सिंह कैंपस कॉलेज ऑफ इंजीनियरिंग एंड टेक्नोलॉजी के आर्किटेक्चर विभाग की ओर से विद्यार्थी जत्थेबंदी आर्ट के सहयोग से व बीआर के नए बैच का स्वागत करने के लिए फ्रेशर पार्टी दी गई। विभाग के दूसरे साल के विद्यार्थियों की ओर से ग्रुप डांस का प्रदर्शन पेश किया गया। इसके बाद नए विद्यार्थियों की ओर से रैंपवॉक व उनके प्रतिभा मुकाबले करवाए गए।

मिस्टर फ्रेशर का खिताब लवली सिंह व मिस फ्रेशर गीतिका गुप्ता को दिया गया। मिस्टर हैंडसम भवनप्रीत व जश्नप्रीत, मिस्टर व मिस कांफीडेंस का टाइटल मिस्टर रिशब व सिमरप्रीत ने जीता। इस मौके महाराजा रणजीत सिंह के रजिस्ट्रार जसबीर सिंह हुंदल, कैंपस डायरेक्टर गुरशरन सिंह ने पहले साल के विद्यार्थियों को बधाई दी। इस मौके पर फैकलटी मेंबर एआर जतिंदर कौर, एआर अमनदीप खीवा, प्रधान शिवम कंबोज उपस्थित थे।



फ्रेशर पार्टी के दौरान विद्यार्थियों को सम्मानित करते हुए स्टाफ • जागरण

# 2019-20

दैनिक भास्कर बठिंडा, शुक्रवार 06 नवंबर, 2020 | 03

# नैनो टेक्नोलॉजी पर ड्रग सुपुर्दगी प्रणाली विषय पर अटल एफडीपी प्रोग्राम आयोजित

**बठिंडा|** महाराजा रंजीत सिंह पंजाब टेक्निकल यूनिवर्सिटी के फार्मास्युटिकल साइंसेज एंड टेक्नोलॉजी द्वारा आल इंडिया कौंसिल ऑफ टेक्निकल एजुकेशन की ओर से स्पांसर नैना टेक्नोलॉजी पर आधारित ड्रग सुपुर्दगी प्रणाली विषय पर पांच दिवसीय अटल फैकल्टी डेवलपमेंट प्रोग्राम का आयोजन किया गया। समापन समारोह के विशेष मेहमान सेंट्रल यूनिवर्सिटी आफ पंजाब के उपकुलपति प्रो. राघवेंदर पी तिवाड़ी ने अपने संबोधन में नैना टेक्नोलॉजी के विभिन्न पहलुओं पर प्रकाश डाला। इससे पहले एमआरएसपीटीयू, डीन रिसर्च एंड डेवलपमेंट प्रोफेसर जसबीर सिंह हुंदल ने प्रोग्राम का उदघाटन किया। डीन फैकल्टी आफ फार्मेसी के प्रोफेसर डॉ. आशीष बालदी ने फैकल्टी विकास प्रोग्राम के थीम व उद्देश्य बताए। विभाग के मुखी व एफडीपी के कोआर्डिनेटर डॉ. राहुल देशमुख ने प्रोग्राम की महत्ता बताते हुए कहा कि ज्ञान की उन्नति से अध्यापन विधि के सर्वपक्षीय सुधार, विकास व अध्यापन में उभर रहे खोज व बुनियादी जायदाद विषय संबंधी मसले की जानकारी दी।

ਅਜੀਤ
ਸਨਿਚਰਵਾਰ, 19 ਦਸੰਬਰ 2020

# ਏ. ਆਈ. ਸੀ. ਟੀ. ਈ. ਦੇ ਚੇਅਰਮੈਨ ਵਲੋਂ 8ਵੀਂ ਕੌਮਾਂਤਰੀ ਕਾਨਫ਼ਰੰਸ ਦਾ ਉਦਘਾਟਨ ਅੱਜ

ਬਠਿੰਡਾ, 18 ਦਸੰਬਰ (ਕੰਵਲਜੀਤ ਸਿੰਘ ਸਿੱਧੂ)- ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਦੇ ਚੇਅਰਮੈਨ ਪ੍ਰੋ. (ਡਾ.) ਅਨਿਲ ਦੱਤਾਤਰਾਯ ਸਹਿਸਰਾਬੁਧੇ ਵਲੋਂ ਮਕੈਨੀਕਲ ਅਤੇ ਮੈਟੀਰੀਅਲ ਇੰਜੀਨੀਅਰਿੰਗ ਵਿਚ ਐਡਵਾਂਸਮੈਂਟ ਅਤੇ ਭਵਿੱਖ (ਏ. ਐਫ. ਟੀ. ਐਮ. ਐਮ. ਈ.) ਦੇ ਰੁਝਾਨਾਂ ਬਾਰੇ 8 ਵੀਂ ਅੰਤਰਰਾਸ਼ਟਰੀ ਕਾਨਫ਼ਰੰਸ ਦਾ ਉਦਘਾਟਨ ਅੱਜ ਕੀਤਾ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ. ਆਰ. ਐਸ. ਪੀ. ਟੀ. ਯੂ.), ਬਠਿੰਡਾ ਦੇ ਸਹਿਯੋਗ ਨਾਲ ਸੁਸਾਇਟੀ ਆਫ ਮੈਟੀਰੀਅਲਜ ਅਤੇ ਮਕੈਨੀਕਲ ਇੰਜੀਨੀਅਰਜ਼ (ਐਸ.ਓ.ਐਮ.ਈ.ਈ.) ਵਲੋਂ ਕੀਤਾ ਜਾ ਰਿਹਾ ਹੈ। ਡਾ. ਬੀ.ਆਰ. ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐਨ.ਆਈ.ਟੀ.), ਜਲੰਧਰ ਦੇ ਡਾਇਰੈਕਟਰ, ਪ੍ਰੋ. (ਡਾ.) ਲਲਿਤ ਕੁਮਾਰ ਅਵਸਥੀ ਇਸ ਸੰਮੇਲਨ ਵਿਚ ਵਿਸ਼ੇਸ਼ ਮਹਿਮਾਨ ਹੋਣਗੇ। ਪਹਿਲੇ ਦਿਨ, ਸੁਸਾਇਟੀ ਦੇ ਪੈਟਰਨ, ਪ੍ਰੋ. ਸੱਤਿਆ ਪ੍ਰਕਾਸ਼ ਅਤੇ ਪ੍ਰਮੁੱਖ ਮਾਹਿਰ ਪ੍ਰੋ. ਗੌਤਮ ਵਿਸ਼ਵਾਸ, ਪ੍ਰੋ. ਵੀ.ਕੇ. ਜੈਨ ਅਤੇ ਪ੍ਰੋ. ਰਮਨ ਸਿੰਘ ਸੰਮੇਲਨ ਵਿਚ ਹਿੱਸਾ ਲੈਣਗੇ। ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਮੌਜੂਦਾ ਕੋਵਿਡ-19 ਮਹਾਂਮਾਰੀ ਦੀਆਂ ਸਥਿਤੀਆਂ ਦੇ ਮੱਦੇਨਜ਼ਰ, ਏ.ਐਫ.ਟੀ.ਐਮ.ਐਮ.ਈ.-2020 ਇਕ ਆਨਲਾਈਨ ਕਾਨਫ਼ਰੰਸ ਹੋਵੇਗੀ, ਜੋ ਕਿ ਪ੍ਰਸਿੱਧ ਵਿਦਵਾਨਾਂ, ਵਿਗਿਆਨੀਆਂ ਅਤੇ ਖੋਜਕਰਤਾਵਾਂ ਨੂੰ ਆਪਣੇ-ਆਪਣੇ ਵਿਚਾਰਾਂ, ਤਜਰਬਿਆਂ ਅਤੇ ਅੰਤਰਰਾਸ਼ਟਰੀ ਖੋਜ ਨਤੀਜਿਆਂ ਦਾ ਆਦਾਨ-ਪ੍ਰਦਾਨ ਕਰਨ ਲਈ ਇਕ ਪਲੇਟਫ਼ਾਰਮ ਪ੍ਰਦਾਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਕਾਨਫ਼ਰੰਸ ਦਾ ਮੁੱਢਲਾ ਟੀਚਾ ਮਕੈਨੀਕਲ ਇੰਜੀਨੀਅਰਿੰਗ ਵਿਚ ਖੋਜ ਅਤੇ ਵਿਕਾਸ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਹੈ। ਸਾਰੇ ਆਈ.ਆਈ.ਟੀਜ, ਐਨ.ਆਈ.ਟੀਜ ਸਮੇਤ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾਵਾਂ ਤੋਂ 150 ਤੋਂ ਵੱਧ ਖੋਜ ਪੱਤਰ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਪ੍ਰਾਪਤ ਹੋ ਚੁੱਕੇ ਹਨ। ਇਸ ਪ੍ਰੋਗਰਾਮ ਦਾ ਪ੍ਰਯੋਜਨ ਸਟੇਟ ਬੈਂਕ ਆਫ਼ ਇੰਡੀਆ (ਮੁੱਖ ਸਪਾਂਸਰ) ਅਤੇ ਸਹਿ-ਪ੍ਰਾਯੋਜਕ ਸੈਂਟਰਲ ਬੈਂਕ ਆਫ਼ ਇੰਡੀਆ, ਐਮ.ਐਮ. ਇੰਟਰਨੈਸ਼ਨਲ ਜਲੰਧਰ, ਨਰਵਾ ਹਾਲੀਡੇਜ ਜਲੰਧਰ ਅਤੇ ਨਿਹਾਰੀਕਾ ਟੈਕਨੌਲੋਜੀ, ਜਲੰਧਰ ਵਲੋਂ ਕੀਤਾ ਜਾ ਰਿਹਾ ਹੈ।

ਅਜੀਤ, ਸ਼ੁੱਕਰਵਾਰ, 31 ਜਨਵਰੀ 2020

# ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ ਵਲੋਂ ਵਿਸ਼ੇਸ਼ ਪਲੇਸਮੈਂਟ ਮੁਹਿੰਮ ਦੀ ਸ਼ੁਰੂਆਤ

ਬਠਿੰਡਾ, 30 ਜਨਵਰੀ(ਕੰਵਲਜੀਤ ਸਿੰਘ ਸਿੱਧੂ)- ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.),ਬਠਿੰਡਾ ਵਿਖੇ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਸੰਯੁਕਤ ਪਲੇਸਮੈਂਟ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ । ਇਸ ਵਿਚ ਵੱਖ-ਵੱਖ ਕਾਲਜਾਂ ਦੇ 350 ਤੋਂ ਵੀ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਬੀ.ਵਾਈ.ਜੇ.ਯੂ.ਐਸ.ਲਰਨਿੰਗ ਐਪ ਥਿੰਕ ਐਂਡ ਲਰਨ ਪ੍ਰਾਈਵੇਟ ਲਿਮਟਿਡ ਕੰਪਨੀ,ਬੰਗਲੌਰ ਆਧਾਰਿਤ ਸਿੱਖਿਆ ਤਕਨੀਕ ਅਤੇ ਆਨਲਾਈਨ ਸਿਖਲਾਈ ਕੇਂਦਰ ਦਾ ਸਾਂਝਾ ਬਰਾਂਡ ਨਾਂਅ ਹੈ। ਬੀ.ਵਾਈ.ਜੇ.ਯੂ.ਐਸ.ਲਰਨਿੰਗ ਐਪ ਵਲੋਂ "ਕੈਂਪਸ ਸੰਪਰਕ" ਪ੍ਰੋਗਰਾਮ ਤਹਿਤ ਯੂਨੀਵਰਸਿਟੀ ਕੈਂਪਸ ਦੇ ਨਵੇਂ ਪ੍ਰਸ਼ਾਸਕੀ ਬਲਾਕ ਵਿਖੇ ਚਾਹਵਾਨ ਵਿਦਿਆਰਥੀਆਂ ਲਈ ਪਲੇਸਮੈਂਟ ਡਰਾਈਵ ਕਰਵਾਈ ਗਈ ।ਵੱਖ-ਵੱਖ ਕਾਲਜਾਂ ਦੇ ਚਾਹਵਾਨ ਵਿਦਿਆਰਥੀਆਂ ਨੇ ਇਸ ਮੁਹਿੰਮ 'ਚ ਹਿੱਸਾ ਲਿਆ, ਜਿਸ ਵਿਚ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿਗ ਐਂਡ ਟੈਕਨੌਲੋਜੀ (ਜੀ.ਜੇ.ਡੀ.ਐੱਸ.ਸੀ.ਐੱਸ.ਈ.ਟੀ.), ਬਾਬਾ ਫਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਮਲੋਟ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨੌਲੋਜੀ, ਫਤਿਹ ਗਰੁੱਪ ਆਫ਼ ਕਾਲਜ, ਯਾਦਵਿੰਦਰਾ ਯੂਨੀਵਰਸਿਟੀ ਕੈਂਪਸ, ਐਸ.ਐਸ.ਡੀ. ਵੁਮੈਨ ਕਾਲਜ, ਬਠਿੰਡਾ ਅਤੇ ਸ਼ਹੀਦ ਭਗਤ ਸਿੰਘ ਇੰਜੀਨੀਅਰਿਗ ਕਾਲਜ ਫ਼ਿਰੋਜ਼ਪੁਰ ਆਦਿ ਸ਼ਾਮਲ ਸਨ। ਇਸ ਮੌਕੇ 350 ਤੋਂ ਵੱਧ ਉਮੀਦਵਾਰਾਂ ਨੂੰ ਦੋ ਵੱਖ-ਵੱਖ ਪ੍ਰੋਫਾਈਲਾਂ ਦੇ ਤਹਿਤ ਰਜਿਸਟਰਡ ਕੀਤਾ ਗਿਆ, ਅਰਥਾਤ ਬਿਜ਼ਨਸ ਵਿਕਾਸ ਐਸੋਸੀਏਟ (ਬੀ.ਡੀ.ਏ.) ਪੈਕੇਜ 10 ਲੱਖ ਰੁਪੇ ਪ੍ਰਤੀ ਸਾਲ ਅਤੇ ਉਤਪਾਦ ਮਾਹਿਰ (ਪੀ.ਐਸ.) ਪੈਕੇਜ 4.75 ਲੱਖ ਰੁਪੇ ਸਲਾਨਾ ਵਿਦਿਆਰਥੀਆਂ ਦੀ ਚੋਣ ਵਿਧੀ 'ਚ ਸਮੂਹ ਵਿਚਾਰ ਵਟਾਂਦਰੇ, ਨਿੱਜੀ ਇੰਟਰਵਿਊ ਅਤੇ ਐਚ.ਆਰ. ਇੰਟਰਵਿਊ ਸ਼ਾਮਲ ਸਨ, ਜੋ ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ ਦੀ ਟੀਮ ਦੁਆਰਾ ਕੀਤੇ ਜਾ ਰਹੇ ਹਨ। ਥਿੰਕ ਐਂਡ ਲਰਨ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਮੈਨੇਜਰ ਪ੍ਰਤੀਸ਼ਤ ਕੋਛੜ ਨੇ ਉਮੀਦਵਾਰਾਂ ਨਾਲ ਵਿਚਾਰ ਵਟਾਂਦਰੇ ਕੀਤੇ ਤੇ ਸ਼ਾਰਟ ਲਿਸਟ ਕੀਤੇ ਗਏ ਵਿਦਿਆਰਥੀਆਂ ਦੀ ਇੰਟਰਵਿਊ ਲਈ।ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਸ੍ਰੀ ਪ੍ਰੀਸ਼ਿਤ ਕੋਛੜ ਦਾ ਸਵਾਗਤ ਕੀਤਾ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਐੱਮ.ਆਰ.ਐੱਸ.ਪੀ.ਟੀ.ਯੂ, ਡਾਇਰੈਕਟਰ (ਸਿਖਲਾਈ ਅਤੇ ਪਲੇਸਮੈਂਟ), ਹਰਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਬੀ.ਵਾਈ.ਜੇ.ਯੂ.ਐਸ. ਯੂਨੀਵਰਸਿਟੀ ਵਿਖੇ ਨਿਯਮਤ ਤੌਰ 'ਤੇ ਪਲੇਸਮੈਂਟ ਡਰਾਈਵ ਕਰਵਾਉਣ ਲਈ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਦੇ ਬੀ.ਟੈਕ ਦੇ 7 ਵਿਦਿਆਰਥੀਆਂ ਨੂੰ ਬੀ.ਵਾਈ.ਜੇ.ਯੂ.ਐਸ. ਦੁਆਰਾ ਚੁਣਿਆ ਗਿਆ ਸੀ। ਕੰਪਨੀ ਨੇ ਆਕਰਸ਼ਕ 10 ਲੱਖ ਰੁਪਏ ਸਾਲਾਨਾ ਪੈਕੇਜ ਦਿੱਤੇ ਸਨ। ਇੰਜੀ: ਹਰਅੰਮ੍ਰਿਤਪਾਲ ਸਿੰਘ, ਇੰਜੀ: ਗਗਨਦੀਪ ਸਿੰਘ ਸੋਢੀ, ਇੰਜੀ: ਸੁਖਜਿੰਦਰ ਸਿੰਘ, ਇੰਜੀ: ਨਵਦੀਪ ਖੀਵਾ ਅਤੇ ਮਿਸ ਅਨੰਤਦੀਪ ਕੌਰ ਨੇ ਇਸ ਮੁਹਿੰਮ ਦੀ ਸਫਲਤਾ ਲਈ ਸਰਗਰਮ ਭੂਮਿਕਾ ਨਿਭਾਈ।





ਬਠਿੰਡਾ ਵਿਖੇ ਐਮ.ਆਰ.ਐਸ.ਪੀ.ਟੀ.ਯੂ.ਕੈਂਪਸ ਵਿਖੇ ਬੀ.ਵਾਈ.ਜੇ.ਯੂ.ਐਸ.ਲਰਨਿੰਗ ਐਪ ਵਲੋਂ ਕਰਵਾਏ ਸਮੂਹਿਕ ਵਿਚਾਰ ਵਟਾਂਦਰੇ ਵਿਚ ਭਾਗ ਲੈਂਦੇ ਵਿਦਿਆਰਥੀ। (ਸੱਜੇ) ਬਠਿੰਡਾ ਦੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ: ਮੋਹਨ ਪਾਲ ਸਿੰਘ, ਬੀ.ਵਾਈ.ਜੇ.ਯੂ ਦੇ ਸ੍ਰੀ ਪ੍ਰੀਸ਼ਿਤ ਕੋਛੜ ਦਾ ਸਵਾਗਤ ਕਰਦੇ ਹੋਏ ਨਾਲ ਡਾਇਰੈਕਟਰ, ਸਿਖਲਾਈ ਅਤੇ ਪਲੇਸਮੈਂਟ ਹਰਜੋਤ ਸਿੰਘ ਸਿੱਧੂ ਅਤੇ ਇੰਜੀ: ਹਰਅੰਮ੍ਰਿਤਪਾਲ ਸਿੰਘ ਵੀ ਤਸਵੀਰ ਵਿਚ ਨਜ਼ਰ ਆ ਰਹੇ ਹਨ।

ਤਸਵੀਰਾਂ: ਲਵਲੀ

# खोज कार्यप्रणाली विषय पर राष्ट्रीय ई-वर्कशॉप करवाई

भास्कर न्यूज | बठिंडा

महाराजा रंजीत सिंह पंजाब टेक्निकल यूनिवर्सिटी में खोज कार्यप्रणाली विषय पर 5 दिवसीय नेशनल ई वर्कशॉप का आयोजन किया गया। यूनिवर्सिटी बिजनेस स्कूल की ओर से आयोजित वर्कशाप में देश भर की नामवर संस्थाओं के 100 से ज्यादा फैकल्टी व खोज विद्वानों ने भाग लिया। आरआईएमटी यूनिवर्सिटी के वीसी प्रो. एएस चावला ने खोज में नैतिकता के बारे में अपने विचार साझा करते हुए समाज के लाभ के लिए खोज की गुणवत्ता में सुधार लाने पर जोर दिया। एलयूटी स्कूल आफ बिजनेस फिनलैंड के विद्वान डॉ. अमनदीप धीर ने खोजकर्ताओं को सहयोगी खोज व उपलब्ध होने वाले विभिन्न ग्लोबल अवसरों का बेहतर उपयोग करने का आह्वान किया।

ई वर्कशाप के कोआर्डिनेटर यूनिवर्सिटी बिजनेस स्कूल के इंचार्ज डॉ. प्रीतपाल सिंह भुल्लर ने इस आयोजन का मकसद व विभिन्न खोज मुद्दे जिनमें आंकड़े विश्लेषण में आंकड़ा विज्ञान के साधनों का उपयोग, खोज में चोरी-विरोधी, विभिन्न खोज फंड एवं फैकल्टी व



खोज विद्वानों के लिए ग्रांट उपलब्ध करवाने के बारे में बताया। पंजाबी यूनिवर्सिटी यूआईएमएस प्रो. संजीव शर्मा ने सभी सेशन का संचालन किया।

अपने प्रधानगी संबोधन में वीसी प्रो. मोहनपाल सिंह ईसर ने खोज मुखी यूनिवर्सिटी बनाने की गहरी इच्छा जताई। उन्होंने मुश्किल घड़ी में 5 दिवसीय ई वर्कशाप करवाने को सराहा। डीन रिसर्च एंड डेवेपलमेंट प्रो. जसबीर सिंह हुंदल ने यूनिवर्सिटी में खोज संस्कृति पैदा करने पर जोर दिया। वहीं सरकार द्वारा खोज फंड में कमी पर भी चिंता जताई। एक बार फिर विज्ञान व तकनीक में खो जफंड की महत्ता पर चर्चा छेड़ी। डीन एकेडमिक डॉ. सवीना बांसल ने खोज को मानव विकास व तरक्की का आधार बताते इसके माहिर करने को प्रेरित किया। रजिस्ट्रार प्रो. जतिंदर कौर व कंट्रोलर एग्जाम प्रो. करणवीर सिंह ने आभार जताया।

# 2020-21

ਰੋਜ਼ਾਨਾ ਸਪੋਕਸਮੈਨ ਸਨਿਚਰਵਾਰ, 1 ਮਈ 2021

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਵਰਕਸ਼ਾਪ ਦਾ ਆਯੋਜਨ

ਬਠਿੰਡਾ, 30 ਅਪ੍ਰੈਲ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਇੰਟਲੈਕਚੁਅਲ ਪ੍ਰਾਪਰਟੀ ਰਾਈਟ ਸੈੱਲ ਅਤੇ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਵਲੋਂ ਅੱਜ ਇਥੇ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਇਹ ਵਰਕਸ਼ਾਪ ਪੰਜਾਬ ਸਟੇਟ ਕਾਊਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਦੀ ਸਰਪ੍ਰਸਤੀ ਅਧੀਨ ਵਿਸ਼ਵ ਇੰਟਲੈਕਚੁਅਲ ਪ੍ਰਾਪਰਟੀ ਦਿਵਸ -2021 ਨੂੰ ਮਨਾਉਣ ਲਈ ਰਾਜ ਵਿੱਚ ਚੱਲ ਰਹੇ ਰਾਜ-ਪੱਧਰੀ ਸਮਾਗਮਾਂ ਦੀ ਲੜੀ ਵਜੋਂ ਕੀਤਾ ਗਿਆ।

ਇਸ ਇਕ ਦਿਨ ਦੇ ਪ੍ਰੋਗਰਾਮ ਵਿੱਚ ਇੰਟਲੈਕਚੁਅਲ ਪ੍ਰਾਪਰਟੀ, ਪੇਟੈਂਟੇ ਹੋਣ ਯੋਗ ਕੀ ਹੈ ਅਤੇ ਕੀ ਨਹੀਂ, ਕੌਮੀ ਦ੍ਰਿਸ਼ਟੀਕੋਣ ਵਿਚ ਪੰਜਾਬ ਦੀ ਸਥਿਤੀ ਅਤੇ ਪੇਟੈਂਟ ਸਰਚ ਅਤੇ ਡ੍ਰਾਫਟਿੰਗ ਬਾਰੇ ਵਰਕਸ਼ਾਪ ਆਦਿ ਇਸ ਵਿਚ ਸ਼ਾਮਿਲ ਸਨ। ਇਸ ਵਰਕਸ਼ਾਪ ਵਿਚ ਪੂਰੇ ਉੱਤਰ ਭਾਰਤ ਤੋਂ ਪ੍ਰਤਿਭਾਗੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਗਿਆ। ਮੁੱਖ ਮਹਿਮਾਨ, ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਅਜੋਕੇ ਸੰਸਾਰ ਵਿਚ ਖਾਸ ਕਰਕੇ ਖੋਜ ਦੇ ਖੇਤਰ ਵਿੱਚ ਆਈ.ਪੀ.ਆਰ. ਦੀ ਮਹੱਤਤਾ ਬਾਰੇ ਚਾਨਣਾ ਪਾਇਆ।



● ਇੰਟਲੈਕਚੁਅਲ ਪ੍ਰਾਪਰਟੀ ਰਾਈਟ ਖੋਜ ਦੇ ਸਾਰੇ ਖੇਤਰਾਂ ਵਿਚ ਮਹੱਤਵਪੂਰਨ : ਵੀ.ਸੀ.

ਪ੍ਰੋ. ਆਸ਼ੀਸ਼ ਬਾਲਦੀ, ਨੋਡਲ ਅਫਸਰ, ਆਈ.ਪੀ.ਆਰ. ਸੈੱਲ ਅਤੇ ਡਾਇਰੈਕਟਰ, ਆਈ.ਕਿਯੂ.ਏ.ਸੀ. ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਵਰਕਸ਼ਾਪ ਦੇ ਵਿਸ਼ੇ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤਾ। ਡੀਨ ਅਕਾਦਮਿਕ ਮਾਮਲੇ, ਪ੍ਰੋ. ਸਵੀਨਾ ਬਾਂਸਲ, ਡੀਨ ਰਿਸਰਚ ਐਂਡ ਡਿਵੈਲਪਮੈਂਟ ਪ੍ਰੋ. ਜਸਬੀਰ ਸਿੰਘ ਹੁੰਦਲ, ਡੀਨ ਕਨਸਲਟੈਂਸੀ, ਡਾ. ਮਨਜੀਤ ਬਾਂਸਲ, ਡੀਨ ਵਿਦਿਆਰਥੀ ਭਲਾਈ, ਡਾ. ਪਰਮਜੀਤ ਸਿੰਘ, ਪ੍ਰੋ, ਬਲਵਿੰਦਰ ਸਿੰਘ ਸਿੱਧੂ, ਡਾਇਰੈਕਟਰ ਲੋਕ ਸੰਪਰਕ, ਸ੍ਰੀ ਹਰਜਿੰਦਰ ਸਿੱਧੂ, ਯੂਨੀਵਰਸਿਟੀ ਦੇ ਫੈਕਲਟੀ ਅਤੇ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ।

ਪੰਜਾਬੀ ਜਾਗਰਣ ਜਲੰਧਰ 1 ਮਈ 2021

# ਆਈਪੀਆਰ ਖੋਜ ਖੇਤਰ 'ਚ ਮਹੱਤਵਪੂਰਨ

**ਵੈਬੀਨਾਰ**

- ਮਹਾਰਾਜਾ ਰਣਜੀਤ ਸਿੰਘ ਟੈਕਨੀਕਲ 'ਵਰਸਿਟੀ ਵਿਖੇ ਕਰਵਾਈ ਵਰਕਸ਼ਾਪ
- ਉੱਤਰ ਭਾਰਤ ਤੋਂ ਪ੍ਰਤੀਭਾਗੀਆਂ ਨੇ ਲਿਆ ਉਤਸ਼ਾਹ ਨਾਲ ਹਿੱਸਾ

**ਸੀਨੀਅਰ ਸਟਾਫ਼ ਰਿਪੋਰਟਰ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਇੰਟਲੈਕਚੁਅਲ ਪ੍ਰਾਪਰਟੀ ਰਾਈਟ ਸੈੱਲ ਅਤੇ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਵੱਲੋਂ ਇੰਟਲੈਕਚੁਅਲ ਪ੍ਰਾਪਰਟੀ ਰਾਈਟ -ਆਈਪੀਆਰ- ਅਰਾਈਜ਼ 'ਤੇ ਇਕ ਰੋਜ਼ਾ ਵਰਕਸ਼ਾਪ ਲਗਵਾਈ ਗਈ । ਇਹ ਵਰਕਸ਼ਾਪ ਦਾ ਆਯੋਜਨ ਪੰਜਾਬ ਸਟੇਟ ਕਾਉਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ ਚੰਡੀਗੜ੍ਹ ਦੀ ਸਰਪ੍ਰਸਤੀ ਅਧੀਨ ਵਿਸ਼ਵ ਇੰਟਲੈਕਚੁਅਲ ਪ੍ਰਾਪਰਟੀ ਦਿਵਸ -2021 ਨੂੰ ਮਨਾਉਣ ਲਈ ਰਾਜ ਵਿਚ ਚੱਲ ਰਹੇ ਰਾਜ-ਪੱਧਰੀ ਸਮਾਗਮਾਂ ਦੀ ਲੜੀ ਵਜੋਂ ਕੀਤਾ ਗਿਆ।

ਇਸ ਇਕ ਦਿਨ ਦੇ ਪ੍ਰੋਗਰਾਮ ਵਿਚ ਇੰਟਲੈਕਚੁਅਲ ਪ੍ਰਾਪਰਟੀ, ਪੇਟੈਂਟੇ ਹੋਣ ਯੋਗ ਕੀ ਹੈ ਅਤੇ ਕੀ ਨਹੀਂ, ਕੌਮੀ ਦ੍ਰਿਸ਼ਟੀਕੋਣ ਵਿਚ ਪੰਜਾਬ ਦੀ ਸਥਿਤੀ ਅਤੇ ਪੇਟੈਂਟ ਸਰਚ ਅਤੇ ਡ੍ਰਾਫਟਿੰਗ ਬਾਰੇ ਵਰਕਸ਼ਾਪ ਆਦਿ ਇਸ ਵਿਚ ਸ਼ਾਮਲ ਸਨ। ਇਸ ਵਰਕਸ਼ਾਪ ਵਿਚ ਪੂਰੇ ਉੱਤਰ ਭਾਰਤ ਤੋਂ ਪ੍ਰਤਿਭਾਗੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਗਿਆ। ਮੁੱਖ ਮਹਿਮਾਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਨੇ ਅਜੋਕੇ ਸੰਸਾਰ ਵਿਚ ਖਾਸ ਕਰਕੇ ਖੋਜ ਦੇ ਖੇਤਰ ਵਿਚ ਆਈਪੀਆਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਰਾਸ਼ਟਰੀ ਪੱਧਰ 'ਤੇ ਆਈਪੀਆਰ ਦੀ ਸਥਿਤੀ ਅਤੇ ਮੌਜੂਦਾ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ। ਉਨ੍ਹਾਂ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਇਸ ਨਾਲ ਜੁੜੇ ਮਸਲਿਆਂ ਤੋਂ ਜਾਣੂ ਕਰਵਾਉਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਈਪੀਆਰ ਖੋਜ ਦੇ ਹਰ ਖੇਤਰ ਵਿਚ ਮਹੱਤਵਪੂਰਨ ਹਨ। ਪ੍ਰੋ. ਆਸ਼ੀਸ਼ ਬਾਲਦੀ ਨੋਡਲ ਅਫਸਰ ਆਈਪੀਆਰ ਸੈੱਲ ਅਤੇ ਡਾਇਰੈਕਟਰ, ਆਈਕਿਯੂਏਸੀ ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਵਰਕਸ਼ਾਪ ਦੇ ਵਿਸ਼ੇ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਬਹੁਤ ਹੀ ਥੋੜੇ ਸਮੇਂ ਵਿਚ ਐਮਆਰਐਸਪੀਟੀਯੂ ਨੇ 19 ਖੋਜ ਪ੍ਰੋਜੈਕਟ ਅਤੇ 17 ਪੇਟੈਂਟ / ਕਾਪੀਰਾਈਟ ਪ੍ਰਾਪਤ ਕਰਕੇ ਆਪਣੀ ਵਖਰੀ ਪਛਾਣ ਬਣਾਈ ਹੈ। ਤਕਨੀਕੀ ਸੈਸ਼ਨਾਂ ਦੌਰਾਨ, ਦਿਵਿਆ ਕੌਸ਼ਕਿ ਸਾਇੰਟਿਸਟ, ਪੇਟੈਂਟ ਇਨਫਰਮੇਸ਼ਨ ਸੈੱਲ, ਪੀਐਸਸੀਐਸਟੀ ਚੰਡੀਗੜ ਵਲੋਂ ਇਨੋਵੇਸ਼ਨ, ਐਂਟਰਪ੍ਰਨਯਰਿਸ ਅਤੇ ਆਰਥਿਕ ਗਰੋਥ ਆਦਿ ਵਿਸ਼ਿਆਂ """ਤੇ ਗੱਲਬਾਤ ਕੀਤੀ। ਪੰਚਕੂਲਾ ਤੋਂ ਮਾਹਿਰ ਡਾ. ਰਾਹੁਲ ਤਨੇਜਾ ਵਲੋਂ ਆਈਪੀਆਰਜ਼ ਸਬੰਧੀ ਪ੍ਰੋਸੈਸਿੰਗ ਅਤੇ ਪੇਚੀਦਗੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸੈਸ਼ਨਾਂ ਦਾ ਸੰਚਾਲਨ ਡਾ. ਪ੍ਰਿਤਪਾਲ ਸਿੰਘ ਭੁੱਲਰ (ਯੂਨੀਵਰਸਿਟੀ ਬਿਜ਼ਨਸ ਸਕੂਲ) ਅਤੇ ਡਾ. ਰਾਹੁਲ ਦੇਸ਼ਮੁਖ (ਫਾਰਮਾਸਿਊਟੀਕਲ ਸਾਇੰਸਜ਼ ਐਂਡ ਟੈਕਨੋਲੋਜੀ ਵਿਭਾਗ) ਵਲੋਂ ਕੀਤਾ ਗਿਆ। ਵਰਕਸ਼ਾਪ ਦੌਰਾਨ ਜਸ਼ਨਦੀਪ ਸਿੰਘ, ਸਹਿਯੋਗੀ ਸਾਥੀ, ਇਨਵੈਂਟਪਾਈਪ ਅਤੇ ਡਾ. ਕਵਲਜੀਤ ਸਿੰਘ ਸੰਧੂ, ਫੂਡ ਸਾਇੰਸ ਅਤੇ ਟੈਕਨਾਲੋਜੀ, ਐਮਆਰਐਸਪੀਟੀਯੂ ਵਿਭਾਗ ਵਲੋਂ ਵਰਕਸ਼ਾਪ ਦੀ ਸਫ਼ਲਤਾ ਲਈ ਅਹਿਮ ਰੋਲ ਅਦਾ ਕੀਤਾ ਗਿਆ। ਸਮਾਪਤੀ ਸਮਾਰੋਹ ਦੌਰਾਨ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਗੁਰਿੰਦਰ ਪਾਲ ਸਿੰਘ ਬਰਾੜ ਨੇ ਕੋਆਰਡੀਨੇਟਰਾਂ ਦੇ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਿਆਂ ਖੋਜ ਅਤੇ ਨਵੀਨਤਾ ਪੁਰਸਕਾਰ ਸਮਾਰੋਹ ਦੀ ਪ੍ਰਧਾਨਗੀ ਕੀਤੀ। ਪ੍ਰੋ. ਆਸ਼ੀਸ਼ ਬਾਲਦੀ ਦੁਆਰਾ ਟਿੱਪਣੀ ਅਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ। ਡੀਨ ਅਕਾਦਮਿਕ ਮਾਮਲੇ, ਪ੍ਰੋ. ਸਵੀਨਾ ਬਾਂਸਲ, ਡੀਨ ਰਿਸਰਚ ਐਂਡ ਡਿਵੈਲਪਮੈਂਟ ਪ੍ਰੋ. ਜਸਬੀਰ ਸਿੰਘ ਹੁੰਦਲ, ਡੀਨ ਕਨਸਲਟੈਂਸੀ, ਡਾ. ਮਨਜੀਤ ਬਾਂਸਲ, ਡੀਨ ਵਿਦਿਆਰਥੀ ਭਲਾਈ, ਡਾ. ਪਰਮਜੀਤ ਸਿੰਘ, ਪ੍ਰੋ. ਬਲਵਿੰਦਰ ਸਿੰਘ ਸਿੱਧੂ, ਡਾਇਰੈਕਟਰ ਲੋਕ ਸੰਪਰਕ, ਹਰਜਿੰਦਰ ਸਿੱਧੂ, ਯੂਨੀਵਰਸਿਟੀ ਦੇ ਫੈਕਲਟੀ ਅਤੇ ਅਧਿਕਾਰੀਆਂ ਨੇ ਵੀ ਸ਼ਰਿਕਤ ਕੀਤੀ।



ਵਰਕਸ਼ਾਪ ਦੌਰਾਨ ਉਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਤੇ ਹੋਰ ਮੋਹਤਬਰ।

दैनिक भास्कर बठिंडा, रविवार 02 मई, 2021 | 04

# इंटलेक्चुअल प्रोपर्टी राइट खोज के सारे क्षेत्र में महत्वपूर्ण : वीसी



**बठिंडा|** महाराजा रंजीत सिंह पंजाब टेक्निकल यूनिवर्सिटी के इंटलेक्चुअल प्रोपर्टी राइट सेल और इंटरनल क्वालिटी एश्योरेंस सेल की ओर से इंटलेक्चुअल प्रोपर्टी राइट आईपीआर अराइज पर वर्कशाप कराई गई। पंजाब स्टेट काउंसिल फॉर साइंस एंड टेक्नोलॉजी के संरक्षण में विश्व इंटलेक्चुअल प्रोपर्टी दिवस को मनाने के लिए प्रदेश में चल रहे राज्यस्तरीय समागम की लड़ी में किया गया। इस प्रोग्राम में इंटलेक्चुअल प्रोपर्टी, पेटेंट होने के योग्य क्या है और क्या नहीं, राष्ट्रीय दृष्टिकोण में पंजाब की स्थित तथा पेटैंट सर्च व ड्राफ्टिंग के बारे में बताया गया। वर्कशाप में उत्तर भारत के प्रतिभागियों ने भाग लिया। मुख्यातिथि यूनिवर्सिटी के वीसी प्रो. बूटा सिंह सिधू ने वर्तमान में संसार में, विशेषकर खोज के क्षेत्र में आईपीआर की महत्ता बताई। उन्होंने राष्ट्रीय स्तर पर आईपीआर के हालात व मौजूदा दृष्टिकोण बताए। उन्होंने फैकल्टी को विद्यार्थियों से इससे जुड़े मसले से अवगत कराने को प्रेरित किया। आईपीआर खोज के हर क्षेत्र में महत्वपूर्ण है।

नोडल अफसर प्रो. आशीष बालदी ने स्वागत अभिनंदन में वर्कशाप के विषय व उद्देश्य बताए। उन्होंने कहा कि एमआरएसपीटीयू ने 19 खोज प्रोजेक्ट व 17 पेटैंट, कापीराइट हासिल करके अलग पहचान बनाई है।

ਅਜੀਤ
ਵੀਰਵਾਰ, 25 ਫਰਵਰੀ, 2021

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ ਆਨਲਾਈਨ ਅਟਲ ਐਫ.ਡੀ.ਪੀ. ਪ੍ਰੋਗਰਾਮ

ਬਠਿੰਡਾ, 24 ਫਰਵਰੀ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ..ਆਰ. ਐਸ. ਪੀ. ਟੀ. ਯੂ.); ਬਠਿੰਡਾ ਦੇ ਰਸਾਇਣ (ਕੈਮਿਸਟਰੀ) ਵਿਭਾਗ ਵਲੋਂ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਸਪਾਂਸਰ 'ਸੈਂਸਰ ਟੈਕਨਾਲੋਜੀ' ਵਿਸ਼ੇ 'ਤੇ ਸ਼ੁਰੂ ਹੋਏ 5 ਦਿਨ ਅਟਲ ਆਨਲਾਈਨ ਫੈਕਲਟੀ ਵਿਕਾਸ ਪ੍ਰੋਗਰਾਮ (ਐੱਫ.ਡੀ.ਪੀ.), ਦਾ ਉਦਘਾਟਨ ਡਾ. ਰਵਿੰਦਰ ਕੁਮਾਰ ਸੋਨੀ, ਡਾਇਰੈਕਟਰ ਅਟਲ ਅਕੈਡਮੀ ਨੇ ਕੀਤਾ। ਉਨ੍ਹਾਂ ਨੇ ਰੋਜ਼ਾਨਾ ਜੀਵਨ ਵਿਚ ਸੈਂਸਰਾਂ ਦੀ ਭੂਮਿਕਾ ਬਾਰੇ ਜਾਣਕਾਰੀ ਦਿੰਦਿਆਂ ਸਮਾਜ ਦੀ ਉੱਨਤੀ ਲਈ ਅਕਾਦਮਿਕ ਵਿਗਿਆਨੀਆਂ ਦੇ ਗਿਆਨ ਨੂੰ ਅਪਗ੍ਰੇਡ ਕਰਨ ਵਿਚ ਐੱਫ.ਡੀ.ਪੀ. ਦੀ ਮਹੱਤਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਪੂਰੇ ਭਾਰਤ ਵਰਸ਼ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਲਗਭਗ 200 ਪ੍ਰਵਾਨਿਤ ਡੈਲੀਗੇਟ ਐੱਫ.ਡੀ.ਪੀ. ਵਿਚ ਸ਼ਾਮਿਲ ਹੋਣਗੇ। ਪ੍ਰੋਫੈਸਰ ਮਨੋਜ ਕੁਮਾਰ ਸਰਮਾ, ਪ੍ਰੋ. ਵੰਦਨਾ ਭੱਲਾ, ਦੋਵੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ, ਪ੍ਰੋ. ਪ੍ਰਣਬ ਗੋਸਵਾਮੀ, ਆਈ.ਆਈ.ਟੀ. ਗੁਹਾਟੀ ਅਤੇ ਡਾ. ਧਨੰਜੈ ਬੋਦਾਸ, ਅਗਰਕਰ ਰਿਸਰਚ ਇੰਸਟੀਚਿਊਟ ਮੌਜੂਦਾ ਐਫ.ਡੀ.ਪੀ. ਵਿਚ ਪ੍ਰਮੁੱਖ ਬੁਲਾਰੇ ਹੋਣਗੇ। ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਫੈਕਲਟੀ ਵਿਕਾਸ ਲਈ ਅਜਿਹੇ ਸਿਖਲਾਈ ਪ੍ਰੋਗਰਾਮਾਂ ਲਈ ਗ੍ਰਾਂਟ ਪ੍ਰਦਾਨ ਕਰਨ ਲਈ ਏ.ਆਈ.ਸੀ.ਟੀ.ਈ.ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਡੀਨ ਅਕਾਦਮਿਕ ਮਾਮਲੇ ਅਤੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਸਵੀਨਾ ਬਾਂਸਲ ਅਤੇ ਡੀਨ ਰਿਸਰਚ ਐਂਡ ਡਿਵੈਲਪਮੈਂਟ, ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਐੱਫ.ਡੀ.ਪੀ. ਦੇ ਕੋਆਰਡੀਨੇਟਰ ਡਾ. ਮੀਨੂੰ ਨੇ ਮੌਜੂਦਾ ਐੱਫ.ਡੀ.ਪੀ. ਪ੍ਰੋਗਰਾਮਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਕੈਮਿਸਟਰੀ ਵਿਭਾਗ ਦੀ ਮੁਖੀ ਡਾ. ਸੀਮਾ ਸਰਮਾ ਨੇ ਆਏ ਮਹਿਮਾਨਾਂ ਅਤੇ ਭਾਗ ਲੈਣ ਵਾਲਿਆਂ ਦਾ ਸਵਾਗਤ ਕੀਤਾ ਅਤੇ ਵਿਭਾਗ ਦੀਆਂ ਪ੍ਰਾਪਤੀਆਂ ਅਤੇ ਟੀਚਿਆਂ ਬਾਰੇ ਵਿਚਾਰ ਸਾਂਝੇ ਕੀਤੇ।




ਬਠਿੰਡਾ ਦੇ ਕੈਮਿਸਟਰੀ ਵਿਭਾਗ ਦੁਆਰਾ ਕਰਵਾਏ 'ਸੈਂਸਰ ਟੈਕਨਾਲੋਜੀ' 'ਤੇ ਅਟਲ ਆਨਲਾਈਨ ਫੈਕਲਟੀ ਵਿਕਾਸ ਪ੍ਰੋਗਰਾਮ ਦੀ ਤਸਵੀਰ। ਤਸਵੀਰ : ਲਵਲੀ

ਰੋਜ਼ਾਨਾ ਸਪੋਕਸਮੈਨ | ਬੁਧਵਾਰ, 31 ਮਾਰਚ 2021

# ਗਿਆਨੀ ਜ਼ੈਲ ਸਿੰਘ ਕੈਂਪਸ ਵਿਚ ਸਿਖਲਾਈ ਪ੍ਰੋਗਰਾਮ ਦਾ ਆਯੋਜਨ

ਬਠਿੰਡਾ 30 ਮਾਰਚ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਧੀਨ ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਲੋਂ ਆਯੋਜਿਤ "ਪਾਈਥਨ ਪ੍ਰੋਗ੍ਰਾਮਿੰਗ" ਵਿਸ਼ੇ 'ਤੇ ਇਕ ਹਫਤਾ ਆਨ ਲਾਈਨ ਮੋਡ ਸਾਰਟ ਟਰਮ ਟ੍ਰੇਨਿੰਗ ਪ੍ਰੋਗਰਾਮ ਕੈਂਪਸ ਵਿਖੇ ਸਮਾਪਤ ਹੋਇਆ।

ਇਹ ਪ੍ਰੋਗਰਾਮ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸਨਵਲੋਂ ਸਪਾਂਸਰ ਕੀਤਾ ਗਿਆ ਸੀ। ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਮਾਹਿਰਾਂ ਨੇ ਪਾਈਥਨ ਪ੍ਰੋਗ੍ਰਾਮਿੰਗ 'ਤੇ ਆਪਣੇ ਮਾਹਿਰ ਭਾਸਣ ਦਿੱਤੇ।

ਮੁੱਖ ਮਾਹਿਰ ਡਾ. ਬੀ. ਮਥੁਰਾ ਬਾਈ ਐਸੋਸੀਏਟ ਪ੍ਰੋਫੈਸਰ ਵੀ.ਐਨ.ਆਰ. ਕਾਲਜ ਹੈਦਰਾਬਾਦ ਨੇ ਕੰਪਿਊਟਰ ਦੇ ਪਾਈਥਨ ਪ੍ਰੋਗ੍ਰਾਮਿੰਗ ਬਾਰੇ ਵੱਢਮੁਲੀ ਜਾਣਕਾਰੀ ਪੇਸ਼ ਕੀਤੀ, ਜਦੋਂ ਕਿ ਡਾ. ਐਨ. ਸੁਧਾਕਰ ਯਾਦਵ ਵੀ.ਐਨ.ਆਰ. ਕਾਲਜ ਹੈਦਰਾਬਾਦ ਨੇ ਇਸਦੇ ਤਕਨੀਕੀ ਪਹਿਲੂਆਂ ਜਿਹਨਾਂ ਵਿੱਚ ਸੂਚੀਆਂ, ਟੂਪਲਜ਼ ਅਤੇ ਡਿਕਸਨਰੀ ਸ਼ਾਮਿਲ ਸਨ ਅਤੇ ਪਾਈਥਨ ਪ੍ਰੋਗ੍ਰਾਮਿੰਗ ਦੇ ਨੰਪੀ ਅਤੇ ਪਾਂਡਿਆਂ ਆਦਿ ਵਿਸ਼ਿਆਂ ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ।ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ ਏ.ਆਈ.ਸੀ. ਟੀ.ਈ.-ਐਮ. ਆਰ. ਐਸ. ਪੀ. ਟੀ. ਯੂ. ਪ੍ਰੋਗਰਾਮ ਕੋਆਰਡੀਨੇਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਵਿਭਾਗ ਦੀਆਂ ਕੋਸਸਿਾਂ ਦੀ ਸਲਾਘਾ ਕਰਦਿਆਂ ਏ. ਆਈ. ਸੀ. ਟੀ. ਈ. ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ।

JAG BANI

Ludhiana, Wednesday, 31 March 2021

# 'ਪਾਈਥਨ ਪ੍ਰੋਗਰਾਮਿੰਗ' ਵਿਸ਼ੇ 'ਤੇ ਇਕ ਹਫ਼ਤਾ ਸਿਖਲਾਈ ਪ੍ਰੋਗਰਾਮ ਕਰਵਾਇਆ



ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਮਾਹਿਰ।

ਬਠਿੰਡਾ, 30 ਮਾਰਚ (ਵਰਮਾ)-ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੌਜੀ (ਜੀ. ਜ਼ੈਡ. ਐੱਸ. ਸੀ. ਸੀ. ਈ. ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.) ਦੇ ਕੰਪਿਊਟਰ ਸਾਇੰਸ ਇੰਜੀਨੀਅਰਿੰਗ (ਸੀ. ਐੱਸ. ਈ.) ਵਿਭਾਗ ਵੱਲੋਂ ਆਯੋਜਿਤ 'ਪਾਈਥਨ ਪ੍ਰੋਗਰਾਮਿੰਗ' ਵਿਸ਼ੇ 'ਤੇ ਇਕ ਹਫਤਾ ਆਨ ਲਾਈਨ ਮੋਡ ਸ਼ਾਰਟ ਟਰਮ ਟ੍ਰੇਨਿੰਗ ਪ੍ਰੋਗਰਾਮ (ਐੱਸ. ਟੀ. ਟੀ. ਪੀ.) ਕੈਂਪਸ ਵਿਖੇ ਸਮਾਪਤ ਹੋਇਆ।

ਇਹ ਪ੍ਰੋਗਰਾਮ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਵੱਲੋਂ ਸਪਾਂਸਰ ਕੀਤਾ ਗਿਆ ਸੀ। ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਮਾਹਿਰਾਂ ਨੇ ਪਾਈਥਨ ਪ੍ਰੋਗ੍ਰਾਮਿੰਗ 'ਤੇ ਆਪਣੇ ਮਾਹਿਰ ਭਾਸ਼ਣ ਦਿੱਤੇ ਜੋ ਫੈਕਲਟੀ ਅਤੇ ਪੀ. ਐੱਚ. ਡੀ. ਰਿਸਰਚ ਵਿਦਵਾਨਾਂ ਲਈ ਬਹੁਤ ਲਾਹੇਵੰਦ ਸਿੱਧ ਹੋਏ।

ਮੁੱਖ ਮਾਹਿਰ ਡਾ. ਬੀ. ਮਥੁਰਾ ਬਾਈ, ਐਸੋਸੀਏਟ ਪ੍ਰੋਫੈਸਰ, ਵੀ. ਐੱਨ. ਆਰ. ਕਾਲਜ ਹੈਦਰਾਬਾਦ ਨੇ ਕੰਪਿਊਟਰ ਦੇ ਪਾਈਥਨ ਪ੍ਰੋਗ੍ਰਾਮਿੰਗ ਬਾਰੇ ਵਢਮੁੱਲੀ ਜਾਣਕਾਰੀ ਪੇਸ਼ ਕੀਤੀ, ਜਦੋਂ ਕਿ ਡਾ. ਐੱਨ. ਸੁਧਾਕਰ ਯਾਦਵ, ਵੀ. ਐੱਨ. ਆਰ. ਕਾਲਜ ਹੈਦਰਾਬਾਦ ਨੇ ਇਸਦੇ ਤਕਨੀਕੀ ਪਹਿਲੂਆਂ ਜਿਨ੍ਹਾਂ 'ਚ ਸੂਚੀਆਂ, ਟੂਪਲਜ਼ ਅਤੇ ਡਿਕਸ਼ਨਰੀ ਸ਼ਾਮਲ ਸਨ ਅਤੇ ਪਾਈਥਨ ਪ੍ਰੋਗ੍ਰਾਮਿੰਗ ਦੇ ਨੰਪੀ ਅਤੇ ਪਾਂਡਿਆਂ ਆਦਿ ਵਿਸ਼ਿਆਂ 'ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ ਏ. ਆਈ. ਸੀ. ਟੀ. ਈ.-ਐੱਮ. ਆਰ. ਐੱਸ. ਪੀ. ਟੀ. ਯੂ. ਪ੍ਰੋਗਰਾਮ ਕੋਆਰਡੀਨੇਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਵਿਭਾਗ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਿਆਂ ਏ. ਆਈ. ਸੀ. ਟੀ. ਈ. ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਪ੍ਰੋਗਰਾਮ ਦੀ ਸਮਾਪਤੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰ ਪਾਲ ਸਿੰਘ ਬਰਾੜ ਵੱਲੋਂ ਧੰਨਵਾਦ ਦੇ ਮਤੇ ਨਾਲ ਹੋਈ, ਜਦੋਂਕਿ ਵਿਸ਼ੇਸ਼ ਮਹਿਮਾਨ ਵਜੋਂ ਐੱਮ. ਆਰ. ਐੱਸ. ਪੀ. ਟੀ. ਯੂ. ਵਿੱਤ ਅਧਿਕਾਰੀ, ਡਾ. ਸੰਦੀਪ ਕਾਂਸਲ ਸ਼ਾਮਲ ਹੋਏ।

ਪ੍ਰੋਗਰਾਮ ਦੇ ਕੋ-ਕੋਆਰਡੀਨੇਟਰ ਡਾ. ਅਭਿਲਾਸ਼ਾ ਜੈਨ ਸਨ, ਜਦੋਂ ਕਿ ਕਨਵੀਨਰ ਵਿਭਾਗ ਦੇ ਮੁਖੀ ਡਾ. ਦਿਨੇਸ਼ ਕੁਮਾਰ ਸਨ। ਇੰਜ. ਮਨਪ੍ਰੀਤ ਕੌਰ ਅਤੇ ਇੰਜ. ਨਵਦੀਪ ਕੌਰ ਖੀਵਾ ਵੱਲੋਂ ਪ੍ਰੋਗਰਾਮ ਦਾ ਸੰਚਾਲਨ ਸ਼ਾਨਦਾਰ ਤਰੀਕੇ ਨਾਲ ਕੀਤਾ ਗਿਆ।

ਪੰਜਾਬੀ ਜਾਗਰਣ ਜਲੰਧਰ 22 ਅਗਸਤ 2020

# ਨੌਕਰੀ ਤੇ ਖੋਜ ਦੇ ਮੌਕਿਆਂ ਬਾਰੇ ਕਰਵਾਇਆ ਵੈਬੀਨਾਰ

**ਪੱਤਰ ਪ੍ਰੇਰਕ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਬਠਿੰਡਾ ਦੇ ਭੌਤਿਕ ਵਿਗਿਆਨ ਵਿਭਾਗ ਨੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਤੋਂ ਬਾਅਦ ਸਾਇੰਸ ਦੇ ਵਿਦਿਆਰਥੀਆਂ ਲਈ ਨੌਕਰੀ ਤੇ ਖੋਜ ਦੇ ਮੌਕਿਆਂ ਬਾਰੇ ਇਕ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਦਾ ਮਕਸਦ ਵਿਦਿਆਰਥੀਆਂ 'ਚ ਨੌਕਰੀਆਂ ਦੇ ਵੱਖ-ਵੱਖ ਮੌਕਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਵੈਬੀਨਾਰ ਵਿਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੀ ਸ਼ੁਰੂਆਤ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਅਤੇ ਖੋਜ ਅਤੇ ਵਿਕਾਸ ਵਿਭਾਗ ਦੇ ਡੀਨ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਦੇ ਉਦਘਾਟਨੀ ਭਾਸ਼ਣ ਨਾਲ ਹੋਈ। ਯੂਨੀਵਰਸਿਟੀ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਵਿਭਾਗ ਦੇ ਡਾਇਰੈਕਟਰ ਇੰਜੀ: ਹਰਜੋਤ ਸਿੰਘ ਸਿੱਧੂ ਇਸ ਵੈਬੀਨਾਰ ਦੇ ਮੁੱਖ ਸਪੀਕਰ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਅਤੇ ਸੰਸਥਾਵਾਂ ਵਿਚ ਨੌਕਰੀਆਂ ਦੇ ਪਹਿਲੂਆਂ ਬਾਰੇ ਚਾਨਣਾ ਪਾਇਆ। ਵੈਬੀਨਾਰ ਵਿਚ ਸਾਇੰਸ ਦੇ ਵਿਦਿਆਰਥੀਆਂ ਨੂੰ ਨੌਕਰੀਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕ ਕੀਤਾ ਅਤੇ



**ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ ਇੰਜੀ: ਹਰਜੋਤ ਸਿੰਘ ਸਿੱਧੂ ਵੈਬੀਨਾਰ 'ਚ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ।**

ਇਹ ਧਾਰਨਾ ਦੂਰ ਕੀਤੀ ਕਿ ਬੀਐਸਸੀ ਅਤੇ ਐੱਮਐੱਸਸੀ ਕਰਨ ਤੋਂ ਬਾਅਦ ਅਧਿਆਪਨ ਹੀ ਇਕ ਵਿਕਲਪ ਹੈ। ਇੰਜ: ਸਿੱਧੂ ਨੇ ਜ਼ੋਰ ਦਿੱਤਾ ਕਿ ਸਾਇੰਸ ਦੇ ਵਿਦਿਆਰਥੀਆਂ ਕੋਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਵਾਂਗ ਨੌਕਰੀ ਦੇ ਬਹੁਤ ਜ਼ਿਆਦਾ ਮੌਕੇ ਹਨ। ਉਨ੍ਹਾਂ ਕਿਹਾ ਕਿ ਐਮਆਰਐਸਪੀਟੀਯੂ ਵਿਦਿਆਰਥੀਆਂ ਨੂੰ ਨੌਕਰੀਆਂ ਦੇ ਚੰਗੇ ਮੌਕੇ ਪ੍ਰਦਾਨ ਕਰਵਾ ਰਹੀ ਹੈ। ਇਸ ਪ੍ਰੋਗਰਾਮ ਦੀ ਸਮਾਪਤੀ ਭੌਤਿਕ ਵਿਗਿਆਨ ਵਿਭਾਗ ਤੋਂ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਵੀਨਾ ਸਰਮਾ ਵਲੋਂ ਧੰਨਵਾਦ ਦੇ ਮਤੇ ਨਾਲ ਹੋਈ।

ਪੰਜਾਬੀ ਜਾਗਰਣ ਜਲੰਧਰ 10 ਦਸੰਬਰ 2020

ਸਮਾਗਮ

ਨਤੀਜਿਆਂ 'ਤੇ ਅਧਾਰਤ ਸਿੱਖਿਆ ਤੇ ਮਾਨਤਾ' ਬਾਰੇ ਜਾਗਰੂਕਤਾ ਵੈੱਬੀਨਾਰ ਕਰਵਾਇਆ

# ਸਿੱਖਿਆ ਦੀ ਗੁਣਵੱਤਾ ਸਮੇਂ ਦੀ ਲੋੜ : ਉਪ-ਕੁਲਪਤੀ

ਹਰਕ੍ਰਿਸ਼ਨ ਸ਼ਰਮਾ, ਬਠਿੰਡਾ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਬਠਿੰਡਾ ਅਤੇ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈਕੇਜੀਪੀਟੀਯੂ) ਜਲੰਧਰ ਵਲੋਂ ਨੈਸ਼ਨਲ ਬੋਰਡ ਆਫ ਐਕਰੀਡੀਏਸ਼ਨ (ਐਨਬੀਏ) ਦੇ ਸਹਿਯੋਗ ਨਾਲ 'ਵਿਕਾਸ ਤੇ ਨਤੀਜਿਆਂ 'ਤੇ ਅਧਾਰਤ ਸਿੱਖਿਆ ਅਤੇ ਮਾਨਤਾ' ਵਿਸ਼ੇ 'ਤੇ ਇਕ ਰੋਜ਼ਾ ਜਾਗਰੂਕਤਾ ਵੈਬੀਨਾਰ ਕਰਵਾਇਆ ਗਿਆ, ਜਿਸ ਵਿਚ ਦੋਵਾਂ ਟੈਕਨੀਕਲ ਯੂਨੀਵਰਸਿਟੀਆਂ ਦੇ ਐਫੀਲਿਏਟਡ ਅਤੇ ਕੰਸਟੀਚਿਊਐਂਟ ਕਾਲਜਾਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ।

ਵੈਬੀਨਾਰ ਨੂੰ ਸੰਬੋਧਨ ਕਰਦਿਆਂ ਐਨਬੀਏ ਚੇਅਰਮੈਨ ਪ੍ਰੋ. (ਡਾ.) ਕੇਕੇ ਅਗਰਵਾਲ ਨੇ ਦੱਸਿਆ ਕਿ ਨੈਸ਼ਨਲ ਬੋਰਡ ਆਫ਼ ਐਕਰੀਡੀਏਸ਼ਨ ਵਲੋਂ ਪ੍ਰਮਾਣਿਤ ਕਰਵਾਉਣਾ ਹਰੇਕ ਵਿਦਿਅਕ ਸੰਸਥਾ ਲਈ ਜ਼ਰੂਰੀ ਹੈ। ਐਨਬੀਏ ਸਰਟੀਫਿਕੇਸ਼ਨ ਸੰਸਥਾ ਨੂੰ ਬਹੁਤ ਸਾਰੇ ਲਾਭਾਂ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ, ਜਿਸ ਵਿਚ ਇਸ ਦੀਆਂ ਸ਼ਕਤੀਆਂ, ਕਮਜ਼ੋਰੀਆਂ ਅਤੇ ਉਪਲੱਬਧ ਮੌਕਿਆਂ ਨੂੰ ਜਾਣਨਾ ਸ਼ਾਮਲ ਹੈ। ਐੱਮਆਰਐੱਸਪੀਟੀਯੂ ਦੇ ਉਪ ਕੁਲਪਤੀ ਪ੍ਰੋਫ਼ੈਸਰ ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਸਿੱਖਿਆ ਦੀ ਗੁਣਵਤਾ ਸਮੇਂ ਦੀ ਮੁੱਖ ਲੋੜ ਹੈ, ਜਿਸ ਦਾ ਟੀਚਾ ਗਿਆਨ, ਸਸ਼ਕਤੀਕਰਨ ਅਤੇ ਉੱਦਮ ਹੋਣਾ ਚਾਹੀਦਾ ਹੈ। ਪ੍ਰੋ. ਸਿੱਧੂ ਨੇ ਦੱਸਿਆ ਕਿ ਦੇਸ਼ ਉੱਚ ਤਕਨੀਕੀ ਸਿੱਖਿਆ ਵਿਚ ਤੇਜ਼ੀ ਨਾਲ ਅੱਗੇ ਵਧਿਆ ਹੈ ਪਰ ਸਿੱਖਿਆ ਦੀ ਗੁਣਵੱਤਾ ਅਜੇ ਵੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਵਿਦਿਅਕ ਸੰਸਥਾਵਾਂ ਲਈ ਐਕਰੀਡੀਏਸ਼ਨ ਦੀ ਮਹਤੱਤਾ ਬਾਰੇ ਵੀ ਜਾਣਕਾਰੀ ਦਿੱਤੀ। ਆਈਕੇਜੀਪੀਟੀਯੂ ਉਪ ਕੁਲਪਤੀ ਪ੍ਰੋਫ਼ੈਸਰ ਅਜੈ ਕੁਮਾਰ ਸ਼ਰਮਾ ਨੇ ਨਤੀਜਾ ਅਧਾਰਤ ਸਿੱਖਿਆ ਅਤੇ ਮਾਨਤਾ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ। ਡਾ. ਅਨਿਲ ਕੁਮਾਰ ਨਾਸਾ ਮੈਂਬਰ ਸੈਕਟਰੀ ਐਨਬੀਏ ਨੇ ਹਿੱਸਾ ਲੈਣ ਵਾਲਿਆਂ ਨੂੰ ਮੁਲਾਂਕਣ ਵਿਧੀ, ਦਿਸ਼ਾ ਨਿਰਦੇਸ਼ਾਂ, ਲਾਭਾਂ, ਕੁਆਲਿਟੀ ਪਹਿਲਕਦਮੀਆਂ, ਵਾਸ਼ਿੰਗਟਨ ਸਮਝੌਤਾ ਮੈਂਬਰਸ਼ਿਪ ਅਤੇ ਇਸਦੇ ਫਾਇਦੇ ਅਤੇ ਐਨਬੀਏ ਦੀਆਂ ਭਵਿੱਖ ਦੀ ਯੋਜਨਾਵਾਂ ਬਾਰੇ ਦੱਸਿਆ।

ਇਸ ਮੌਕੇ ਮਾਹਿਰ ਸਪੀਕਰ ਪ੍ਰੋ. ਮੁਥੁਕ੍ਰਿਸ਼ਨਨ ਸਾਬਕਾ ਡਿਪਟੀ ਡਾਇਰੈਕਟਰ ਆਈਆਈਟੀ ਮਦਰਾਸ-ਚੇਨਈ ਨੇ ਨਤੀਜਾ ਅਧਾਰਤ ਸਿੱਖਿਆ ਅਤੇ ਪ੍ਰਾਪਤੀ, ਵਿਜ਼ਨ, ਮਿਸ਼ਨ, ਪ੍ਰੋਗਰਾਮ ਵਿਦਿਅਕ ਉਦੇਸ਼ਾਂ, ਗ੍ਰੈਜੂਏਟ ਗੁਣਾਂ ਅਤੇ ਪ੍ਰੋਗਰਾਮਾਂ ਦੇ ਨਤੀਜਿਆਂ ਦੇ ਪ੍ਰਮੁੱਖ ਹਿੱਸਿਆਂ ਬਾਰੇ ਸੇਧ ਦਿੱਤੀ। ਡਾ. ਆਰਵੀ ਰੰਗਨਾਥ ਪ੍ਰੋਫੈਸਰ ਬੀਐੱਮਐੱਸ ਕਾਲਜ ਆਫ਼ ਇੰਜੀਨੀਅਰਿੰਗ ਬੰਗਲੌਰ ਨੇ ਸਵੈ ਮੁਲਾਂਕਣ ਰਿਪੋਰਟ (ਐਸੱਏਆਰ) ਨਾਲ ਜੁੜੇ ਵਿਸ਼ਿਆਂ ਨੂੰ ਛੂਹਿਆ ਅਤੇ ਇਸ ਨੂੰ ਤਿਆਰ ਕਰਨ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ। ਆਈਕੇਜੀਪੀਟੀਯੂ ਡੀਨ ਅਕਾਦਮਿਕ ਪ੍ਰੋਫੈਸਰ ਵਿਕਾਸ ਚਾਵਲਾ ਨੇ ਸਰੋਤ ਵਿਅਕਤੀਆਂ ਅਤੇ ਮੁੱਖ ਬੁਲਾਰਿਆਂ ਨਾਲ ਜਾਣ-ਪਛਾਣ ਕਰਾਈ, ਜਦੋਂਕਿ ਐਮਆਰਐਸਪੀਟੀਯੂ ਦੇ ਪ੍ਰੋਗਰਾਮ ਕਨਵੀਨਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਸਮਾਗਮ ਦੀ ਸਫ਼ਲਤਾ ਵਿਚ ਅਹਿਮ ਭੂਮਿਕਾ ਨਿਭਾਈ। ਯੂਨੀਵਰਸਿਟੀਆਂ ਨਾਲ ਐਫੀਲਿਏਟਡ ਕਾਲਜ਼ਾਂ ਦੇ ਚੇਅਰਮੈਨ, ਡਾਇਰੈਕਟਰਜ਼, ਪ੍ਰਿੰਸੀਪਲ ਨੇ ਵੀ ਇਸ ਵੈਬਿਨਾਰ ਵਿਚ ਭਾਗ ਲਿਆ।



ਐੱਮਆਰਐੱਸਪੀਟੀਯੂ ਉਪ-ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਵੈਬੀਨਾਰ ਨੂੰ ਸੰਬੋਧਨ ਕਰਦੇ ਹੋਏ।

# विकास व नतीजों पर आधारित शिक्षा व मान्यता विषय पर कराया वेबिनार




बठिंडा| महाराजा रंजीत सिंह पंजाब टेक्निकल यूनिवर्सिटी व इंदर कुमार गुजरात पंजाब टेक्निकल यूनिवर्सिटी द्वारा नेशनल बोर्ड आफ एक्रीडिएशन के सहयोग से विकास व नतीजे पर आधारित शिक्षा व मान्यता विष्षय पर जागरूकता वेबिनार कराया गया।

एनबीए चेयरमैन प्रो. केके अग्रवाल ने कहा कि नेशनल बोर्ड ऑफ एक्रीडिएशन द्वारा प्रमाणित करवाना हरेक शैक्षिक संस्था के लिए जरूरी है। एनबीए सर्टिफिकेशन संस्था को अनेक लाभ से समझने में सहायता करता है जिसकी इसकी शक्तियां, कमजोरियां व उपलब्ध अवसरों को जानना शामिल है। एमआरएसपीटीयू के वीसी प्रो. बूटा सिंह सिद्धू ने कहा कि शिक्षा की गुणवत्ता समय की जरूरत है और शिक्षा का लक्ष्य ज्ञान, सशक्तिकरण और उद्यम होना चाहिए। आईकेजीपीटीयू के वीसी प्रो. अजयकुमार शर्मा ने नतीजा आधारित शिक्षा व मान्यता के विभिन्न पहलुओं के बारे में बताया। एनबीए मेंबर सेक्रेटरी डॉ. अनिल कुमार नासा ने मूल्यांकन विधि, दिशा-निर्देश, लाभ, क्वालिटी पहलकदमी, वाशिंगटन समझौता मेंबरशिप व इसके फायदे तथा एनबीए की भविष्य की योजनाएं बताई। मुख्य वक्ता आईआईटी मद्रास के पूर्व डिप्टी डायरेक्टर प्रो. मुत्थुकृष्णन ने नतीजा आधारित शिक्षा व प्राप्ति, विजन, मिशन, प्रोग्राम शैक्षिक उद्देश्य, ग्रेजुएट गुण व प्रोग्राम के नतीजों के बारे में मार्गदर्शन किया।

दैनिक जागरण बठिंडा/मालवा, 24 फरवरी, 2021

शिक्षा | महाराजा रणजीत सिंह पंजाब टेक्निकल यूनिवर्सिटी ने किया आयोजन

# फैकल्टी डेवलपमेंट प्रोग्राम करवाया

जागरण संवाददाता, बठिंडा : महाराजा रणजीत सिंह पंजाब टेक्निकल यूनिवर्सिटी बठिंडा के रासायन विभाग की ओर से आल इंडिया कौंसिल आफ टेक्निकल एजुकेशन द्वारा स्पांसर सेंसर टेक्नोलाजी विषय पर पांच दिवसीय अटल आनलाइन फैकेल्टी डेवलपमेंट प्रोग्राम का आयोजन किया गया। इसका उद्घाटन डायरेक्टर अटल एकेडमी डा. रविंदर कुमार ने किया।

इस प्रोग्राम में विभिन्न संस्थाओं के लगभग 200 डेलिगेट भाग लेंगे। जिनमें अमृतसर की गुरु नानक देव यूनिवर्सिटी के मनोज कुमार शर्मा व प्रो. वंदन भल्ला, गुवाहटी की आईआईटी के प्रो. प्रणव गोस्वामी व अगरकर रिचर्स इंस्टीच्यूट के डा. धनजय बोदास मुख्य वक्ता होंगे।



महाराजा रणजीत सिंह पंजाब टेक्निलक यूनिवर्सिटी में करवाए गए कार्यक्रम के दौरान मौजूद रजिस्ट्रार डा. गुरिंद्रपाल सिंह बराड़, डा. सीमा शर्मा व डा. मीनू • जागरण

इस मौके पर यूनिवर्सिटी के उप कुलपति प्रो. बूटा सिंह सिद्धू, रजिस्ट्रार डा. गुरिंद्रपाल सिंह बराड़, डीन अकादमिक मामले व कैंपस डायरेक्टर प्रो. डा. सवीना बांसल, डीन रिसर्च एंड डेवलपमेंट प्रो. डा. जसबीर सिंह हुंदल भी विशेष तौर पर शामिल हुए और उन्होंने अपने विचार रखे।

दैनिक भास्कर बठिंडा, सोमवार 22 फरवरी, 2021 | 03

# ऊर्जा कुशलता व ऊर्जा संभाल पर वेबिनार

बठिंडा| महाराजा रंजीत सिंह पंजाब टेक्निकल यूनिवर्सिटी के ज्ञानी जैल सिंह स्कूल आफ आर्किटेक्चर एंड प्लानिंग की ओर से ऊर्जा कुशलता व ऊर्जा संभाल विषय पर ऑनलाइन लेक्चर-कम-वेबिनार कराया गया। पंजाब ऊर्जा विकास एजेंसी व ब्यूरो आफ एनर्जी एफिशिएंसी तथा डीटूओ की ओर से 18 से 26 फरवरी तक मनाए जा रहे ऊर्जा संभाल सप्ताह के अंतर्गत पंजाब के कई कॉलेज व यूनिवर्सिटियों में ऊर्जा कुशलता व ऊर्ज संभाल विषय पर भाषण करवाए जा रहे हैं। मुख्य वक्ता कुशाग्रा व अक्षत सक्सेना ने भी विभिन्न विषयों के बारे में बताया। इस दौरान ऑनलाइन क्विज भी कराई गई।

ਅਜੀਤ
ਸਨਿਚਰਵਾਰ, 20 ਫਰਵਰੀ 2021

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ ਵੈਬੀਨਾਰ

ਬਠਿੰਡਾ, 19 ਫਰਵਰੀ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਦੇ ਗਿਆਨੀ ਜ਼ੈਲ ਸਿੰਘ (ਜੀ.ਜ਼ੈਡ.ਐੱਸ.) ਸਕੂਲ ਆਫ਼ ਆਰਕੀਟੈਕਚਰ ਐਂਡ ਪਲਾਨਿੰਗ ਵਲੋਂ ਅੱਜ 'ਊਰਜਾ ਕੁਸ਼ਲਤਾ ਅਤੇ ਊਰਜਾ ਸੰਭਾਲ' ਵਿਸ਼ੇ 'ਤੇ ਇਕ ਦਿਨਾ ਆਨਲਾਈਨ ਲੈਕਚਰ-ਕਮ-ਵੈਬਨਰ ਕਰਵਾਇਆ ਗਿਆ। ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਅਤੇ ਬਿਊਰੋ ਆਫ਼ ਐਨਰਜੀ ਐਫੀਸ਼ੀਏਂਸੀ (ਬੀ.ਈ.ਈ.) ਤੇ ਡੀ. 2 ਓ. ਦੇ ਸਹਿਯੋਗ ਨਾਲ ਕਰਵਾਇਆਂ ਗਿਆ। 18 ਫਰਵਰੀ ਤੋਂ 26 ਫਰਵਰੀ 2021 ਤੱਕ ਊਰਜਾ ਸੰਭਾਲ ਹਫ਼ਤੇ ਵਜੋਂ ਮਨਾਇਆ ਜਾ ਰਹੇ ਵੈਬਨਾਰ ਪੰਜਾਬ ਰਾਜ ਦੇ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਰਵਾਏ ਜਾ ਰਹੇ 'ਊਰਜਾ ਕੁਸ਼ਲਤਾ ਅਤੇ ਊਰਜਾ ਸੰਭਾਲ' ਵਿਸ਼ੇ 'ਤੇ ਭਾਸ਼ਣ ਲੜੀ ਦਾ ਇਕ ਹਿਸਾ ਸੀ, ਜਿਸ ਵਿਚ ਵਿਦਿਆਰਥੀਆਂ ਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਵੈਬਿਨਾਰ ਦਾ ਉਦੇਸ਼ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਮੁਹੱਈਆ ਨਵੀਂ ਤਕਨਾਲੋਜੀਆਂ ਦੀ ਊਰਜਾ ਬੱਚਤ ਅਤੇ ਲਾਗਤ ਬੱਚਤ ਸੰਭਾਵਨਾ ਬਾਰੇ ਇਕ ਸੂਚਿਤ ਵਿਕਲਪ ਪ੍ਰਦਾਨ ਕਰਨਾ ਸੀ ਅਤੇ ਸਿਖਲਾਈ ਦਾ ਉਦੇਸ਼ ਇਮਾਰਤਾਂ, ਉਦਯੋਗਾਂ ਅਤੇ ਕਈ ਖੇਤਰਾਂ ਵਿਚ ਊਰਜਾ ਕੁਸ਼ਲਤਾ ਬਾਰੇ ਇਕ ਵਿਆਪਕ ਜਾਗਰੂਕਤਾ ਪ੍ਰਦਾਨ ਕਰਨਾ ਸੀ। ਇਸ ਮੌਕੇ ਕੈਰੀਅਰ ਦੀਆਂ ਵੱਖ-ਵੱਖ ਸੰਭਾਵਨਾਵਾਂ ਬਾਰੇ ਵੀ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਸਮਾਰੋਹ ਲਈ ਫੈਕਲਟੀ ਸਲਾਹਕਾਰ ਪ੍ਰੋ. ਰਿਪੁਦਮਨ ਸਿੰਘ ਵਲੋਂ ਪੇਡਾ ਦੇ ਅਧਿਕਾਰੀਆਂ ਨਾਲ ਆਰਕੀਟੈਕਚਰ ਵਿਭਾਗ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਵੈਬਿਨਾਰ ਰੱਖਣ ਲਈ ਗੱਲਬਾਤ ਕੀਤੀ। ਪ੍ਰੋ. (ਡਾ.) ਭੁਪਿੰਦਰ ਪਾਲ ਸਿੰਘ ਢੋਟ, ਜੀ.ਜ਼ੈਡ.ਐੱਸ. ਸਕੂਲ ਆਫ਼ ਆਰਕੀਟੈਕਚਰ ਐਂਡ ਪਲਾਨਿੰਗ ਵਿਭਾਗ ਦੇ ਮੁਖੀ ਇਸ ਸਮਾਰੋਹ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਆਪਣੇ ਸੰਬੋਧਨ ਵਿਚ ਤਕਨਾਲੋਜੀ ਵਿਚ ਅਥਾਹ ਤਰੱਕੀ ਅਤੇ ਊਰਜਾ ਦੀ ਖਪਤ ਵਿਚ ਵਾਧੇ ਦੇ ਨਤੀਜੇ ਵਜੋਂ ਜੈਵਿਕ ਬਾਲਣ ਅਤੇ ਬਿਜਲੀ 'ਤੇ ਸਾਡੀ ਨਿਰਭਰਤਾ ਬਾਰੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਮਾਹਿਰ ਸਪੀਕਰ, ਏ.ਆਰ. ਕੁਸਗਰਾ ਜੁਨੇਜਾ ਅਤੇ ਏ.ਆਰ. ਅਕਸਤ ਸਕਸੈਨਾ ਨੇ ਵੀ ਵਿਸ਼ੇ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਇਕ ਆਨਲਾਈਨ ਕੁਇਜ਼ ਵੀ ਕਰਵਾਇਆ ਗਿਆ। ਪ੍ਰੋ. (ਡਾ.) ਬੂਟਾ ਸਿੰਘ ਸਿੱਧੂ, ਵਾਈਸ ਚਾਂਸਲਰ, ਐਮ.ਆਰ.ਐੱਸ.ਪੀ.ਟੀ.ਯੂ., ਪ੍ਰੋ. (ਡਾ.) ਸਵੀਨਾ ਬਾਂਸਲ, ਡੀਨ ਅਕਾਦਮਿਕ, ਐਮ.ਆਰ.ਐੱਸ.ਪੀ.ਟੀ.ਯੂ. ਅਤੇ ਪ੍ਰੋਫੈਸਰ (ਡਾ) ਗੁਰਿੰਦਰਪਾਲ ਸਿੰਘ ਬਰਾੜ ਨੇ ਰਜਿਸਟਰਾਰ ਜੀ.ਜ਼ੈਡ.ਐੱਸ. ਸਕੂਲ ਆਫ਼ ਆਰਕੀਟੈਕਚਰ ਐਂਡ ਪਲਾਨਿੰਗ ਨੂੰ ਵਧਾਈ ਦਿੱਤੀ।

दैनिक जागरण बठिंडा/मालवा, 20 जनवरी, 2021



वेबिनार में मौजूद चासंलर प्रो. बूटा सिंह सिद्धू, डा. गणेश हेगड़े, डा. वनीता साहू, प्रो. डा. बलविंदर सिंह सिद्धू, डा. दिनेश कुमार • जागरण

# शिक्षा के लिए अभी बहुत कुछ करने की जरूरत : बूटा सिंह

जागरण संवाददाता, बठिंडा: महाराजा रणजीत सिंह पंजाब टेक्निकल यूनिवर्सिटी में मान्यता द्वारा शिक्षा की गुणवत्ता बढ़ाने संबंधी विषय पर वेबिनार का आयोजन यूनिवर्सिटी के सभी कंस्टीच्यूएंट व एफिलिएटेड कालेजों के लिए किया गया।

वेबिनार का उद्घाटन यूनिवर्सिटी के चासंलर प्रो. बूटा सिंह सिद्धू ने किया। उन्होंने कहा कि शिक्षा का उद्देश्य ऐसी उच्च विद्या प्रणाली का विकास करना है, जिसके साथ देश की अगली पीढ़ी को महत्वपूर्ण कुशलता, ज्ञान व नैतिकता की जिंदगी जीने के मौके मिल सकें। भारत शिक्षा के क्षेत्र में बाकी देशों के मुकाबले काफी पीछे है। इसलिए शिक्षा के लिए अभी भारत में बहुत कुछ करने की जरूरत है।

वेबिनार के प्रमुख स्त्रोत व्यक्ति नेशनल असेस्मेंट व एक्रिडिटेशन कौंसिल के एडवाइजर डा. गणेश हेगड़े ने कहा कि संस्थाओं के लिए नैक प्रवाणगी शैक्षणिक संस्थाओं की कार्यशीलता का एक जरूरी हिस्सा है। सहायक सलाहकार डा. वनीता साहू ने डेटा वेरिफिकेशन व प्रमाणिकता के नतीजों पर बात की। इस मौके पर वेबिनार कोआर्डीनरेटर प्रो. डा. बलविंदर सिंह सिद्धू, कंप्यूटर साइंस व इंजीनियरिंग विभाग के मुखी डा. दिनेश कुमार भी मौजूद थे।

ਅਜੀਤ
ਸ਼ੁੱਕਰਵਾਰ, 29 ਜਨਵਰੀ, 2021

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਸਿਖਲਾਈ ਪ੍ਰੋਗਰਾਮ ਕਰਵਾਇਆ

ਬਠਿੰਡਾ, 28 ਜਨਵਰੀ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਕੰਪਿਊਟਰ ਸਾਇੰਸ ਇੰਜੀਨੀਅਰਿੰਗ (ਸੀ.ਐੱਸ.ਈ.) ਵਿਭਾਗ ਵਲੋਂ 'ਵਾਇਰਲੈੱਸ ਸੈਂਸਰ ਨੈੱਟਵਰਕ' ਵਿਸ਼ੇ 'ਤੇ ਇਕ ਹਫ਼ਤੇ ਦੇ ਆਨਲਾਈਨ ਮੋਡ ਸ਼ਾਰਟ ਟਰਮ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ, ਜਿਸ ਨੂੰ ਆਲ ਇੰਡੀਆ ਕੌਂਸਲ ਫ਼ਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਸਪਾਂਸਰ ਕੀਤਾ ਗਿਆ ਸੀ। ਵੱਖ-ਵੱਖ ਰਾਜਾਂ ਅਤੇ ਯੂਨੀਵਰਸਿਟੀਆਂ ਦੇ ਏ. ਆਈ. ਸੀ. ਟੀ. ਈ. ਦੁਆਰਾ ਪ੍ਰਵਾਨਿਤ ਕਾਲਜਾਂ ਦੇ 60 ਤੋਂ ਵੱਧ ਪ੍ਰਤੀਭਾਗੀਆਂ ਨੇ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਵੱਖ-ਵੱਖ ਸੈਸ਼ਨਾਂ ਦੌਰਾਨ, ਮਾਹਿਰਾਂ ਨੇ ਵਾਇਰਲੈੱਸ ਸੈਂਸਰ ਨੈੱਟਵਰਕ ਸਬੰਧੀ ਮੁੱਢਲੀ ਜਾਣਕਾਰੀ, ਵਰਤੀਆਂ ਜਾਣ ਵਾਲੀਆਂ ਐਪਲੀਕੇਸ਼ਨਾਂ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਮੁੱਖ ਮਹਿਮਾਨ, ਕਰਨਲ (ਡਾ.) ਬੀ. ਵੈਂਕੇਟ, ਡਾਇਰੈਕਟਰ, ਫੈਕਲਟੀ ਡਿਵੈਲਪਮੈਂਟ, ਏ. ਆਈ. ਸੀ. ਟੀ. ਈ. ਦਿੱਲੀ ਸਨ। ਉਨ੍ਹਾਂ ਨੇ ਐੱਮ. ਆਰ. ਐੱਸ. ਪੀ. ਟੀ.ਯੂ. ਅਤੇ ਹੋਰ ਫੈਕਲਟੀ ਮੈਂਬਰਾਂ ਨੂੰ ਅਜਿਹੇ ਤਕਨੀਕੀ ਕੋਰਸਾਂ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ। ਐੱਨ. ਆਈ. ਟੀ. ਕੁਰੂਕਸ਼ੇਤਰ ਦੇ ਡਾ. ਮਯੰਕ ਦਵੇ ਵਰਗੇ ਉੱਚ ਤਜਰਬੇਕਾਰ ਮਾਹਿਰਾਂ ਨੇ ਵਾਇਰਲੈੱਸ ਸੈਂਸਰ ਨੈਟਵਰਕਸ ਵਿਚ ਲਾਗੂ ਹੋਣ ਵਾਲੀਆਂ ਨਵੀਨਤਮ ਖੋਜ ਤਕਨੀਕਾਂ ਦੀ ਪੜਤਾਲ ਬਾਰੇ ਜਾਣਕਾਰੀ ਦਿੱਤੀ। ਮੈਡੀਕਲ, ਸਿਹਤ, ਉਦਯੋਗ, ਖੇਤੀਬਾੜੀ, ਵਾਈਲਡ ਲਾਈਫ਼ ਆਦਿ ਦੇ ਖੇਤਰ 'ਚ ਵਾਇਰਲੈੱਸ ਸੈਂਸਰ ਨੈੱਟਵਰਕ ਦੀਆਂ ਕੁਝ ਵਿਸਤ੍ਰਿਤ ਐਪਲੀਕੇਸ਼ਨਾਂ ਨੂੰ ਵੱਖ-ਵੱਖ ਮਾਹਿਰਾਂ ਦੁਆਰਾ ਵਿਸਥਾਰ ਵਿਚ ਦੱਸਿਆ ਗਿਆ। ਪ੍ਰੋਗਰਾਮ ਕੋਆਰਡੀਨੇਟਰ, ਡਾ. ਬਲਵਿੰਦਰ ਸਿੰਘ ਸਿੱਧੂ ਅਤੇ ਡਾ. ਦਿਨੇਸ਼ ਕੁਮਾਰ ਨੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਅਤੇ ਕਰਨਲ (ਡਾ.) ਬੀ. ਵੈਂਕੇਟ ਵਲੋਂ ਪੇਸ਼ ਕੀਤੇ ਗਤੀਸ਼ੀਲ ਕੀਮਤੀ ਵਿਚਾਰਾਂ ਅਤੇ ਯੂਨੀਵਰਸਿਟੀ ਦੀ ਬਿਹਤਰੀ ਲਈ ਅਜਿਹੇ ਪ੍ਰੋਗਰਾਮਾਂ ਲਈ ਉਤਸ਼ਾਹਿਤ ਕਰਨ ਲਈ ਧੰਨਵਾਦ ਕੀਤਾ। ਡਾ. ਅਭਿਲਾਸ਼ਾ ਜੈਨ, ਤਕਨੀਕੀ ਕੋਆਰਡੀਨੇਟਰ, ਡਾ. ਨਰੇਸ਼ ਗਰਗ, ਏ. ਆਰ. ਮਨਪ੍ਰੀਤ ਕੌਰ ਸਿੱਧੂ ਅਤੇ ਏ. ਆਰ. ਮਿਸ ਨਵਦੀਪ ਕੌਰ ਖੀਵਾ ਨੇ ਪ੍ਰੋਗਰਾਮ 'ਚ ਅਹਿਮ ਭੂਮਿਕਾ ਨਿਭਾਈ।

ਰੋਜ਼ਾਨਾ 'ਸਪੋਕਸਮੈਨ' ਮੰਗਲਵਾਰ, 19 ਜਨਵਰੀ 2021

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ 'ਚ 'ਮਾਨਤਾ ਰਾਹੀਂ ਗੁਣਵੱਤਾ ਵਧਾਉਣ' ਸਬੰਧੀ ਵਿਸ਼ੇ 'ਤੇ ਵੈਬੀਨਾਰ



ਬਠਿੰਡਾ, 18 ਜਨਵਰੀ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਮਾਨਤਾ ਦੁਆਰਾ ਗੁਣਵੱਤਾ ਵਧਾਉਣ ਸਬੰਧੀ ਵਿਸ਼ੇ 'ਤੇ ਵੈਬਿਨਾਰ ਦਾ ਆਯੋਜਨ ਕੀਤਾ ਗਿਆ। ਵੈਬਿਨਾਰ ਦਾ ਉਦਘਾਟਨ ਕਰਦਿਆਂ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਸਿੱਖਿਆ ਦੇ ਮਿਆਰ ਨੂੰ ਵਧਾਉਣ ਅਤੇ ਇਸ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੇ ਬਰਾਬਰ ਲਿਆਉਣ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਿਆਰੀ ਸਿੱਖਿਆ ਦਾ ਉਦੇਸ਼ ਅਜਿਹੀ ਉੱਚ ਵਿਦਿਆ ਪ੍ਰਣਾਲੀ ਦਾ ਵਿਕਾਸ ਕਰਨਾ ਹੈ ਜੋ ਦੇਸ਼ ਦੀ ਅਗਲੀ ਪੀੜ੍ਹੀ ਨੂੰ ਮਹੱਤਵਪੂਰਣ ਕੁਸ਼ਲਤਾਵਾਂ, ਗਿਆਨ ਅਤੇ ਨੈਤਿਕਤਾ ਦੀ ਜ਼ਿੰਦਗੀ ਜਿਉਣ ਦੇ ਸਮਰੱਥ ਕਰ ਸਕੇ। ਵੈਬਿਨਾਰ ਦੇ ਪ੍ਰਮੁੱਖ ਸਰੋਤ ਵਿਅਕਤੀ ਨੈਸ਼ਨਲ ਅਸੈਸਮੈਂਟ ਅਤੇ ਐਕਰੀਡੀਟੇਸ਼ਨ ਕੌਂਸਿਲ(ਐਨ.ਏ.ਏ.ਸੀ.) ਦੇ ਅਡਵਾਈਜ਼ਰ, ਡਾ. ਗਣੇਸ਼ ਹੇਗੜੇ ਨੇ ਮਾਨਤਾ ਦੁਆਰਾ ਗੁਣਵਤਾ ਵਧਾਉਣ ਵਿਸ਼ੇ ਤੇ ਮਾਹਿਰ ਭਾਸ਼ਣ ਦਿੱਤਾ। ਉਹਨਾਂ ਅੱਗੇ ਕਿਹਾ ਕਿ ਗੁਣਵੱਤਾ ਦੇ ਕਿਸੇ ਵੀ ਮੁਲਾਂਕਣ ਵਿੱਚ, ਸੰਸਥਾ ਦੁਆਰਾ ਪ੍ਰਦਾਨ ਕੀਤੇ ਗਏ ਦਰਸ਼ਨ ਅਤੇ ਮਿਸ਼ਨ ਦੇ ਬਿਆਨ ਮੁਲਾਂਕਣ ਲਈ ਮਹੱਤਵਪੂਰਨ ਮਾਪਦੰਡ ਹੁੰਦੇ ਹਨ। ਉਹਨਾਂ 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਜੀਵਨ @ਤੇ ਐਮ.ਆਰ.ਐਸ.ਪੀ.ਟੀ.ਯੂ. ਦੇ ਵਿਦਿਆਰਥੀਆਂ ਲਈ ਇੱਕ ਛੋਟੀ ਮਿਆਦ ਦੇ ਲਾਜ਼ਮੀ ਕੋਰਸ ਦਾ ਸੁਝਾਅ ਦਿੱਤਾ, ਜਿਨ੍ਹਾਂ ਦੇ ਨਾਮ 'ਤੇ ਯੂਨੀਵਰਸਿਟੀ ਦਾ ਨਾਮ ਰੱਖਿਆ ਗਿਆ ਹੈ। ਜਦਕਿ ਡਾ. ਵਨੀਤਾ ਸਾਹੂ, ਸਹਾਇਕ ਸਲਾਹਕਾਰ, ਐਨ.ਏ.ਏ.ਸੀ. ਨੇ ਡੇਟਾ ਵੈਰੀਫਿਕੇਸ਼ਨ ਅਤੇ ਪ੍ਰਮਾਣਿਕਤਾ ਅਤੇ ਪ੍ਰਮਾਣਿਕਤਾ ਦੇ ਨਤੀਜਿਆਂ ਬਾਰੇ ਵਿਸਤ੍ਰਿਤ ਮਾਹਿਰ ਗੱਲਬਾਤ ਕੀਤੀ। ਵੈਬਿਨਾਰ ਕੋਆਰਡੀਨੇਟਰ ਪ੍ਰੋ. (ਡਾ.) ਬਲਵਿੰਦਰ ਸਿੰਘ ਸਿੱਧੂ ਨੇ ਵੈਬਿਨਾਰ ਦੇ ਸਮੂਹ ਪਤਵੰਤਿਆਂ ਅਤੇ ਹਿੱਸਾ ਲੈਣ ਵਾਲਿਆਂ ਦਾ ਸਵਾਗਤ ਕੀਤਾ।

WWW.INDIANEXPRESS.COM
THE INDIAN EXPRESS, FRIDAY, JULY 10, 2020



**GZSCCET (FIVE-DAY FACULTY PROGRAMME)**

Five-Day online Faculty Development Program (FDP) on 'Emerging Trends in Engineering and Technology' (ETET)-2020 started at Giani Zail Singh Campus College of Engineering and Technology (GZSCCET), MRSPTU Bathinda on Monday. The FDP aimed to present emerging trends and developments in the field of engineering and technology is being organised under the able governance of Shri Anurag Verma IAS, Principal Secretary, Technical education and Industrial Training, which is in line with the Ministry of Human Resource Development, Government of India initiatives to prepare Technocrats in emerging thrust areas . Maharaja Ranjit Singh Punjab Technical University, Vice Chancellor, Dr. Mohan Paul Singh Ishar inaugurated the FDP. More than 150-participants from various Educational Institutes of more thant10-States of India and industries have registered for this 5-day event.

SR INITIATIVES, APP

ਰੋਜ਼ਾਨਾ ਸਪੋਕਸਮੈਨ ਮੰਗਲਵਾਰ, 7 ਜੁਲਾਈ 2020

# ਪੰਜ-ਰੋਜ਼ਾ ਆਨਲਾਈਨ ਫ਼ੈਕਲਟੀ ਡਿਵੈਲਪਮੈਂਟ ਪ੍ਰੋਗਰਾਮ

ਬਠਿੰਡਾ, 6 ਜੁਲਾਈ (ਸੁਖਜਿੰਦਰ ਮਾਨ) : ਸਥਾਨਕ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀਵਿਖੇ ਵਿਖੇ 'ਈਮਰਜਿੰਗ ਟ੍ਰੈਂਡਜ਼ ਇਨ ਇੰਜੀਨੀਅਰਿੰਗ ਅਤੇ ਟੈਕਨੋਲੋਜੀ' (ਈ.ਟੀ.ਈ.ਟੀ.) -2020 ਵਿਸ਼ੇ 'ਤੇ ਪੰਜ-ਰੋਜ਼ਾ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਐਫ.ਡੀ.ਪੀ.) ਸ਼ੁਰੂ ਹੋਇਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ ਨੇ ਐਫ.ਡੀ.ਪੀ. ਦਾ ਉਦਘਾਟਨ ਕੀਤਾ। ਇਸ 5-ਰੋਜ਼ਾ ਸਮਾਰੋਹ ਲਈ ਭਾਰਤ ਭਰ ਤੋਂ ਉਦਯੋਗਾਂ ਅਤੇ 10 ਹੋਰ ਰਾਜਾਂ ਦੇ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ 150 ਤੋਂ ਵੱਧ ਭਾਗੀਦਾਰਾਂ ਨੇ ਰਜਿਸਟਰਡ ਕੀਤਾ ਹੈ।ਆਪਣੇ ਉਦਘਾਟਨੀ ਭਾਸ਼ਣ ਵਿੱਚ ਡਾ. ਮੋਹਨ ਪਾਲ ਸਿੰਘ ਈਸ਼ਰ ਨੇ ਕਿਹਾ ਕਿ ਅਜੋਕੇ ਸਮੇਂ ਜਦੋਂ ਦੁਨੀਆਂ ਚੌਥੀ ਉਦਯੋਗਿਕ ਕ੍ਰਾਂਤੀ ਵਿਚੋਂ ਗੁਜ਼ਰ ਰਹੀ ਹੈ, ਸਵੈਚਾਲਨ, ਰੋਬੋਟਿਕਸ ਅਤੇ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਜਿਵੇਂ ਕਿ ਨਕਲੀ ਬੁੱਧੀ, ਮਸ਼ੀਨ ਲਰਨਿੰਗ ਅਤੇ ਇੰਟਰਨੈਟ ਆਫ ਥਿੰਗਜ਼ (ਆਈ.ਓ.ਟੀ.) ਨਿਰਮਾਣ ਤੋਂ ਲੈ ਕੇ ਕਲੀਨਿਕਲ ਅਭਿਆਸਾਂ ਤੱਕ ਦੀਆਂ ਸਾਰੀਆਂ ਪ੍ਰਕਿਰਿਆਵਾਂ ਵਿਚ ਅਹਿਮ ਰੋਲ ਅਦਾ ਕਰਦੇ ਹਨ।ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਆਰ. ਕੇ. ਬਾਂਸਲ ਨੇ ਦੱਸਿਆ ਕਿ ਜੀ.ਜ਼ੈਡ.ਐਸ.ਸੀ.ਸੀ.ਈ.ਟੀ. ਦੇਸ਼ ਦੇ ਲਈ ਆਪਣੀ 30 ਸਾਲਾਂ ਦੀ ਸੇਵਾ ਦਾ ਜਸ਼ਨਾਂ ਵਜੋਂ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਟੈਕਸਟਾਈਲ ਇੰਜੀਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕਰ ਰਿਹਾ ਹੈ।ਇਸ ਮੌਕੇ ਡਾ. ਸਵੀਨਾ ਬਾਂਸਲ ਡੀਨ ਅਕਾਦਮਿਕਸ, ਡਾ. ਜਤਿੰਦਰ ਕੌਰ ਰਜਿਸਟਰਾਰ,ਡਾ. ਅਨੁਪਮ ਕੁਮਾਰਮੁਖੀ ਟੈਕਸਟਾਈਲ ਅਤੇ ਕੋਰਸ ਕੋਆਰਡੀਨੇਟਰ ਤੇ ਡਾ. ਨੀਰਜ ਗਿੱਲ ਹਾਜ਼ਰ ਸਨ।

ਅਜੀਤ
ਮੰਗਲਵਾਰ, 7 ਜੁਲਾਈ 2020

## ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਇੰਜੀਨੀਅਰ ਅਤੇ ਤਕਨੀਕੀ ਪਹਿਲੂਆਂ ਤਹਿਤ ਕਰਵਾਇਆ ਵੈਬੀਨਾਰ

ਬਠਿੰਡਾ, 6 ਜੁਲਾਈ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਭਵਿੱਖ ਦੀਆਂ ਇਮਾਰਤਾਂ ਸਬੰਧੀ ਵੈਬੀਨਾਰ ਕਰਵਾਇਆ ਗਿਆ, ਜਿਸ ਵਿਚ ਤਕਨੀਕੀ ਮਾਹਿਰਾਂ ਨੇ ਇਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰੋਫੈਸਰ ਅਤੇ ਡੀਨ ਡਾ. ਮਨਜੀਤ ਬਾਂਸਲ ਨੇ ਦੱਸਿਆ ਕਿ ਭਾਰਤ ਵਿਚ ਇੰਜਨੀਅਰਿਗ ਦੇ ਇੰਸਟੀਚਿਊਟ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਕਿ ਇਸ ਦਾ ਮੁੱਖ ਦਫ਼ਤਰ ਜੋ ਕਲਕੱਤਾ ਵਿਚ ਹੈ ਅਤੇ ਸੈਂਕੜੇ ਹੋਰ ਕੇਂਦਰ ਦੇਸ਼-ਵਿਦੇਸ਼ਾਂ ਵਿਚ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਇਸ ਵੈੱਬ ਨਾਲ ਜਿਸ ਦਾ ਮੁੱਖ ਵਿਸ਼ਾ ਭਵਿੱਖ ਦੀਆਂ ਆਧੁਨਿਕ ਇਮਾਰਤਾਂ (ਇੰਟੈਲੀਜੈਂਟ ਬਿਲਡਿੰਗਜ਼) ਬਾਰੇ ਸੀ, ਜੋ ਕਿ ਆਧੁਨਿਕ ਸਮੇਂ ਦੀ ਮੰਗ ਹੈ। ਇਸ ਮੌਕੇ ਬਾਂਸਲ ਨੇ ਸਮਰਾਟ ਗਲਾਸ ਟੈਕਨੋਲਜੀ, ਹਵਾ ਸੁਧਾਰ ਸੈਂਸਰ, ਤਾਪਮਾਨ ਜਾਂਚਕ ਸੈਂਸਰ ਅਤੇ ਹੋਰ ਕਈ ਪ੍ਰਕਾਰ ਦੀਆਂ ਤਕਨੀਕਾਂ ਬਾਰੇ ਚਾਨਣਾ ਪਾਇਆ, ਜਿਨ੍ਹਾਂ ਦੀ ਵਰਤੋਂ ਅੱਜ-ਕੱਲ੍ਹ ਦੀਆਂ ਇਮਾਰਤਾਂ ਵਿਚ ਹੁੰਦੀ ਹੈ। ਇਸ ਮੌਕੇ ਉਨ੍ਹਾਂ ਆਮ ਅਤੇ ਖ਼ਾਸ ਇਮਾਰਤ ਵਿਚ ਫਰਕ ਨੂੰ ਵੀ ਦਰਸਾਉਂਦਿਆਂ ਇਨ੍ਹਾਂ ਵਿਚਲੇ ਅੰਤਰਾਲਾਂ ਬਾਰੇ ਜਾਣਕਾਰੀ ਦਿੱਤੀ। ਇਸ ਵੈਬੀਨਾਰ ਨਾਲ ਦੇਸ਼ ਦੇ ਨਾਮੀ ਇੰਜਨੀਅਰ, ਅਧਿਆਪਨ ਨਾਲ ਜੁੜੇ ਜਿਨ੍ਹਾਂ ਨੇ ਇੰਜੀਨੀਅਰ ਅਤੇ ਟੈਕਨੋਲਜੀ ਦੇ ਬਦਲ ਰਹੇ ਪ੍ਰਤੀ ਰੂਪਾਂ ਬਾਰੇ ਜਾਣਕਾਰੀ ਦਿੱਤੀ। ਸ੍ਰੀ ਬਾਂਸਲ ਨੇ ਕਿਹਾ ਕਿ ਇਸ ਵੈਬਨਾਰ ਦੌਰਾਨ ਕਾਫ਼ੀ ਕੁਝ ਨਵਾਂ ਸਿੱਖਣ ਅਤੇ ਸਿਖਾਉਣ ਨੂੰ ਮਿਲਿਆ ਹੈ, ਜਿਸ ਦਾ ਭਵਿੱਖ ਵਿਚ ਤਿਆਰ ਹੋਣ ਵਾਲੀਆਂ ਇਮਾਰਤਾਂ ਨੂੰ ਹੋਰ ਵਧੇਰੇ ਆਧੁਨਿਕ ਬਣਾਉਣ ਲਈ ਸਹਾਇਤਾ ਮਿਲੇਗੀ।



ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਡੀਨ ਡਾ. ਮਨਜੀਤ ਬਾਂਸਲ।

दैनिक भास्कर बठिंडा, मंगलवार 07 जुलाई, 2020

## एमर्जिंग ट्रेंड्स इन इंजीनियरिंग एंड टेक्नोलॉजी पर 5 दिवसीय फैक्लटी डेवलपमेंट प्रोग्राम शुरू



बठिंडा| ज्ञानी जैल सिंह कैंपस कॉलेज आफ इंजीनियरिंग एंड टेक्नोलॉजी (एमआरएसपीटीयू) में एमर्जिंग ट्रेंड्स इन इंजीनियरिंग एंड टेक्नोलॉजी विषय पर 5 दिवसीय ऑनलाइन फैकल्टी डेवलपमेंट प्रोग्राम की सोमवार से शुरुआत हुई। वीसी डा. मोहनपाल सिंह ईसर ने एफडीपी का उद्घाटन किया, समारोह में देश के उद्योगों व 10 अन्य राज्यों के विभिन्न शैक्षिक संस्थाओं के 150 से ज्यादा डेलीगेट्स ने रजिस्टर्ड किया है। एफडीपी के उद्देश्य को साझा करते हुए प्रोग्राम कोआर्डिनेटर डॉ. आरके बांसल ने बताया कि जीडीएससीसीईटी देश के लिए अपनी 30 साल की सेवा के जश्न के तौर पर इलेक्ट्रॉनिक्स एंड कम्युनिकेशन इंजीनियरिंग विभाग टेक्सटाइल इंजीनियरिंग विभाग के सहयोग से प्रोग्राम का आयोजन कर रहा है।

दैनिक जागरण बठिंडा/मालवा, 11 मार्च, 2021



महाराजा रणजीत सिंह पंजाब टेक्निकल यूनिवर्सिटी में आयोजित आनलाइन फैकल्टी डवलपमेंट कार्यक्रम में मौजूद आयोज़ • जागरण

# पीटीयू में आनलाइन फैकल्टी डवलपमेंट कार्यक्रम करवाया

संस, बठिंडा: महाराजा रणजीत सिंह पंजाब टेक्निकल यूनिवर्सिटी के केमिस्ट्री विभाग की तरफ से सेंसर टेक्नालाजी के विषय पर पांच दिवसीय अटल आनलाइन फैकल्टी डवलपमेंट कार्यक्रम करवाया गया। पूरे भारत में विभिन्न संस्थाओं के करीब 160 प्रवानित प्रतिनिधियों ने एफडीपी में हिस्सा लिया।

डीएवी यूनिवर्सिटी जालंधर के पूर्व वाइस चांसलर प्रो. आके महाजन मुख्य वक्ता के तौर पर पहुंचे, जबकि वाइस चांसलर प्रो. बूटा सिंह मुख्य मेहमान के तौर पर पहुंचे। सोना टेक के सहसंस्थापक डा. कलसी ने सेंसर के व्यावहारिक डिजाइनिंग व सेंसर के विकास की चुनौतियों पर विचार चर्चा की।

सेंसर को प्रयोगशाला के पैमाने पर विकसित किया जाता है। रोबोटिक्स व खेतीबाड़ी समेत जीवन में विभिन्न क्षेत्रों में लाया गया है। एमआरएसपीटीयू के डीन सवीना बांसल व रजिस्ट्रार प्रो. गुरिंदरपाल सिंह बराड़ समाप्ति समागम में विशेष तौर पर शामिल हुए। कार्यक्रम के कोआर्डिनेटर डा. मीनू ने प्रोग्राम की जानकारी दी। विभाग के मुखी डा. सीमा शर्मा ने भाग लेने वालों को बधाई दी।

ਅਜੀਤ
ਵੀਰਵਾਰ, 11 ਮਾਰਚ, 2021



ਐਮ.ਆਰ.ਐਸ.ਪੀ.ਟੀ.ਯੂ.ਦੇ ਵਾਈਸ ਚਾਂਸਲਰ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਅਤੇ ਫੈਕਲਟੀ ਸਮਾਰੋਹ ਦੌਰਾਨ। ਤਸਵੀਰ: ਲਵਲੀ

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ *ਏ.ਆਈ.ਸੀ.ਈ.ਟੀ.ਈ ਵਲੋਂ ਸਪਾਂਸਰ "ਸੈਂਸਰ ਟੈਕਨਾਲੋਜੀ" ਵਿਸ਼ੇ 'ਤੇ 5 ਰੋਜ਼ਾ ਆਨਲਾਈਨ ਅਟਲ ਐੱਫ.ਡੀ.ਪੀ. ਪ੍ਰੋਗਰਾਮ ਕਰਵਾਇਆ

ਬਠਿੰਡਾ, 10 ਮਾਰਚ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਦੇ ਕੈਮਿਸਟਰੀ ਵਿਭਾਗ ਵਲੋਂ "ਸੈਂਸਰ ਟੈਕਨਾਲੋਜੀ" ਵਿਸ਼ੇ 'ਤੇ 5 ਦਿਨਾਂ ਅਟਲ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਐੱਫ.ਡੀ.ਪੀ.) ਕੈਂਪਸ ਵਿਖੇ ਸਮਾਪਤ ਹੋਇਆ। ਪੂਰੇ ਭਾਰਤ ਵਿਚੋਂ ਵੱਖ-ਵੱਖ ਸੰਸਥਾਵਾਂ ਦੇ ਲਗਭਗ 160 ਪ੍ਰਵਾਨਿਤ ਪ੍ਰਤੀਨਿਧਾਂ ਨੇ ਐਫ.ਡੀ.ਪੀ. ਵਿਚ ਹਿਸਾ ਲਿਆ। ਡਾ.ਕੁਲਬੀਰ ਸਿੰਘ ਕਲਸੀ, ਸੋਨਾ ਨੈਨੋ-ਟੈਕ ਕੈਨੇਡਾ, ਪ੍ਰੋ. ਆਰ.ਕੇ. ਮਹਾਜਨ, ਸਾਬਕਾ ਵਾਈਸ ਚਾਂਸਲਰ ਡੀ.ਏ.ਵੀ ਯੂਨੀਵਰਸਿਟੀ, ਜਲੰਧਰ, ਪ੍ਰੋ. (ਡਾ.) ਜਸਬੀਰ ਸਿੰਘ ਹੁੰਦਲ, ਡੀਨ ਰਿਸਰਚ ਐਂਡ ਡਿਵੈਲਪਮੈਂਟ, ਐਮ.ਆਰ.ਐਸ.ਪੀ.ਟੀ.ਯੂ. ਐਫ.ਡੀ.ਪੀ. ਦੇ ਆਖ਼ਰੀ ਦਿਨ ਮੁੱਖ ਬੁਲਾਰੇ ਸਨ। ਇਸ ਮੌਕੇ ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਮੁੱਖ ਮਹਿਮਾਨ ਸਨ। ਉਨ੍ਹਾਂ ਪ੍ਰੋਗਰਾਮ ਕਰਵਾਉਣ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ. ਕਲਸੀ ਜੋ ਸੋਨਾ ਨੈਨੋ-ਟੈਕ ਦੇ ਸਹਿ-ਸੰਸਥਾਪਕ ਹਨ ਨੇ ਸੈਂਸਰਾਂ ਦੇ ਵਿਹਾਰਕ ਡਿਜ਼ਾਇਨਿੰਗ ਅਤੇ ਸੈਂਸਰਾਂ ਦੇ ਵਿਕਾਸ ਵਿਚ ਚੁਣੌਤੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਪੂਰੀ ਐੱਫ.ਡੀ.ਪੀ. ਇਸ ਵਿਚਾਰ 'ਤੇ ਕੇਂਦਰਿਤ ਸੀ ਕਿ ਕਿਵੇਂ ਸੈਂਸਰਾਂ ਨੂੰ ਪ੍ਰਯੋਗਸ਼ਾਲਾ ਦੇ ਪੈਮਾਨੇ 'ਤੇ ਵਿਕਸਤ ਕੀਤਾ ਜਾਂਦਾ ਹੈ ਅਤੇ ਰੋਬੋਟਿਕਸ ਅਤੇ ਖੇਤੀਬਾੜੀ ਸਮੇਤ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਅਮਲੀ ਤੌਰ 'ਤੇ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਐਮ.ਆਰ.ਐਸ.ਪੀ.ਟੀ.ਯੂ., ਡੀਨ ਅਕਾਦਮਿਕ ਪ੍ਰੋਫੈਸਰ (ਡਾ.) ਸਵੀਨਾ ਬਾਂਸਲ ਅਤੇ ਰਜਿਸਟਰਾਰ ਪ੍ਰੋਫੈਸਰ (ਡਾ.) ਗੁਰਿੰਦਰਪਾਲ ਸਿੰਘ ਬਰਾੜ ਸਮਾਪਤੀ ਸਮਾਗਮ ਵਿਚ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਿਲ ਹੋਏ। ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਮੀਨੂੰ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਅਤੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਵਿਭਾਗ ਦੀ ਮੁਖੀ ਡਾ. ਸੀਮਾ ਸ਼ਰਮਾ ਨੇ ਭਾਗ ਲੈਣ ਵਾਲਿਆਂ ਨੂੰ ਵਧਾਈ ਦਿੱਤੀ ਅਤੇ ਸੈਂਸਰਾਂ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰੇ ਕੀਤੇ।

# ਅਜੀਤ

ਵੀਰਵਾਰ, 5 ਨਵੰਬਰ 2020

## ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋਂ 'ਨੈਨੋ ਟੈਕਨਾਲੋਜੀ ਆਧਾਰਿਤ ਡਰੱਗ ਸਪੁਰਦਗੀ ਪ੍ਰਣਾਲੀ' ਵਿਸ਼ੇ 'ਤੇ 5 ਦਿਨਾ ਆਨਲਾਈਨ ਅਟਲ ਐੱਫ. ਡੀ. ਪੀ. ਪ੍ਰੋਗਰਾਮ

ਬਠਿੰਡਾ, 4 ਨਵੰਬਰ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.), ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸਜ਼ ਐਂਡ ਟੈਕਨਾਲੋਜੀ ਵਲੋਂ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਲੋਂ ਸਪਾਂਸਰ 'ਨੈਨੋ ਤਕਨਾਲੋਜੀ ਆਧਾਰਿਤ ਡਰੱਗ ਸਪੁਰਦਗੀ ਪ੍ਰਣਾਲੀ' ਵਿਸ਼ੇ 'ਤੇ ਪੰਜ ਦਿਨਾ ਅਟਲ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ (ਐੱਫ.ਡੀ.ਪੀ.) ਕਰਵਾਇਆ ਗਿਆ। ਸਮਾਪਤੀ ਪ੍ਰੋਗਰਾਮ ਦੇ ਮੁੱਖ ਮਹਿਮਾਨ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ (ਸੀ.ਯੂ.ਪੀ.) ਦੇ ਉੱਪ ਕੁਲਪਤੀ ਪ੍ਰੋਫੈਸਰ (ਡਾ.) ਰਾਘਵੇਂਦਰ ਪੀ. ਤਿਵਾੜੀ ਸਨ ਜਦਕਿ ਐੱਮ. ਆਰ. ਐੱਸ. ਪੀ. ਟੀ. ਯੂ. ਦੇ ਉੱਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ (ਉਸ ਸਮੇਂ ਦੇ ਰਜਿਸਟਰਾਰ) ਗੈਸਟ ਆਫ਼ ਆਨਰ ਸਨ। ਆਪਣੇ ਸੰਬੋਧਨ 'ਚ ਪ੍ਰੋਫੈਸਰ (ਡਾ.) ਰਾਘਵੇਂਦਰ ਪੀ. ਤਿਵਾੜੀ ਨੇ ਨੈਨੋ ਟੈਕਨਾਲੋਜੀ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਉਨ੍ਹਾਂ ਵੱਖ-ਵੱਖ ਖੇਤਰਾਂ 'ਚ ਸੀ. ਯੂ. ਪੀ. ਅਤੇ ਐੱਮ. ਆਰ. ਐੱਸ. ਪੀ. ਟੀ. ਯੂ. ਦੇ ਵਿਚਕਾਰ ਖੋਜ ਸਹਿਯੋਗ ਲਈ ਆਪਣੀ ਡੂੰਘੀ ਦਿਲਚਸਪੀ ਦਾ ਵੀ ਪ੍ਰਗਟਾਵਾ ਕੀਤਾ। ਡਾ. ਬੂਟਾ ਸਿੰਘ ਸਿੱਧੂ ਨੇ ਆਪਣੇ ਭਾਸ਼ਣ 'ਚ ਏ. ਆਈ. ਸੀ. ਟੀ. ਈ. ਵਲੋਂ ਫੈਕਲਟੀ ਵਿਕਾਸ ਲਈ ਅਜਿਹੀ ਸਿਖਲਾਈ ਵਾਸਤੇ ਗ੍ਰਾਂਟ ਮੁਹੱਈਆ ਕਰਵਾਉਣ ਲਈ ਪ੍ਰਸ਼ੰਸਾ ਕੀਤੀ। ਇਸ ਤੋਂ ਪਹਿਲਾਂ ਐੱਮ. ਆਰ. ਐੱਸ. ਪੀ. ਟੀ.ਯੂ., ਡੀਨ ਰਿਸਰਚ ਐਂਡ ਡਿਵੈੱਲਪਮੈਂਟ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਪ੍ਰੋਗਰਾਮ ਦਾ ਉਦਘਾਟਨ ਕਰਦਿਆਂ ਵੱਖ-ਵੱਖ ਤਕਨੀਕੀ ਪਹਿਲੂਆਂ ਬਾਰੇ ਵਿਸਥਾਰ ਨਾਲ ਦੱਸਿਆ। ਪ੍ਰੋਫੈਸਰ (ਡਾ.) ਆਸ਼ੀਸ਼ ਬਾਲਦੀ ਨੇ ਇਸ ਫੈਕਲਟੀ ਵਿਕਾਸ ਪ੍ਰੋਗਰਾਮ ਦੇ ਥੀਮ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਵਿਭਾਗ ਦੇ ਮੁਖੀ ਅਤੇ ਐੱਫ. ਡੀ. ਪੀ. ਦੇ ਕੋਆਰਡੀਨੇਟਰ ਡਾ. ਰਾਹੁਲ ਦੇਸ਼ਮੁਖ ਨੇ ਇਸ ਪ੍ਰੋਗਰਾਮ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਪੰਜ ਦਿਨਾ ਐੱਫ. ਡੀ. ਪੀ. ਦੇ ਦੌਰਾਨ, ਪ੍ਰੋਫੈਸਰ ਐੱਨ. ਕੇ. ਜੈਨ, ਸਾਬਕਾ ਮੁਖੀ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ, ਡਾ. ਐੱਚ. ਐੱਸ. ਗੌਰ ਸਾਗਰ ਯੂਨੀਵਰਸਿਟੀ, ਮੱਧ ਪ੍ਰਦੇਸ਼ ਅਤੇ ਪ੍ਰੋਫੈਸਰ ਆਰ. ਐੱਸ. ਆਰ. ਮੂਰਤੀ, ਸਾਬਕਾ ਡਾਇਰੈਕਟਰ, ਆਈ.ਐੱਸ.ਐੱਫ. ਕਾਲਜ ਆਫ਼ ਫਾਰਮੇਸੀ, ਮੋਗਾ, ਨੇ ਨੈਨੋ-ਪਾਰਟੀਕਲ ਦੀਆਂ ਬੁਨਿਆਦੀ ਢਾਂਚੇ, ਡਰੱਗ ਸਪੁਰਦਗੀ ਪ੍ਰਣਾਲੀਆਂ ਆਦਿ ਬਾਰੇ ਜਾਣਕਾਰੀ ਦਿੱਤੀ। ਪ੍ਰੋ. (ਡਾ.) ਓ. ਪੀ. ਕਟਾਰੇ, ਸਾਬਕਾ ਚੇਅਰਪਰਸਨ ਅਤੇ ਡੀਨ, ਯੂਨੀਵਰਸਿਟੀ ਰਿਸਰਚ ਪ੍ਰਮੋਸ਼ਨ ਸੈੱਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਨੌਜਵਾਨ ਦਿਮਾਗਾਂ ਨੂੰ ਖੋਜ ਲਈ ਪ੍ਰੇਰਿਤ ਕੀਤਾ। ਸ੍ਰੀ ਵਿਵੇਕ ਦਹੀਆ, ਸਹਿ-ਸੰਸਥਾਪਕ ਅਤੇ ਡਾਇਰੈਕਟਰ, ਬੋਧਿਕ ਵੈਂਚਰਜ਼ ਪ੍ਰਾਈਵੇਟ ਲਿਮਟਿਡ, ਗੁੜਗਾਉਂ, ਭਾਰਤ ਨੇ ਨੈਨੋ-ਦਵਾਈਆਂ ਨੂੰ ਪੇਟੈਂਟ ਕਰਨ ਬਾਰੇ ਤਕਨੀਕੀ ਪਹਿਲੂਆਂ ਅਤੇ ਨੈਤਿਕਤਾ ਬਾਰੇ ਗੱਲ ਕੀਤੀ। ਮੈਕਲਿਓਡਜ਼ ਫਾਰਮਾਸਿਊਟੀਕਲ ਲਿਮਟਿਡ ਮੁੰਬਈ ਦੇ ਵਾਈਸ ਪ੍ਰੈਜ਼ੀਡੈਂਟ ਡਾ. ਰਵਿੰਦਰ ਅਗਰਵਾਲ ਵਲੋਂ ਨੋਵਲ ਫਾਰਮਾਸਿਊਟੀਕਲ ਡੋਜ਼ ਫਾਰਮਾਂ ਲਈ ਨੈਨੋ ਟੈਕਨਾਲੋਜੀ ਦੀ ਐਪਲੀਕੇਸ਼ਨ ਸਿਰਲੇਖ 'ਤੇ ਮਾਹਿਰ ਭਾਸ਼ਣ ਦਿੱਤਾ ਗਿਆ। ਪ੍ਰੋ. ਆਸ਼ੀਸ਼ ਬਾਲਦੀ ਨੇ ਨੈਨੋ ਤਕਨਾਲੋਜੀ ਆਧਾਰਿਤ ਉਤਪਾਦਾਂ ਦੇ ਸਫਲ ਵਪਾਰੀਕਰਨ ਲਈ ਗੁਣਵੱਤਾ ਆਧਾਰਿਤ ਡਿਜ਼ਾਈਨ ਅਤੇ ਤਕਨੀਕਾਂ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਕੋਲਕਾਤਾ ਦੇ ਜਾਧਵਪੁਰ ਯੂਨੀਵਰਸਿਟੀ ਤੋਂ ਪ੍ਰੋ. (ਡਾ.) ਵਿਸ਼ਵਜੀਤ ਮੁਖਰਜੀ ਨੇ ਡਰੱਗ ਟਾਰਗੇਟ ਬਣਾਉਣ ਦੇ ਵੱਖ ਵੱਖ ਤਕਨੀਕੀ ਪਹਿਲੂ ਵਰਣਨ ਕੀਤੇ ਜੋ ਦਿਮਾਗ, ਫੇਫੜਿਆਂ, ਕੋਲਨ ਆਦਿ ਸਰੀਰ ਦੇ ਗੁੰਝਲਦਾਰ ਥਾਵਾਂ 'ਤੇ ਡਰੱਗਜ਼ ਨੂੰ ਪਹੁੰਚਾਉਣ ਲਈ ਜ਼ਰੂਰੀ ਹਨ। ਡਾ. ਯੋਗੇਸ਼ਵਰ ਬਚਚਵ, ਡਾਇਰੈਕਟਰ, ਐਡੇਕਸ ਫਾਰਮਾਸਿਊਟੀਕਲ ਕੰਸਲਟੈਂਸੀ ਸਰਵਿਸਿਜ਼, ਮੁੰਬਈ ਨੇ ਭਾਗੀਦਾਰਾਂ ਨੂੰ ਗੁੰਝਲਦਾਰ ਨੈਨੋ-ਦਵਾਈਆਂ ਦੀ ਪੈਰੇਂਟਰਲ ਡਿਲਿਵਰੀ ਲਈ ਨਵੀਂ ਦਿਸ਼ਾ ਪ੍ਰਦਾਨ ਕੀਤੀ। ਕੋਲਨ ਟਾਰਗੇਟਡ ਡਰੱਗ ਸਪੁਰਦਗੀ ਪ੍ਰਣਾਲੀਆਂ ਬਾਰੇ ਮਾਹਿਰ ਭਾਸ਼ਣ ਪ੍ਰੋ. ਡਾ. ਐੱਸ. ਕੇ. ਜੈਨ, ਹੈੱਡ, ਡਾ. ਐੱਚ.ਐੱਸ. ਗੌਰ ਯੂਨੀਵਰਸਿਟੀ, ਸਾਗਰ (ਐੱਮ.ਪੀ.) ਨੇ ਦਿੱਤਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰੋ. (ਡਾ.) ਭੁਪਿੰਦਰ ਸਿੰਘ ਭੂਪ ਨੇ ਨੈਤਿਕ ਪ੍ਰਕਾਸ਼ਨਾਂ ਅਤੇ ਚੋਰੀ ਦੀ ਪ੍ਰਕਾਸ਼ਨਾਂ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਉੱਤਰ ਪ੍ਰਦੇਸ਼ ਮੈਡੀਕਲ ਸਾਇੰਸਜ਼, ਸੈਫਈ, ਇਟਾਵਾ, ਯੂ.ਪੀ. ਦੀ ਯੂਨੀਵਰਸਿਟੀ ਤੋਂ ਪ੍ਰੋ. (ਡਾ.) ਕਮਲਾ ਪਾਠਕ ਨੇ ਨੈਨੋਪਾਰਟੀਕਲ ਆਧਾਰਿਤ ਡਰੱਗ ਸਪਲਾਈ ਪ੍ਰਣਾਲੀ ਦੇ ਜ਼ਹਿਰੀਲੇ ਪਹਿਲੂਆਂ ਬਾਰੇ ਵਿਸਥਾਰ ਨਾਲ ਦੱਸਿਆ। ਰਾਜਸਥਾਨ ਦੇ ਬਾਂਦਰ ਸਿੰਦਰੀ ਸੈਂਟਰਲ ਯੂਨੀਵਰਸਿਟੀ ਤੋਂ ਪ੍ਰੋਫੈਸਰ ਅਮਿਤ ਗੋਇਲ ਅਤੇ ਐੱਮ.ਆਰ.ਐੱਸ.ਪੀ.ਟੀ.ਯੂ. ਬਠਿੰਡਾ ਦੇ ਡਾ. ਅਮਿਤ ਭਾਟੀਆ ਨੇ ਨੈਨੋ ਟੈਕਨਾਲੋਜੀ ਆਧਾਰਿਤ ਕੈਰੀਅਰਾਂ, ਜਿਸ 'ਚ ਟੀਕੇ ਅਤੇ ਅਨੁਵਾਦ ਖੋਜ ਦੇ ਸੰਦਾਂ ਸਮੇਤ ਗੁੰਝਲਦਾਰ ਬਾਇਓਮੈਟਰੀਅਲਸ ਦੀ ਸਪੁਰਦਗੀ ਵਿਸ਼ੇ 'ਤੇ ਚਾਨਣਾ ਪਾਇਆ। ਐੱਫ. ਡੀ. ਪੀ. ਦੇ ਕੋ-ਕੋਆਰਡੀਨੇਟਰ ਡਾ. ਉੱਤਮ ਕੁਮਾਰ ਮੰਡਲ ਨੇ ਸਮਾਗਮ ਦੇ ਪ੍ਰਬੰਧਨ ਵਿਚ ਮੁੱਖ ਭੂਮਿਕਾ ਨਿਭਾਈ ਜਦਕਿ ਸਮਾਪਤੀ ਪ੍ਰੋਗਰਾਮ ਡਾ. ਅਮਿਤ ਭਾਟੀਆ ਵਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ।




ਐੱਮ. ਆਰ. ਐੱਸ. ਪੀ. ਟੀ. ਯੂ., ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸਜ਼ ਅਤੇ ਟੈਕਨਾਲੋਜੀ ਵਿਭਾਗ ਵਲੋਂ ਕਰਵਾਈ ਅਟਲ ਆਨ-ਲਾਈਨ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ (ਐੱਫ. ਡੀ. ਪੀ.) ਦੀ ਤਸਵੀਰ। ਤਸਵੀਰ : ਲਵਲੀ

# ਰੋਜ਼ਾਨਾ ਸਪੋਕਸਮੈਨ

ਬੁਧਵਾਰ, 2 ਸਤੰਬਰ 2020

## 'ਸਾਇੰਸ ਟੈਕਨਾਲੋਜੀ ਅਤੇ ਇਨੋਵੇਸ਼ਨ ਪਾਲਿਸੀ-2020' ਵਿਸ਼ੇ 'ਤੇ ਵੈਬਿਨਾਰ

ਬਠਿੰਡਾ, 1 ਸਤੰਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਲੋਂ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਿਲ ਦੇ ਸਹਿਯੋਗ ਨਾਲ 'ਸਾਇੰਸ ਟੈਕਨਾਲੋਜੀ ਐਂਡ ਇਨੋਵੇਸ਼ਨ ਪਾਲਿਸੀ -2020' ਸਬੰਧੀ ਵੈਬਿਨਾਰ-ਕਮ-ਕੰਸਲਟੇਸ਼ਨ ਮੀਟ ਦਾ ਕਾਨਫਰੰਸ ਰੂਮ ਵਿਚ ਆਯੋਜਨ ਕੀਤਾ ਗਿਆ। ਆਨਲਾਈਨ ਵੈਬਿਨਾਰ ਭਾਰਤ ਸਰਕਾਰ ਵੱਲੋਂ ਨਵੀਂ ਰਾਸ਼ਟਰੀ ਵਿਗਿਆਨ ਟੈਕਨਾਲੋਜੀ ਅਤੇ ਨਵੀਨਤਾ ਨੀਤੀ ਬਣਾਉਣ ਲਈ ਆਰੰਭੀ ਪ੍ਰਕਿਰਿਆ ਦਾ ਹਿੱਸਾ ਸੀ, ਜੋ ਕਿ ਨੀਤੀਗਤ ਢਾਂਚੇ ਨੂੰ ਹੁਲਾਰਾ ਦੇਣ ਲਈ ਰਾਜ ਸਲਾਹ-ਮਸ਼ਵਰਾ - ਪੰਜਾਬ ਦੇ ਅੰਤਰਗਤ ਆਯੋਜਿਤ ਕੀਤਾ ਗਿਆ ਸੀ। ਯੂਨੀਵਰਸਿਟੀ ਦੇ ਡੀਨ ਰਿਸਰਚ ਐਂਡ ਡਿਵੈਲਪਮੈਂਟ ਡਾ. ਜਸਬੀਰ ਸਿੰਘ ਹੁੰਦਲ ਨੇ ਅਜਿਹਾ ਸ਼ਾਨਦਾਰ ਵੈਬਿਨਾਰ ਆਯੋਜਿਤ ਕਰਨ ਲਈ ਪੀ.ਐਸ.ਸੀ.ਐਸ.ਟੀ. ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਵੈਬਿਨਾਰ ਦੇ ਮੁੱਖ ਉਦੇਸ਼ਾਂ ਬਾਰੇ ਚਾਨਣਾ ਪਾਇਆ।




ਵੈਬਿਨਾਰ ਦਾ ਉਦਘਾਟਨ ਕਰਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਐਸ.ਟੀ.ਆਈ.ਪੀ. -2020 ਸਬੰਧੀ ਵਿਆਪਕ ਸਲਾਹ ਮਸ਼ਵਰੇ ਲਈ ਕੇਂਦਰ ਸਰਕਾਰ ਅਤੇ ਪੀ.ਐਸ.ਸੀ.ਐਸ.ਟੀ. ਦੇ ਉੱਦਮ ਅਤੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਯੂਨੀਵਰਸਿਟੀ ਦੀ ਡੀਨ, ਅਕਾਦਮਿਕ ਮਾਮਲੇ, ਪ੍ਰੋ. (ਡਾ.) ਸਵੀਨਾ ਬਾਂਸਲ ਨੇ ਕਿਹਾ ਕਿ ਨਵੀਂ ਐਸ.ਟੀ.ਆਈ.ਪੀ. ਭਾਰਤ ਦੇ ਵਿਕਾਸ ਦੇ ਇੰਜਨ ਨੂੰ ਵਿਗਿਆਨ ਅਤੇ ਟੈਕਨਾਲੋਜੀ ਦੇ ਜ਼ਰੀਏ ਰਫ਼ਤਾਰ ਦੇਣ ਵਾਲੀ ਹੋਵੇਗੀ।

ਅਜੀਤ
ਬੁੱਧਵਾਰ, 30 ਸਤੰਬਰ 2020

# ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਤੇ ਟੈਕਨਾਲੋਜੀ, ਬਠਿੰਡਾ ਵਿਖੇ 'ਵੇਸਟ ਟੈਕਨਾਲੋਜੀ' ਵਿਸ਼ੇ 'ਤੇ 5 ਰੋਜ਼ਾ ਆਨ ਲਾਈਨ ਫੈਕਲਟੀ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ

ਬਠਿੰਡਾ, 29 ਸਤੰਬਰ (ਕੰਵਲਜੀਤ ਸਿੰਘ ਸਿੱਧੂ)- ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਵਲੋਂ 'ਵੇਸਟ ਟੈਕਨਾਲੋਜੀ' ਵਿਸ਼ੇ 'ਤੇ 5 ਰੋਜ਼ਾ ਆਨ ਲਾਈਨ ਫੈਕਲਟੀ ਟ੍ਰੇਨਿੰਗ ਪ੍ਰੋਗਰਾਮ ਸਫ਼ਲਤਾ ਪੂਰਵਕ ਸਮਾਪਤ ਹੋਇਆ। ਇਹ ਪ੍ਰੋਗਰਾਮ ਆਲ ਇੰਡੀਆ ਕਾਊਂਸਿਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਟ੍ਰੇਨਿੰਗ ਐਂਡ ਲਰਨਿੰਗ ਅਕੈਡਮੀ ਵਲੋਂ ਸਪੌਂਸਰ ਕੀਤਾ ਗਿਆ ਸੀ। ਇਸ ਸਿਖਲਾਈ ਪ੍ਰੋਗਰਾਮ ਵਿਚ 194-ਰਜਿਸਟਰਡ ਉਮੀਦਵਾਰਾਂ ਸਮੇਤ ਉੱਘੇ ਸਿੱਖਿਆ ਸ਼ਾਸਤਰੀਆਂ ਪੰਜਾਬ ਤੋਂ ਇਲਾਵਾ ਕੇਰਲਾ ਤੋਂ ਅਰੁਣਾਚਲ ਪ੍ਰਦੇਸ਼ ਤੱਕ ਦੇਸ਼ ਦੇ 18 ਰਾਜਾਂ ਦੇ ਪੇਸ਼ੇਵਰ ਖੋਜ ਵਿਦਵਾਨਾਂ ਨੇ ਭਾਗ ਲਿਆ ਤੇ ਗੰਭੀਰ ਵਿਚਾਰ-ਵਟਾਂਦਰੇ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ ਇਸ ਖੇਤਰ ਦੀ ਉੱਘੀ ਸਿੱਖਿਆ ਸ਼ਾਸਤਰੀ ਤੇ ਗਿਆਨੀ ਜ਼ੈਲ ਸਿੰਘ ਕੈਂਪਸ ਦੀ ਡਾਇਰੈਕਟਰ ਅਤੇ ਐੱਮ. ਆਰ. ਐੱਸ. ਪੀ. ਟੀ. ਯੂ., ਬਠਿੰਡਾ ਦੇ ਡੀਨ (ਅਕਾਦਮਿਕ), ਡਾ: ਸਵੀਨਾ ਬਾਂਸਲ ਨੇ ਇੰਜੀਨੀਅਰਿੰਗ ਅਤੇ ਵਿਗਿਆਨਕ ਭਾਈਚਾਰੇ ਨੂੰ ਵਿਗਿਆਨਿਕ ਸੁਭਾਅ ਅਤੇ ਨਜ਼ਰੀਆ ਪੈਦਾ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਲਈ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਜੀ. ਜ਼ੈੱਡ. ਐੱਸ. ਸੀ. ਸੀ. ਈ. ਟੀ., ਬਠਿੰਡਾ ਨੂੰ ਇਹ ਪ੍ਰੋਗਰਾਮ ਦੇਣ ਲਈ ਏ.ਆਈ.ਸੀ.ਟੀ.ਈ. ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਪ੍ਰੋਗਰਾਮ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ:) ਮੋਹਨ ਪਾਲ ਸਿੰਘ ਈਸ਼ਰ ਨੇ ਕੀਤਾ। ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਬੂਟਾ ਸਿੰਘ ਸਿੱਧੂ ਨੇ ਸ਼ਾਨਦਾਰ ਪ੍ਰਬੰਧ ਲਈ ਪ੍ਰਬੰਧਕਾ ਨੂੰ ਵਧਾਈ ਦਿੱਤੀ। ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਮਾਹਿਰ ਡਾ. ਵੀ. ਕੇ. ਗਰਗ ਅਤੇ ਡਾ. ਸੁਨੀਲ ਮਿੱਤਲ ਨੇ ਵਰਮੀਟੈਕਨੋਲੋਜੀ ਰਾਹੀਂ ਖ਼ਤਰਨਾਕ ਕੂੜੇ ਕਰਕਟ ਤੇ ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਵਿਸਥਾਰ ਨਾਲ ਦੱਸਿਆ। ਇਸੇ ਤਰ੍ਹਾਂ ਡਾ. ਐੱਸ. ਸੀ. ਜੈਨ, ਸ਼ਾਬਕਾ ਡੀਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕੂੜਾ ਕਰਕਟ ਘੱਟ ਕਰਨ ਦੀਆਂ ਰਣਨੀਤੀਆਂ ਬਿਆਨ ਕੀਤੀਆਂ। ਐੱਨ.ਆਈ.ਟੀ.ਟੀ.ਟੀ.ਆਰ., ਚੰਡੀਗੜ੍ਹ ਦੇ ਡਾ. ਸੰਜੇ ਸ਼ਰਮਾ ਨੇ ਸੀਵਰੇਜ ਪ੍ਰਬੰਧਨ ਅਤੇ ਸਾਫ਼ ਟੈਕਨਾਲੋਜੀ ਬਾਰੇ ਭਾਸ਼ਣ ਦਿੱਤਾ। ਜਦੋਂਕਿ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਦੇ ਡਾ. ਐੱਸ. ਕੇ. ਸ਼ਰਮਾ ਨੇ ਹਵਾ ਪ੍ਰਦੂਸ਼ਣ ਰੋਕਥਾਮ ਉਪਾਵਾਂ ਬਾਰੇ ਚਾਨਣਾ ਪਾਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਡਾ: ਆਦਰਸ਼ ਪਾਲ ਵਿਗ ਨੇ ਉਦਯੋਗਿਕ ਰਹਿੰਦ ਖੂੰਹਦ ਤੇ ਇਸਦੇ ਪ੍ਰਭਾਵਾਂ ਬਾਰੇ ਦੱਸਿਆ। ਸਥਾਨਕ ਗਿਆਨੀ ਜ਼ੈਲ ਸਿੰਘ ਕੈਂਪਸ, ਬਠਿੰਡਾ ਦੇ ਡਾ: ਸੰਜੀਵ ਅਗਰਵਾਲ ਤੇ ਡਾ. ਮਨਜੀਤ ਬਾਂਸਲ ਨੇ ਕ੍ਰਮਵਾਰ ਹਾਈਵੇਅ 'ਤੇ ਪੈਦਾ ਹੋਣ ਵਾਲੇ ਕੂੜੇ ਕਰਕਟ ਦੇ ਸੁਚੱਜੇ ਪ੍ਰਬੰਧਨ ਅਤੇ ਰਹਿੰਦ-ਖੂੰਹਦ ਦੀ ਢੁੱਕਵੀਂ ਵਰਤੋਂ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਯੂਨੀਵਰਸਿਟੀ ਦੇ ਹੀ ਡਾ: ਰਾਹੁਲ ਅਤੇ ਡਾ. ਸੀਮਾ ਨੇ ਪ੍ਰੋਗਰਾਮ ਦੌਰਾਨ ਬਾਇਓ ਮੈਡੀਕਲ ਅਤੇ ਰਸਾਇਣਕ ਰਹਿੰਦ-ਖੂੰਹਦ ਦੇ ਪ੍ਰਭਾਵਾਂ ਉਤੇ ਭਾਸ਼ਣ ਦਿੱਤਾ। ਗਿਆਨੀ ਜ਼ੈਲ ਸਿੰਘ ਕਾਲਜ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ, ਡਾ. ਰਾਕੇਸ਼ ਸਿੰਗਲਾ ਨੇ ਇਸ ਸਮਾਰੋਹ ਦੇ ਸੁਚੱਜੇ ਤਾਲਮੇਲ ਲਈ ਵਿਸ਼ੇਸ਼ ਯਤਨ ਕੀਤੇ।



**ਜੀ.ਜ਼ੈੱਡ.ਐੱਸ.ਸੀ.ਸੀ.ਈ.ਟੀ., ਐੱਮ.ਆਰ.ਐੱਸ.ਪੀ.ਟੀ.ਯੂ, ਬਠਿੰਡਾ ਦੇ ਡਾਇਰੈਕਟਰ ਡਾ. ਸਵੀਨਾ ਬਾਂਸਲ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ, ਡੀਨ ਅਤੇ ਕੈਮੀਕਲ ਇੰਜੀਨੀਅਰ ਵਿਭਾਗ ਦੇ ਚੇਅਰਮੈਨ, ਡਾ: ਸੁਰੇਸ਼ ਚੰਦ ਜੈਨ। ਜੀ. ਐੱਨ. ਡੀ. ਯੂ., ਅੰਮ੍ਰਿਤਸਰ, ਪ੍ਰੋਫੈਸਰ (ਡਾ.) ਆਦਰਸ਼ ਪਾਲ ਵਿੱਗ। ਸੈਂਟਰਲ ਯੂਨੀਵਰਸਿਟੀ ਪੰਜਾਬ, ਬਠਿੰਡਾ ਦੇ ਡੀਨ ਡਾ. ਵੀ.ਕੇ. ਗਰਗ।**

ਰੋਜ਼ਾਨਾ ਸਪੋਕਸਮੈਨ ਮੰਗਲਵਾਰ, 29 ਸਤੰਬਰ 2020

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਨੂੰ 41 ਲੱਖ ਰੁਪਏ ਦਾ ਅਹਿਮ ਪ੍ਰਾਜੈਕਟ ਮਨਜ਼ੂਰ

**ਬਠਿੰਡਾ, 28 ਸਤੰਬਰ(ਸੁਖਜਿੰਦਰ ਮਾਨ) :** ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੂੰ ਬੋਰਡ ਆਫ਼ ਰਿਸਰਚ ਇਨ ਨਿਊਕਲੀਅਰ ਸਾਇੰਸ ਵਲੋਂ 41 ਲੱਖ ਰੁਪਏ ਦਾ ਪ੍ਰਤਿਸ਼ਠਾਵਾਨ ਪ੍ਰਾਜੈਕਟ ਮਿਲਿਆ ਹੈ। ਪ੍ਰਾਜੈਕਟ ਦਾ ਸਿਰਲੇਖ "ਵਾਯੂਮੰਡਲ ਦੇ ਕਣਾਂ ਦੀ ਏਰੋਸੋਲ ਘਣਤਾ ਦਾ ਅੰਦਾਜ਼ਾ ਲਗਾਉਣ ਲਈ ਸੰਖਿਆ ਅਤੇ ਸਮੂਹਿਕ ਇਕਾਗਰਤਾ ਦਾ ਇਕੋ ਸਮੇਂ ਮਾਪ ਕਰਨਾ" ਹੈ। ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਅਤੇ ਡੀਨ ਰਿਸਰਚ ਐਂਡ ਡਿਵੈਲਪਮੈਂਟ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਦਸਿਆ ਕਿ ਇਸ ਪ੍ਰੋਜੈਕਟ ਦੀ ਪ੍ਰਮੁੱਖ ਜਾਂਚ ਅਧਿਕਾਰੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੀ ਸਹਾਇਕ ਪ੍ਰੋਫੈਸਰ ,ਡਾ. ਵੀਨਾ ਸ਼ਰਮਾ ਹੈ ਜਦੋਂ ਕਿ ਇਸੇ ਵਿਭਾਗ ਦੇ ਦੋ ਸਹਿ-ਪ੍ਰਮੁੱਖ ਜਾਂਚ ਅਧਿਕਾਰੀ 'ਡਾ. ਸੰਦੀਪ ਕਾਂਸਲ ਅਤੇ ਮਿਸ ਡਾ. ਗਗਨ ਗੁਪਤਾ ਹਨ। ਇਸ ਪ੍ਰੋਜੈਕਟ ਵਿਚ ਕਣ ਪਦਾਰਥਾਂ ਦਾ ਗਾੜ੍ਹਾਪਣ, ਮੌਸਮ ਦੇ ਜ਼ਹਿਰੀਲੇ ਪ੍ਰਦੂਸ਼ਕ ਤੱਤਾਂ ਅਤੇ ਉਨ੍ਹਾਂ ਦੇ ਸਰੋਤ ਦੇ ਅਨੁਪਾਤ ਅਤੇ ਮੌਸਮ ਵਿਗਿਆਨ ਦੇ ਮਾਪਦੰਡਾਂ ਦੇ ਪ੍ਰਭਾਵਾਂ ਦਾ ਵੀ ਅਧਿਐਨ ਕੀਤਾ ਜਾਵੇਗਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਅਤੇ ਪ੍ਰੋ. ਜਸਬੀਰ ਸਿੰਘ ਹੁੰਦਲ ਨੇ ਯੂਨੀਵਰਸਿਟੀ ਦੀ ਭੌਤਿਕ ਵਿਗਿਆਨ ਖੋਜ ਟੀਮ ਵਿਚ ਸ਼ਾਮਲ ਡਾ. ਵੀਨਾ ਸ਼ਰਮਾ, ਡਾ. ਸੰਦੀਪ ਕਾਂਸਲ ਅਤੇ ਡਾ. ਗਗਨ ਗੁਪਤਾ ਨੂੰ ਵਧਾਈ ਦਿੱਤੀ ਹੈ।

# 2021-22

# एमआरएस पीटीयू में साइंस एंड टेक एक्सपो का शानदार आयोजन

भास्कर न्यूज़ |बठिंडा

महाराजा रणजीत सिंह पंजाब टेक्निकल यूनिवर्सिटी में \'साइंस एंड टेक एक्सपो\' आज मुख्य परिसर में आयोजित किया गया। एयर शो, लाइव मॉडल और विभिन्न प्रदर्शनियां आकर्षण का केंद्र बनी रहीं।\'साइंस एंड टेक एक्सपो\' का उद्देश्य छात्रों में एक वैज्ञानिक स्वभाव विकसित करना, नवीनतम तकनीक के बारे में जागरूकता पैदा करना और विज्ञान के महत्व को रेखांकित करना था। विभिन्न स्कूलों/कॉलेजों और मान्यता प्राप्त संस्थानों के हजारों छात्रों ने इस अनूठे कार्यक्रम में भाग लिया और विशेषज्ञों से विज्ञान और प्रौद्योगिकी के बारे में सीखा। विकास गर्ग आईएएस, प्रमुख सचिव, तकनीकी शिक्षा और औद्योगिक प्रशिक्षण, पंजाब ने मेले का उद्घाटन किया, जबकि विश्वविद्यालय के कुलपति प्रो बूटा



सिंह सिद्धू ने समारोह की अध्यक्षता की। मॉडल प्रदर्शनी, एयरो शो, ऑटो एक्सपो, गो कार्ट / कार रैली-प्रोजेक्ट, जैविक किसान बाजार, करियर परामर्श, प्रेरक व्याख्यान, विज्ञान लाइव प्रयोग, विभिन्न विभागों के मंडप, पुस्तक प्रदर्शनियां, एआईसीटीई योजनाएं और छात्रवृत्ति, राष्ट्रीय विज्ञान दिवस समारोह प्रतियोगिताएं, इस \'साइंस एंड टेक एक्सपो\' के दौरान सांस्कृतिक गतिविधियां और फूड कोर्ट आदि के शानदार प्रदर्शन मुख्य आकर्षण थे, जिसने मालवा क्षेत्र के छात्रों को बड़ी संख्या में आकर्षित किया। एक प्रेरक भाषण में विकास गर्ग (जो विश्वविद्यालय के बोर्ड ऑफ गवर्नर्स के अध्यक्ष भी हैं) ने कहा कि विज्ञान और प्रौद्योगिकी किसी भी देश की प्रगति का आधार है। उन्होंने कहा कि विज्ञान किसी विशेष वैज्ञानिक समुदाय की जिम्मेदारी नहीं है, हर आम आदमी भी नवाचार में रुचि ले सकता है और राष्ट्र के विकास में योगदान करने के लिए विज्ञान और प्रौद्योगिकी के साथ खुद को एकीकृत कर सकता है। उन्होंने विज्ञान के प्रसार और विश्वविद्यालय के प्रयासों के लिए ऐसे मेलों की भूमिका की सराहना की। श्री गर्ग ने छात्रों को अपने लक्ष्यों को प्राप्त करने में सक्षम बनाने के लिए गुणवत्तापूर्ण शिक्षा की आवश्यकता, समय की आवश्यकता के अनुसार नए पाठ्यक्रमों की शुरूआत, पाठ्यक्रम में उद्योग से संबंधित विषयों को शामिल करने और शिक्षा को रोजगारोन्मुख बनाने पर जोर दिया। श्री गर्ग ने कोविड-19 युग के अंत और शैक्षणिक संस्थानों में सामान्य स्थिति में लौटने पर प्रसन्नता व्यक्त करते हुए तकनीकी शिक्षा में बुनियादी ढांचे के और सुधार के लिए काम करने का वादा किया, जो विकास में महत्वपूर्ण भूमिका निभाएगा।श्री गर्ग ने कहा कि गुणवत्तापूर्ण शिक्षा प्रदान करने से देश के छात्र किसी भी अंतरराष्ट्रीय विश्वविद्यालय के छात्रों के साथ प्रतिस्पर्धा करने में सक्षम होंगे।

# महाराजा रणजीत सिंह पीटीयू में साइंस व टेक एक्सपो आयोजित

संवाद सहयोगी, बठिंडा : महाराजा रणजीत सिंह पंजाब टेक्निकल यूनिवर्सिटी (एमआरएसपीटीयू) में साइंस व टेक एक्सपो का मुख्य कैंपस में शानदार आयोजन किया गया। इस दौरान एयरो शो, लाइव माडल व विभिन्न प्रदर्शनी की हजारों उत्सुक विद्यार्थियों के लिए आकर्षण का केंद्र बनी।

तकनीकी शिक्षा व उद्योगिक शिक्षा के प्रमुख सचिव विकास गर्ग ने मेले का उद्‌घाटन किया। वहीं वाइस चांसलर प्रो. बूटा सिंह सिद्धू ने समागम की प्रधानगी की। माडल में प्रदर्शनियां, एयरो शो, आटो एक्सपो, कार रैली प्रोजेक्ट, आर्गेनिक किसान मंडी, करियर काउंसलिंग, साइंस लाइन प्रोग, विभिन्न विभागों के पवेलियन भी शामिल थे। विकास गर्ग ने कहा कि विज्ञान व टेक्नालाजी किसी भी देश की तरक्की के अधार होते हैं। यह जरूरी नहीं है कि विज्ञान किसी भी विशेष विज्ञानिक भाईचारे की जिम्मेदारी हो। गर्ग ने कहा कि शिक्षा प्रदान करने से देश के विद्यार्थियों को किसी भी अंतरराष्ट्रीय यूनिवर्सिटी के विद्यार्थियों के बराबर



एमआरएसपीटीयू में शुक्रवार को आयोजित साइंस व टेक एक्सपो के दौरान एक स्टाल पर विद्यार्थियों के माडल देखते वाइस चांसलर बूटा सिंह व विकास गर्ग • विज्ञप्ति

मुकाबला करने की शक्ति मिलेगी। शैक्षणिक संस्थाओं का फर्ज बनता है कि वह डिग्रियां देने के अलावा हर नौजवान की प्रतिभा के अनुकूल पाठक्रम तैयार करने वह योग्यता अनुसार नौकरी प्राप्त कर सकें। साथ ही विद्यार्थियों को भी ऐसे आयोजनों में बढ़चढ़ कर हिस्सा लेना चाहिए ताकि उनके अंदर छुपी प्रतिभा खुलकर बाहर आ सके। यह उनके भविष्य में लाभदायक है। इस दौरान प्रो. गुरशरन सिंह रंधावा, प्रसिद्ध प्रेरक प्रा. ललित शर्मा ने करियर कांउसलिंग के भाषण दिया।



साइंस व टेक एक्सपो के दौरान जहाज का माडल दिखाता विद्यार्थी • विज्ञप्ति

# ਏਅਰੋ ਸ਼ੋਅ ਅਤੇ ਲਾਈਵ ਮਾਡਲ ਨੇ ਆਕਰਸ਼ਿਤ ਕੀਤੇ ਹਜ਼ਾਰਾਂ ਵਿਦਿਆਰਥੀ



'ਸਾਇੰਸ ਅਤੇ ਟੈਕ ਐਕਸਪੋ' ਦਾ ਉਦਘਾਟਨ ਕਰਦੇ ਵਿਕਾਸ ਗਰਗ ਆਈ.ਏ. ਐਸ, ਅਤੇ ਨਾਲ ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਤੇ ਹੋਰ।



ਵਿਦਿਆਰਥੀਆਂ ਦੁਆਰਾ ਬਣਾਏ ਗਏ ਮਾਡਲਾਂ ਨੂੰ ਦੇਖਦੇ ਵਿਕਾਸ ਗਰਗ ਆਈ.ਏ. ਐੱਸ ਅਤੇ ਹੋਰ।

ਬਠਿੰਡਾ, 25 ਮਾਰਚ (ਵਰਮਾ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ 'ਸਾਇੰਸ ਅਤੇ ਟੈਕ ਐਕਸਪੋ' ਦਾ ਅੱਜ ਮੁੱਖ ਕੈਂਪਸ ਵਿਖੇ ਸ਼ਾਨਦਾਰ ਆਯੋਜਨ ਕੀਤਾ ਗਿਆ। ਏਅਰੋ ਸ਼ੋਅ, ਲਾਈਵ ਮਾਡਲ ਅਤੇ ਵੱਖ-ਵੱਖ ਪ੍ਰਦਰਸ਼ਨੀਆਂ ਹਜ਼ਾਰਾਂ ਉਤਸੁਕ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ।

'ਸਾਇੰਸ ਅਤੇ ਟੈਕ ਐਕਸਪੋ' ਦਾ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਸੁਭਾਅ ਵਿਕਸਿਤ ਕਰਨਾ, ਨਵੀਨਤਮ ਟੈਕਨਾਲੌਜੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵਿਗਿਆਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਸੀ। ਵੱਖ-ਵੱਖ ਸਕੂਲਾਂ-ਕਾਲਜਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਇਸ ਵਿਲੱਖਣ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਅਤੇ ਮਾਹਿਰਾਂ ਨਾਲ ਸਾਇੰਸ ਅਤੇ ਟੈਕਨਾਲੌਜੀ ਬਾਰੇ ਗਿਆਨ ਹਾਸਲ ਕੀਤਾ।

ਵਿਕਾਸ ਗਰਗ ਆਈ. ਏ. ਐੱਸ., ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਨੇ ਇਸ ਮੇਲੇ ਦਾ ਉਦਘਾਟਨ ਕੀਤਾ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕੀਤੀ।

ਮਾਡਲ ਪ੍ਰਦਰਸ਼ਨੀਆਂ, ਏਅਰੋ ਸ਼ੋਅ, ਆਟੋ ਐਕਸਪੋ, ਗੋ ਕਾਰਟੇਕਾਰ ਰੈਲੀ ਪ੍ਰਾਜੈਕਟ, ਆਰਗੈਨਿਕ ਕਿਸਾਨ ਮੰਡੀ, ਕਰੀਅਰ ਕਾਊਂਸਲਿੰਗ, ਪ੍ਰੇਰਕ ਲੈਕਚਰ, ਸਾਇੰਸ ਲਾਈਵ ਪ੍ਰਯੋਗ, ਵੱਖ-ਵੱਖ ਵਿਭਾਗਾਂ ਦੇ ਪਵੇਲੀਅਨ, ਪੁਸਤਕ ਪ੍ਰਦਰਸ਼ਨੀਆਂ, ਏ. ਆਈ. ਸੀ. ਟੀ. ਈ. ਸਕੀਮਾਂ ਅਤੇ ਸਕਾਲਰਸ਼ਿਪ, ਰਾਸ਼ਟਰੀ ਵਿਗਿਆਨ ਦਿਵਸ ਸਮਾਰੋਹ ਦੇ ਤਹਿਤ ਮੁਕਾਬਲੇ, ਸੱਭਿਆਚਾਰਕ ਗਤੀਵਿਧੀਆਂ ਅਤੇ ਫੂਡ ਕੋਰਟ ਆਦਿ ਦੇ ਸ਼ਾਨਦਾਰ ਪ੍ਰਦਰਸ਼ਨ ਇਸ 'ਸਾਇੰਸ ਅਤੇ ਟੈਕ ਐਕਸਪੋ' ਦੌਰਾਨ ਮੁੱਖ ਆਕਰਸ਼ਣ ਸਨ।

ਪ੍ਰੋ. ਬੂਟਾ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ 'ਸਾਇੰਸ ਅਤੇ ਟੈਕ ਐਕਸਪੋ' ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਮਨੁੱਖੀ ਜੀਵਨ ਵਿਚ ਵਿਗਿਆਨ ਦੇ ਫਲਸਫੇ ਅਤੇ ਇਸ ਦੀ ਮਹੱਤਤਾ ਬਾਰੇ ਵੀ ਚਰਚਾ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਡੀਨਜ਼, ਡਾਇਰੈਕਟਰਜ਼ ਅਤੇ ਸੀਨੀਅਰ ਫੈਕਲਟੀ ਹਾਜ਼ਰ ਸਨ।



# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ 'ਚ 'ਸਾਇੰਸ ਅਤੇ ਟੈਕ ਐਕਸਪੋ' ਦਾ ਸ਼ਾਨਦਾਰ ਆਯੋਜਨ

## ਏਅਰੋ ਸ਼ੋਅ ਅਤੇ ਲਾਈਵ ਮਾਡਲ ਨੇ ਆਕਰਸ਼ਤ ਕੀਤੇ ਹਜ਼ਾਰਾਂ ਵਿਦਿਆਰਥੀ

ਬਠਿੰਡਾ, 25 ਮਾਰਚ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ "ਸਾਇੰਸ ਅਤੇ ਟੈਕ ਐਕਸਪੋ" ਦਾ ਅੱਜ ਮੁੱਖ ਕੈਂਪਸ ਵਿਖੇ ਸ਼ਾਨਦਾਰ ਆਯੋਜਨ ਕੀਤਾ ਗਿਆ। ਏਅਰੋ ਸੋਅ, ਲਾਈਵ ਮਾਡਲ ਅਤੇ ਵੱਖ-ਵੱਖ ਪ੍ਰਦਰਸਨੀਆਂ ਹਜ਼ਾਰਾਂ ਉਤਸੁਕ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ। "ਸਾਇੰਸ ਅਤੇ ਟੈਕ ਐਕਸਪੋ" ਦਾ ਉਦੇਸ ਵਿਦਿਆਰਥੀਆਂ ਵਿੱਚ ਵਿਗਿਆਨਕ ਸੁਭਾਅ ਵਿਕਸਿਤ ਕਰਨਾ, ਨਵੀਨਤਮ ਤਕਨਾਲੋਜੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵਿਗਿਆਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਸੀ। ਵੱਖ-ਵੱਖ ਸਕੂਲਾਂ/ਕਾਲਜਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਹਜਾਰਾਂ ਵਿਦਿਆਰਥੀਆਂ ਨੇ ਇਸ ਵਿਲੱਖਣ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਅਤੇ ਮਾਹਿਰਾਂ ਨਾਲ



ਸਾਇੰਸ ਅਤੇ ਟੈਕਨਾਲੋਜੀ ਬਾਰੇ ਗਿਆਨ ਹਾਸਿਲ ਕੀਤਾ। ਇਸ ਦੌਰਾਨ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਗਰਗ ਨੇ ਇਸ ਮੇਲੇ ਦਾ ਉਦਘਾਟਨ ਕੀਤਾ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ ਨੇ ਕੀਤੀ। ਮਾਡਲ ਪ੍ਰਦਰਸਨੀਆਂ, ਏਅਰੋ ਸੋਅ, ਆਟੋ ਐਕਸਪੋ, ਗੋ ਕਾਰਟ/ਕਾਰ ਰੈਲੀ-ਪ੍ਰੋਜੈਕਟ, ਆਰਗੈਨਿਕ ਕਿਸਾਨ ਮੰਡੀ, ਕਰੀਅਰ ਕਾਉਂਸਲਿੰਗ, ਪ੍ਰੇਰਕ ਲੈਕਚਰ, ਸਾਇੰਸ ਲਾਈਵ ਪ੍ਰਯੋਗ, ਵੱਖ-ਵੱਖ ਵਿਭਾਗਾਂ ਦੇ ਪਵੇਲੀਅਨ, ਪੁਸਤਕ ਪ੍ਰਦਰਸਨੀਆਂ, ਏਆਈਸੀਟੀਈ ਸਕੀਮਾਂ ਅਤੇ ਸਕਾਲਰਸਿਪ, ਰਾਸਟਰੀ ਵਿਗਿਆਨ ਦਿਵਸ ਸਮਾਰੋਹ ਦੇ ਤਹਿਤ ਮੁਕਾਬਲੇ, ਸੱਭਿਆਚਾਰਕ ਗਤੀਵਿਧੀਆਂ ਅਤੇ ਫੂਡ ਕੋਰਟ ਆਦਿ ਦੇ ਸ਼ਾਨਦਾਰ ਪ੍ਰਦਰਸ਼ਨ ਇਸ "ਸਾਇੰਸ ਅਤੇ ਟੈਕ ਐਕਸਪੋ" ਦੌਰਾਨ ਮੁੱਖ ਆਕਰਸਣ ਸਨ, ਜਿਨ੍ਹਾਂ ਨੇ ਮਾਲਵਾ ਖੇਤਰ ਦੇ ਵਿਦਿਆਰਥੀਆਂ ਨੂੰ ਭਾਰੀ ਗਿਣਤੀ ਵਿਚ ਆਕਰਸਿਤ ਕੀਤਾ। ਅਪਣੇ ਭਾਸਣ ਵਿੱਚ ਸ੍ਰੀ ਵਿਕਾਸ ਗਰਗ (ਜੋ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ ਦੇ ਚੇਅਰਮੈਨ ਵੀ ਹਨ) ਨੇ ਕਿਹਾ ਕਿ ਵਿਗਿਆਨ ਅਤੇ ਤਕਨਾਲੋਜੀ ਕਿਸੇ ਵੀ ਦੇਸ ਦੀ ਤਰੱਕੀ ਦਾ ਆਧਾਰ ਹੁੰਦੇ ਹਨ। ਪ੍ਰੋ: ਬੂਟਾ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ "ਸਾਇੰਸ ਅਤੇ ਟੈਕ ਐਕਸਪੋ" ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਜਾਗਰੂਕਤਾ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ 'ਵਰਸਿਟੀ 'ਚ 'ਸਾਇੰਸ ਤੇ ਟੈਕ ਐਕਸਪੋ' ਪ੍ਰੋਗਰਾਮ ਕਰਵਾਇਆ

# ਦੇਸ਼ ਦੀ ਤਰੱਕੀ ਦਾ ਆਧਾਰ ਵਿਗਿਆਨ ਤੇ ਤਕਨਾਲੌਜੀ : ਗਰਗ

**ਸੀਨੀਅਰ ਸਟਾਫ਼ ਰਿਪੋਰਟਰ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ 'ਸਾਇੰਸ ਅਤੇ ਟੈਕ ਐਕਸਪੋ' ਪ੍ਰੋਗਰਾਮ ਮੁੱਖ ਕੈਂਪਸ ਵਿਖੇ ਕਰਵਾਇਆ ਗਿਆ, ਜਿਸ ਵਿਚ ਏਅਰੋ ਸ਼ੋਅ, ਲਾਈਵ ਮਾਡਲ ਅਤੇ ਵੱਖ-ਵੱਖ ਪ੍ਰਦਰਸ਼ਨੀਆਂ ਹਜ਼ਾਰਾਂ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ। 'ਸਾਇੰਸ ਅਤੇ ਟੈਕ ਐਕਸਪੋ' ਦਾ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਸੁਭਾਅ ਵਿਕਸਿਤ ਕਰਨਾ, ਨਵੀਨਤਮ ਤਕਨਾਲੋਜੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵਿਗਿਆਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਸੀ। ਵੱਖ-ਵੱਖ ਸਕੂਲਾਂ/ਕਾਲਜਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਇਸ ਵਿਲੱਖਣ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਅਤੇ ਮਾਹਿਰਾਂ ਨਾਲ ਸਾਇੰਸ ਅਤੇ ਟੈਕਨਾਲੋਜੀ ਬਾਰੇ ਗਿਆਨ ਹਾਸਲ ਕੀਤਾ। ਇਸ ਮੌਕੇ ਵਿਕਾਸ ਗਰਗ ਆਈਏਐਸ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ ਨੇ ਇਸ ਮੇਲੇ ਦਾ ਉਦਘਾਟਨ ਕੀਤਾ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ ਨੇ ਕੀਤੀ। ਮਾਡਲ ਪ੍ਰਦਰਸ਼ਨੀਆਂ, ਏਅਰੋ ਸ਼ੋਅ, ਆਟੋ ਐਕਸਪੋ, ਗੋ ਕਾਰਟ/ਕਾਰ ਰੈਲੀ-ਪ੍ਰੋਜੈਕਟ, ਆਰਗੈਨਿਕ ਕਿਸਾਨ ਮੰਡੀ, ਕਰੀਅਰ ਕਾਉਂਸਲਿੰਗ, ਪ੍ਰੇਰਕ ਲੈਕਚਰ, ਸਾਇੰਸ ਲਾਈਵ ਪ੍ਰਯੋਗ, ਵੱਖ-ਵੱਖ ਵਿਭਾਗਾਂ ਦੇ ਪਵੇਲੀਅਨ, ਪੁਸਤਕ ਪ੍ਰਦਰਸ਼ਨੀਆਂ, ਏਆਈਸੀਟੀਈ ਸਕੀਮਾਂ ਅਤੇ ਸਕਾਲਰਸ਼ਪਿ, ਰਾਸ਼ਟਰੀ ਵਿਗਿਆਨ ਦਿਵਸ ਸਮਾਰੋਹ ਦੇ ਤਹਿਤ ਮੁਕਾਬਲੇ, ਸੱਭਿਆਚਾਰਕ ਗਤੀਵਿਧੀਆਂ ਅਤੇ ਫੂਡ ਕੋਰਟ ਆਦਿ ਦੇ ਸ਼ਾਨਦਾਰ ਪ੍ਰਦਰਸ਼ਨ ਇਸ 'ਸਾਇੰਸ ਅਤੇ ਟੈਕ ਐਕਸਪੋ' ਦੌਰਾਨ ਮੁੱਖ ਆਕਰਸ਼ਣ ਸਨ। ਇਸ ਮੌਕੇ ਵਿਕਾਸ ਗਰਗ ਨੇ ਕਿਹਾ ਕਿ ਵਿਗਿਆਨ ਅਤੇ ਤਕਨਾਲੋਜੀ ਕਿਸੇ ਵੀ ਦੇਸ਼ ਦੀ ਤਰੱਕੀ ਦਾ ਆਧਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀ ਹੈ ਕਿ ਵਿਗਿਆਨ ਕਿਸੇ ਵਿਸ਼ੇਸ਼ ਵਿਗਿਆਨਕ ਭਾਈਚਾਰੇ ਦੀ ਜ਼ਿੰਮੇਵਾਰੀ ਹੋਵੇ, ਹਰ ਆਮ ਆਦਮੀ ਵੀ ਇਨੋਵੇਸ਼ਨ ਵਿਚ ਦਿਲਚਸਪੀ ਪੈਦਾ ਕਰ ਸਕਦਾ ਹੈ ਅਤੇ ਰਾਸ਼ਟਰ ਦੇ ਵਿਕਾਸ ਵਿਚ ਯੋਗਦਾਨ ਪਾਉਣ ਲਈ ਆਪਣੇ ਆਪ ਨੂੰ ਵਿਗਿਆਨ ਅਤੇ ਤਕਨਾਲੋਜੀ ਨਾਲ ਜੋੜ ਸਕਦਾ ਹੈ। ਕੋਵਿਡ 19 ਯੁੱਗ ਦੇ ਖਤਮ ਹੋਣ ਅਤੇ ਵਿਦਿਅਕ ਸੰਸਥਾਵਾਂ ਵਿਚ ਪੜ੍ਹਾਈ ਵਿਚ ਆਮ ਵਰਗੇ ਹਾਲਾਤ ਵਾਪਸ ਪਰਤਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਗਰਗ ਨੇ ਤਕਨੀਕੀ ਸਿੱਖਿਆ ਵਿਚ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਡਿਗਰੀਆਂ ਦੇਣ ਤੋਂ ਇਲਾਵਾ ਹਰੇਕ ਨੌਜਵਾਨ ਦੀ ਪ੍ਰਤਿਭਾ ਦੇ ਅਨੁਕੂਲ ਪਾਠਕ੍ਰਮ ਤਿਆਰ ਕਰਨ ਤਾਂ ਜੋ ਉਹ ਯੋਗਤਾ ਅਨੁਸਾਰ ਨੌਕਰੀਆਂ ਪ੍ਰਾਪਤ ਕਰ ਸਕਣ। ਪ੍ਰੋ: ਬੂਟਾ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ "ਸਾਇੰਸ ਅਤੇ ਟੈਕ ਐਕਸਪੋ" ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਮਨੁੱਖੀ ਜੀਵਨ ਵਿਚ ਵਿਗਿਆਨ ਦੇ ਫਲਸਫੇ ਅਤੇ ਇਸ ਦੀ ਮਹੱਤਤਾ ਬਾਰੇ ਵੀ ਚਰਚਾ ਕੀਤੀ। ਪ੍ਰੋ. ਗੁਰਸ਼ਰਨ ਸਿੰਘ ਰੰਧਾਵਾ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਰੁੜਕੀ ਤੋਂ ਸਾਬਕਾ ਪ੍ਰੋਫੈਸਰ ਅਤੇ ਪ੍ਰਸਿੱਧ ਪ੍ਰੇਰਕ ਪ੍ਰੋ. ਲਲਿਤ ਮੋਹਨ ਸ਼ਰਮਾ ਨੇ ਕਰੀਅਰ ਕਾਉਂਸਲਿੰਗ 'ਤੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਰਜਿਸਟਰਾਰ ਡਾ: ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਡੀਨਜ਼, ਡਾਇਰੈਕਟਰਜ਼ ਅਤੇ ਸੀਨੀਅਰ ਫੈਕਲਟੀ ਹਾਜ਼ਰ ਸਨ।



ਵਿਕਾਸ ਗਰਗ ਆਈਏਐੱਸ ਤੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ 'ਸਾਇੰਸ ਅਤੇ ਟੈਕ ਐਕਸਪੋ' ਕੈਂਪਸ ਵਿਖੇ ਵਿਦਿਆਰਥੀਆਂ ਨੂੰ ਮਿਲਦੇ ਹੋਏ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਖੇ 'ਸਾਇੰਸ ਤੇ ਟੈਕ ਐਕਸਪੋ' ਕਰਵਾਇਆ

ਅਸ਼ੋਕ ਵਰਮਾ



ਬਠਿੰਡਾ, 26 ਮਾਰਚ2022: ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ "ਸਾਇੰਸ ਅਤੇ ਟੈਕ ਐਕਸਪੋ" ਕਰਵਾਇਆ ਗਿਆ ਜਿਸ ਦੌਰਾਨ ਏਅਰੋ ਸ਼ੋਅ ,ਲਾਈਵ ਮਾਡਲ ਅਤੇ ਪ੍ਰਦਰਸ਼ਨੀਆਂ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਰਹੀਆਂ। ਸਾਇੰਸ ਅਤੇ ਟੈਕ ਐਕਸਪੋ" ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਸੁਭਾਅ ਵਿਕਸਿਤ ਕਰਨਾ, ਨਵੀਨਤਮ ਤਕਨਾਲੋਜੀ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਵਿਗਿਆਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਸੀ। ਵੱਖ-ਵੱਖ ਸਕੂਲਾਂ/ਕਾਲਜਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਦੇ ਹਜਾਰਾਂ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਅਤੇ ਮਾਹਿਰਾਂ ਨਾਲ ਸਾਇੰਸ ਅਤੇ ਟੈਕਨਾਲੋਜੀ ਬਾਰੇ ਗਿਆਨ ਹਾਸਿਲ ਕੀਤਾ। ਇਸ ਸਮਾਗਮ ਦਾ ਉਦਘਾਟਨ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਵਿਕਾਸ ਗਰਗ ਨੇ ਕੀਤਾ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ ਨੇ ਕੀਤੀ। ਵਿਕਾਸ ਗਰਗ (ਜੋ ਯੂਨੀਵਰਸਿਟੀ ਦੇ ਬੋਰਡ ਆਫ ਗਵਰਨਰਜ਼ ਦੇ ਚੇਅਰਮੈਨ ਵੀ ਹਨ) ਨੇ ਕਿਹਾ ਕਿ ਵਿਗਿਆਨ ਅਤੇ ਤਕਨਾਲੋਜੀ ਕਿਸੇ ਵੀ ਦੇਸ਼ ਦੀ ਤਰੱਕੀ ਦਾ ਆਧਾਰ ਹੁੰਦੇ ਹਨ। ਉਹਨਾਂ ਕਿਹਾ ਕਿ ਇਹ ਜਰੂਰੀ ਨਹੀਂ ਹੈ ਕਿ ਵਿਗਿਆਨ ਕਿਸੇ ਖਾਸ ਵਿਗਿਆਨਕ ਭਾਈਚਾਰੇ ਦੀ ਜ਼ਿੰਮੇਵਾਰੀ ਹੋਵੇ, ਹਰ ਆਮ ਆਦਮੀ ਵੀ ਇਸ ਵਿੱਚ ਦਿਲਚਸਪੀ ਪੈਦਾ ਕਰ ਸਕਦਾ ਹੈ ਅਤੇ ਦੇਸ਼ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਆਪਣੇ ਆਪ ਨੂੰ ਵਿਗਿਆਨ ਅਤੇ ਤਕਨਾਲੋਜੀ ਨਾਲ ਜੋੜ ਸਕਦਾ ਹੈ। ਉਨਾਂ ਵਿਗਿਆਨ ਦੇ ਪ੍ਰਸਾਰ ਲਈ ਅਜਿਹੇ ਮੇਲਿਆਂ ਦੀ ਭੂਮਿਕਾ ਅਤੇ ਯੂਨੀਵਰਸਿਟੀ ਦੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ।ਸ੍ਰੀ ਗਰਗ ਨੇ ਵਿਦਿਆਰਥੀਆਂ ਨੂੰ ਆਪਣਾ ਟੀਚਾ ਹਾਸਲ ਕਰਨ ਦੇ ਯੋਗ ਬਣਾਉਣ ਲਈ ਮਿਆਰੀ ਸਿੱਖਿਆ ਦੀ ਲੋੜ, ਮੌਜੂਦਾ ਸਮੇਂ ਦੀ ਜ਼ਰੂਰਤ ਅਨੁਸਾਰ ਨਵੇਂ ਕੋਰਸਾਂ ਦੀ ਸ਼ੁਰੂਆਤ, ਉਦਯੋਗ ਨਾਲ ਸਬੰਧਤ ਵਿਸ਼ਿਆਂ ਨੂੰ ਸਿਲੇਬਸ 'ਚ ਸ਼ਾਮਲ ਕਰਨ ਅਤੇ ਸਿੱਖਿਆ ਨੂੰ ਰੁਜਗਾਰ-ਮੁਖੀ ਬਣਾਉਣ 'ਤੇ ਜੋਰ ਦਿੱਤਾ। ਕੋਵਿਡ 19 ਯੁੱਗ ਦੇ ਖਤਮ ਹੋਣ ਅਤੇ ਵਿਦਿਅਕ ਸੰਸਥਾਵਾਂ ਵਿੱਚ ਪੜਾਈ ਵਿੱਚ ਆਮ ਵਰਗੇ ਹਾਲਾਤ ਵਾਪਸ ਪਰਤਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ, ਸ੍ਰੀ ਗਰਗ ਨੇ ਤਕਨੀਕੀ ਸਿੱਖਿਆ ਵਿਚ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਣਾਉਣ ਲਈ ਕੰਮ ਕਰਨ ਦਾ ਵਾਅਦਾ ਕੀਤਾ, ਜੋ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸ੍ਰੀ ਗਰਗ ਨੇ ਕਿਹਾ ਕਿ ਮਿਆਰੀ ਸਿੱਖਿਆ ਪ੍ਰਦਾਨ ਕਰਨ ਨਾਲ ਵਿਦਿਆਰਥੀਆਂ ਨੂੰ ਕਿਸੇ ਵੀ ਅੰਤਰਰਾਸ਼ਟਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਬਰਾਬਰ ਮੁਕਾਬਲਾ ਕਰਨ ਲਈ ਸ਼ਕਤੀ ਮਿਲੇਗੀ। ਉਨਾਂ ਇਹ ਵੀ ਕਿਹਾ ਕਿ ਬ੍ਰੇਨ-ਡਰੇਨ ਨੂੰ ਰੋਕਣ ਲਈ ਵਿਦਿਆਰਥੀਆਂ ਨੂੰ ਦੇਸ਼ ਵਿੱਚ ਮਿਆਰੀ ਪੜਾਈ ਲਈ ਪ੍ਰੇਰਿਤ ਕਰਨ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਡਿਗਰੀਆਂ ਦੇਣ ਤੋਂ ਇਲਾਵਾ ਹਰੇਕ ਨੌਜਵਾਨ ਦੀ ਪ੍ਰਤਿਭਾ ਦੇ ਅਨੁਕੂਲ ਸਿਲੇਬਸ ਤਿਆਰ ਕਰਨ ਤਾਂ ਜੋ ਉਹ ਯੋਗਤਾ ਅਨੁਸਾਰ ਨੌਕਰੀਆਂ ਪ੍ਰਾਪਤ ਕਰ ਸਕਣ। ਪ੍ਰੋ: ਬੂਟਾ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ "ਸਾਇੰਸ ਅਤੇ ਟੈਕ ਐਕਸਪੋ" ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨਾਂ ਨੇ ਮਨੁੱਖੀ ਜੀਵਨ ਵਿਚ ਵਿਗਿਆਨ ਦੇ ਫਲਸਫੇ ਅਤੇ ਇਸ ਦੀ ਮਹੱਤਤਾ ਬਾਰੇ ਵੀ ਚਰਚਾ ਕੀਤੀ। ਪ੍ਰੋ. ਗੁਰਸ਼ਰਨ ਸਿੰਘ ਰੰਧਾਵਾ (ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਰੁੜਕੀ ਤੋਂ ਸਾਬਕਾ ਪ੍ਰੋਫੈਸਰ) ਅਤੇ ਪ੍ਰਸਿੱਧ ਪ੍ਰੇਰਕ ਪ੍ਰੋ. ਲਲਿਤ ਮੋਹਨ ਸ਼ਰਮਾ ਨੇ ਕੈਰੀਅਰ ਕਾਉਂਸਲਿੰਗ 'ਤੇ ਵਿਚਾਰ ਪੇਸ਼ ਕੀਤੇ। ਰਜਿਸਟਰਾਰ, ਡਾ: ਗੁਰਿੰਦਰਪਾਲ ਸਿੰਘ ਬਰਾੜ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਡੀਨਜ਼, ਡਾਇਰੈਕਟਰਜ਼ ਅਤੇ ਸੀਨੀਅਰ ਫੈਕਲਟੀ ਹਾਜ਼ਰ ਸਨ।

ਗੋਲਡ ਸਟਾਰ

सरहद केसरी 03 रविवार, 27 मार्च, 2022





# एमआरपीटीसीयू में विज्ञान और टेक एक्सपो का शानदार आयोजन

- एयर शो और लाइव माडल ने आकर्षित किये हजारों विद्यार्थी
- किसी भी देश की तरक्की का आधार विज्ञान और प्रौद्योगिकी-विकास गर्ग

**बठिंडा, (नीरज कुमार):** महाराजा रणजीत सिंह पंजाब टैकनिकल यूनिवर्सिटी में विज्ञान और टेक एक्सपो का आज मुख्य कैंपस में शानदार आयोजन किया गया। ऐयर शो, लाइव माडल और अलग-अलग प्रदर्शियों हजारों उत्सुक विद्यार्थियों के लिए खींच आकर्षण का बनीं रहीं। विज्ञान और टेक एक्सपो का उदेश विद्यार्थियों में वैज्ञानिक स्वभाव विकसित करना, नवीनतम प्रौद्योगिकी बारे जागरूकता पैदा करने और विज्ञान की महता को रेखांकित करना था। अलग -अलग स्कूलों/कालेजों और मान्यता प्राप्त संस्थायों के हजारों विद्यार्थियों ने इस विलक्षण प्रोगराम में शिरकत की और माहिरों के साथ विज्ञान और टैकनॉलॉजी बारे ज्ञान हासिल किया। विकास गर्ग आई.ए.ऐस., प्रमुख सचिव, तकनीकी शिक्षा और औद्योगिक प्रशिक्षण, पंजाब ने इस मेलो का उद्घाटन किया, जब कि समागम की अध्यक्षीय यूनिवर्सिटी के वाइस चांसलर प्रो. बूटा सिंह सिद्धू ने की। माडल प्रदर्शनियों, ऐयर शो, आटो एक्सपो, हालांकि कार्ट/कार रैली-प्रोजैक्ट, आर्गेनिक किसान मंडी, कैरियर काउंसलिंग, प्रेरक लैक्चर, विज्ञान लाइव प्रयोग, अलग -अलग विभागों के पवेलियन, पुस्तक प्रदर्शनियों, एआईसीटीयी स्कीमों और स्कालरशिप, राष्ट्रीय विज्ञान दिवस समारोह के अंतर्गत मुकाबले, संस्कृतिक गतिविधियों और फूड कोर्ट आदि के शानदार प्रदर्शन इस विज्ञान और टेक एक्सपो दौरान मुख्य आकरशण थे, जिन्होंने मालवा क्षेत्र के विद्यार्थियों को भारी संख्या में आकरशित किया। प्रेरनादायक भाशण में विकास गर्ग (जो यूनिवर्सिटी के बोर्ड आफ गवर्नरज के चेयरमैन भी हैं) ने कहा कि विज्ञान और प्रौद्योगिकी किसी भी देश की तरक्की का आधार होते हैं। उन्होंने कहा कि यह जरूरी नहीं है कि विज्ञान किसी विशेश वैज्ञानिक भाईचारे की जिम्मेदारी हो, हर आम आदमी भी इनोवेशन में रूचि पैदा कर सकता है और राष्ट्र के विकास में योगदान डालने के लिए अपने आप को विज्ञान और प्रौद्योगिकी के साथ जोड़ सकता है। उन्होंने विज्ञान के प्रसार के लिए ऐसे मेलों की भूमिका और यूनिवर्सिटी के प्रयासों की भरपूर सराहना की। गर्ग ने विद्यार्थियों को अपना लक्ष्य हासिल करने के योग्य बनाने के लिए मानक शिक्षा की जरूरत, मौजूदा समय की जरूरत अनुसार नये पाठ्यक्रमों की शुरूआत, उद्योग के साथ सम्बन्धित विषय को पाठ्यक्रम में शामिल करने और शिक्षा को रोजगार-प्रमुख बनाने पर जोर दिया। कोविड-19 युग के खत्म होने और शैक्षिक संस्थाओं में पढ़ाई में आम जैसे हालात वापस लौटने पर खुशी का प्रकटावा करते हुए, गर्ग ने तकनीकी शिक्षा में बुनियादी ढांचे को ओर बेहतर बनाने के लिए काम करने का वायदा किया, जो विकास में महत्वपूर्ण भूमिका निभाया है। गर्ग ने कहा कि मानक शिक्षा प्रदान करने के साथ देश के विद्यार्थियों को किसी भी अंतरराष्ट्रिय यूनिवर्सिटी के विद्यार्थियों के बराबर मुकाबला करने के लिए सकती मिलेगी। उन्होंने यह भी कहा कि ब्रेन-ड्रेन को रोकनो के लिए विद्यार्थियों को देश में उच्च शिक्षा के लिए प्रेरित करने की जरूरत है। उन्होंने कहा कि शैक्षिक संस्थाओं का फर्ज बनता है कि वह डिगरियां देने के अलावा हरेक नौजवान की प्रतिभा के अनुकूल पाठ्यक्रम तैयार करें जिससे वह योग्यता अनुसार नौकरियां प्राप्त कर सकें। प्रो. बूटा सिंह सिद्धू ने यूनिवर्सिटी की प्राप्तियों और विज्ञान और टेक एक्सपो की महता बारे रौशनी डाली। उन्होंने मानवीय जीवन में विज्ञान के फलसफे और इस की महत्ता बारे भी चर्चा की। प्रो. गुरशरन सिंह रंधावा (इंडियन इंस्टीट्यूट आफ टैकनॉलॉजी, रुडकी से पूर्व प्रोफैसर) और प्रसिद्ध प्रेरक प्रो. ललित मोहन शर्मा ने कॅरियर काउंसलिंग पर विद्यार्थियों को प्रभावशाली भाशण दिए। रजिस्ट्रार, डा. गुरिन्दरपाल सिंह बराड़ ने धन्यवाद का संकल्प पेश किया। इस मौके यूनिवर्सिटी के डीनज, डायरैकटरज और सीनियर फैकल्टी उपस्थित थे।

---

# ਟੈਕਨੀਕਲ 'ਵਰਸਿਟੀ ਵਿੱਚ 'ਸਾਇੰਸ ਅਤੇ ਟੈੱਕ ਐਕਸਪੋ'

- ਵੱਖ-ਵੱਖ ਪ੍ਰਦਰਸ਼ਨੀਆਂ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣੀਆਂ

**ਪੱਤਰ ਪ੍ਰੇਰਕ**
**ਬਠਿੰਡਾ, 25 ਮਾਰਚ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿੱਚ 'ਸਾਇੰਸ ਅਤੇ ਟੈੱਕ ਐਕਸਪੋ' ਕਰਵਾਇਆ ਗਿਆ।

ਇਸ ਮੌਕੇ ਏਅਰੋ ਸ਼ੋਅ, ਲਾਈਵ ਮਾਡਲ ਅਤੇ ਵੱਖ-ਵੱਖ ਪ੍ਰਦਰਸ਼ਨੀਆਂ ਹਜ਼ਾਰਾਂ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ। "ਸਾਇੰਸ ਅਤੇ ਟੈਕ ਐਕਸਪੋ" ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਸੁਭਾਅ ਵਿਕਸਿਤ ਕਰਨਾ, ਨਵੀਨਤਮ ਤਕਨਾਲੋਜੀ ਬਾਰੇ ਜਾਗਰੂਕ ਅਤੇ ਵਿਗਿਆਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨਾ ਸੀ।



ਵਿਦਿਆਰਥੀਆਂ ਵੱਲੋਂ ਬਣਾਏ ਮਾਡਲ ਦੇਖਦੇ ਹੋਏ ਮੁੱਖ ਮਹਿਮਾਨ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਪੰਜਾਬ ਦੇ ਪ੍ਰਮੁੱਖ ਸਕੱਤਰ ਵਿਕਾਸ ਗਰਗ ਆਈਏਐੱਸ ਨੇ ਇਸ ਮੇਲੇ ਦਾ ਉਦਘਾਟਨ ਕੀਤਾ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕੀਤੀ। ਮਾਡਲ ਪ੍ਰਦਰਸ਼ਨੀਆਂ, ਆਟੋ ਐਕਸਪੋ, ਆਰਗੈਨਿਕ ਕਿਸਾਨ ਮੰਡੀ, ਕਰੀਅਰ ਕੌਂਸਲਿੰਗ, ਪ੍ਰੇਰਕ ਲੈਕਚਰ ਤੇ ਪੁਸਤਕ ਪ੍ਰਦਰਸ਼ਨੀਆਂ ਆਦਿ ਇਸ ਐਕਸਪੋ ਦਾ ਮੁੱਖ ਆਕਰਸ਼ਣ ਕੇਂਦਰ ਸਨ। ਇਸ ਮੌਕੇ ਯੂਨੀਵਰਸਿਟੀ ਦੇ ਡੀਨ, ਡਾਇਰੈਕਟਰ ਅਤੇ ਸੀਨੀਅਰ ਫੈਕਲਟੀ ਹਾਜ਼ਰ ਸਨ।

सरहद केसरी | 03 | रविवार, 27 मार्च, 2022







# एमआरपीटीसीयू में विज्ञान और टेक एक्सपो का शानदार आयोजन

- एयर शो और लाइव माडल ने आकर्षित किये हजारों विद्यार्थी
- किसी भी देश की तरक्की का आधार विज्ञान और प्रौद्यौगिकी-विकास गर्ग

बठिंडा, (नीरज कुमार): महाराजा रणजीत सिंह पंजाब टैकनिकल यूनिवर्सिटी में विज्ञान और टेक एक्सपो का आज मुख्य कैंपस में शानदार आयोजन किया गया। ऐयर शो, लाइव माडल और अलग-अलग प्रदर्शियों हजारों उत्सुक विद्यार्थियों के लिए खींच आक्रषण का बनीं रहीं। विज्ञान और टेक एक्सपो का उदेश विद्यार्थियों में वैज्ञानिक स्वभाव विकसित करना, नवीनतम प्रौद्यौगिकी बारे जागरूकता पैदा करने और विज्ञान की महता को रेखांकित करना था। अलग -अलग स्कूलों/कालेजों और मान्यता प्राप्त संस्थायों के हजारों विद्यार्थियों ने इस विलक्षण प्रोगराम में शिरकत की और माहिरों के साथ विज्ञान और टैकनौलौजी बारे ज्ञान हासिल किया। विकास गर्ग आई.ए.ऐस., प्रमुख सचिव, तकनीकी शिक्षा और औद्योगिक प्रशिक्षण, पंजाब ने इस मेलो का उद्घाटन किया, जब कि समागम की अध्यक्षीय यूनिवर्सिटी के वाइस चांसलर प्रो. बूटा सिंह सिद्धू ने की। माडल प्रदर्शनियों, ऐयर शो, आटो एक्सपो, हालांकि कार्ट/कार रैली-प्रोजैक्ट, आर्गेनिक किसान मंडी, कॅरियर काउंसलिंग, प्रेरक लैक्चर, विज्ञान लाइव प्रयोग, अलग -अलग विभागों के पवेलियन, पुस्तक प्रदर्शनियों, एआईसीटीयी स्कीमों और स्कालरशिप, राष्ट्रीय विज्ञान दिवस समारोह के अंतर्गत मुकाबले, संस्कृतिक गतिविधियों और फूड कोर्ट आदि के शानदार प्रदर्शन इस विज्ञान और टेक एक्सपो दौरान मुख्य आकरशण थे, जिन्होंने मालवा क्षेत्र के विद्यार्थियों को भारी संख्या में आकरशित किया। प्रेरनादायक भाशण में विकास गर्ग (जो यूनिवर्सिटी के बोर्ड आफ गवर्नरज के चेयरमैन भी हैं) ने कहा कि विज्ञान और प्रौद्यौगिकी किसी भी देश की तरक्की का आधार होते हैं। उन्होंने कहा कि यह जरूरी नहीं है कि विज्ञान किसी विशेश वैज्ञानिक भाईचारे की जिम्मेदारी हो, हर आम आदमी भी इनोवेशन में रूचि पैदा कर सकता है और राष्ट्र के विकास में योगदान डालने के लिए अपने आप को विज्ञान और प्रौद्यौगिकी के साथ जोड़ सकता है। उन्होंने विज्ञान के प्रसार के लिए ऐसे मेलों की भूमिका और यूनिवर्सिटी के प्रयासों की भरपूर सराहना की। गर्ग ने विद्यार्थियों को अपना लक्ष्य हासिल करने के योग्य बनाने के लिए मानक शिक्षा की जरूरत, मौजूदा समय की जरूरत अनुसार नये पाठ्यक्रमों की शुरूआत, उद्योग के साथ सम्बन्धित विषय को पाठ्यक्रम में शामिल करने और शिक्षा को रोजगार-प्रमुख बनाने पर जोर दिया। कोविड-19 युग के खत्म होने और शैक्षिक संस्थाओं में पढ़ाई में आम जैसे हलात वापस लौटने पर खुशी का प्रकटावा करते हुए, गर्ग ने तकनीकी शिक्षा में बुनियादी ढांचे को ओर बेहतर बनाने के लिए काम करने का वायदा किया, जो विकास में महत्वपूर्ण भूमिका निभाया है। गर्ग ने कहा कि मानक शिक्षा प्रदान करने के साथ देश के विद्यार्थियों को किसी भी अंतरराष्ट्रिय यूनिवर्सिटी के विद्यार्थियों के बराबर मुकाबला करने के लिए सकती मिलेगी। उन्होंने यह भी कहा कि ब्रेन-ड्रेन को रोकनो के लिए विद्यार्थियों को देश में उच्च शिक्षा के लिए प्रेरित करने की जरूरत है। उन्होंने कहा कि शैक्षिक संस्थाओं का फर्ज बनता है कि वह डिगरियां देने के अलावा हरेक नौजवान की प्रतिभा के अनुकूल पाठ्यक्रम तैयार करें जिससे वह योग्यता अनुसार नौकरियां प्राप्त कर सकें। प्रो. बूटा सिंह सिद्धू ने यूनिवर्सिटी की प्राप्तियों और विज्ञान और टेक एक्सपो की महत्ता बारे रौशनी डाली। उन्होंने मानवीय जीवन में विज्ञान के फलसफे और इस की महता बारे भी चर्चा की। प्रो. गुरशरन सिंह रंधावा (इंडियन इंस्टीट्यूट आफ टैकनौलौजी, रुड़की से पूर्व प्रोफैस्सर) और प्रसिद्ध प्रेरक प्रो. ललित मोहन शर्मा ने कॅरियर काउंसलिंग पर विद्यार्थियों को प्रभावशाली भाशण दिए। रजिस्ट्रार, डा. गुरिन्दरपाल सिंह बराड़ ने धन्यवाद का संकल्प पेश किया। इस मौके यूनिवर्सिटी के डीनज, डायरैक्टरज और सीनियर फेकल्टी उपस्थित थे।

# एमआरएसपीटीयू में एफडीपी शुरू

संस, बठिंडा: महाराजा रणजीत सिंह पंजाब टेक्निकल यूनिवर्सिटी (एमआरएसपीटीयू) बठिंडा के फिजिक्स विभाग की तरफ से आल इंडिया कौंसिल फार टेक्निकल एजुकेशन की तरफ से स्पांसर नावल पदार्थों और उनकी एप्लीकेशन विषय पर राष्ट्र स्तरीय एक सप्ताह का आनलाइन अटल फैकल्टी डेवलपमेंट (एफडीपी) प्रोग्राम शुरू किया गया। सेंसर और कंप्यूटर मेमरीज के क्षेत्र में प्रसिद्ध विद्वान और खोजकर्ता आइआइटी, रुड़की के फिजिक्स विभाग के सीनियर प्रोफेसर रविंदर नाथ मुख्य मेहमान के तौर पर शामिल हुए। उन्होंने अर्द्ध-संचालन, चुंबकीय और फेरोइलैकट्रिक पदार्थों के वृद्धि और नैनो-प्रौद्योगिकी में लगाए जाने वाले इसके माइनीटाईजर के बारे में जानकारी दी।





एमआरएसपीटीयू में शुरू हुई एफडीपी में उपस्थित स्टाफ • विज्ञप्ति

यूनिवर्सिटी के वाइस चांसलर प्रोफेसर डा. बूटा सिंह सिद्धू ने चेयरमैन एआइसीटीई का इस एफडीपी को आयोजित करवाने और वित्तीय सहायता देने के लिए धन्यवाद किया। विभाग के प्रमुख प्रो. डा.जसबीर सिंह हुंदल ने कहा कि विभाग पीएचडी (भौतिक विज्ञान), एमएससी भौतिक विज्ञान और बीएससी (आनर्ज) फिजिक्स के पाठ्यक्रम बेहद तजुर्बेकार फैकल्टी करवा रही है। विभाग अच्छी खोज के क्षेत्र में विकास केंद्र के तौर पर उभरा है। इससे पहले सहायक प्रोफेसर और एफडीपी के कोआर्डिनेटर डा.सतनाम सिंह ने बताया कि अलग-अलग संस्थाओं व खोज प्रयोगशाला जैसे थापर इंस्टीट्यूट, आइआइटी रोपड़, सीएसआइआर, गुरु नानक देव यूनिवर्सिटी अमृतसर आदि के कुल 14 स्रोत व्यक्ति इस एफडीपी में भाषण देंगे, जबकि भारत भर से अलग-अलग राज्यों से लगभग 200 भागीदार इस प्रोग्राम में शिरकत करेंगे।

# 'ਨਾਵਲ ਪਦਾਰਥਾਂ ਅਤੇ ਉਨਾਂ ਦੀਆਂ ਐਪਲੀਕੇਸ਼ਨਾਂ' ਵਿਸ਼ੇ ਤੇ ਪ੍ਰੋਗਰਾਮ ਸ਼ੁਰੂ

ਅਸ਼ੋਕ ਵਰਮਾ

ਬਠਿੰਡਾ, 23 ਜੁਲਾਈ 2021:ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਫਿਜ਼ਿਕਸ ਵਿਭਾਗ ਦੀ ਅਗਵਾਈ ਹੇਠ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਵੱਲੋਂ ਸਪਾਂਸਰ " ਨਾਵਲ ਪਦਾਰਥਾਂ ਅਤੇ ਉਨਾਂ ਦੀਆਂ ਐਪਲੀਕੇਸ਼ਨਾਂ " ਵਿਸ਼ੇ ਤੇ ਆਨਲਾਈਨ ਪਲੇਟਫਾਰਮ ਰਾਹੀਂ ਅਟਲ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਹੋਇਆ ਜੋਕਿ ਇੱਕ ਹਫਤਾ ਚੱਲੇਗਾ।ਪ੍ਰਸਿੱਧ ਵਿਦਵਾਨ ਅਤੇ ਖੋਜਕਰਤਾ ਆਈ.ਆਈ.ਟੀ, ਰੁੜਕੀ ਦੇ ਫਿਜਕਿਸ ਵਿਭਾਗ ਦੇ ਸੀਨੀਅਰ ਪ੍ਰੋਫੈਸਰ, ਪ੍ਰੋ. ਰਬਿੰਦਰ ਨਾਥ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨਾਂ ਆਪਣੇ ਭਾਸ਼ਣ ਦੌਰਾਨ ਨਾਵਲ ਪਦਾਰਥਾਂ ਦੇ ਵਿਕਾਸ , ਅਰਧ-ਸੰਚਾਲਨ, ਚੁੰਬਕੀ ਤੇ ਫੇਰੋਇਲੈਕਟ੍ਰਿਕ ਪਦਾਰਥਾਂ ਦੇ ਵਾਧੇ ਅਤੇ ਨੈਨੋ-ਤਕਨਾਲੋਜੀ ਵਿਚ ਲਗਾਏ ਜਾਣ ਵਾਲੇ ਮਾਇਨੀਟਾਈਜਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।




ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਬੂਟਾ ਸਿੰਘ ਸਿੱਧੂ ਨੇ ਚੇਅਰਮੈਨ ਏ.ਆਈ.ਸੀ.ਟੀ.ਈ. ਦਾ ਇਸ ਐਫ.ਡੀ.ਪੀ. ਕਰਵਾਉਣ ਅਤੇ ਵਿੱਤੀ ਸਹਾਇਤਾ ਦੇਣ ਲਈ ਧੰਨਵਾਦ ਕੀਤਾ। ਉਨਾਂ ਪ੍ਰੋਗਰਾਮ ਕਰਵਾਉਣ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ।ਵਿਭਾਗ ਦੇ ਮੁਖੀ, ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਮੁੱਖ ਮਹਿਮਾਨ, ਸਰੋਤ ਵਿਅਕਤੀਆਂ ਅਤੇ ਐਫ.ਡੀ.ਪੀ. 'ਚ ਭਾਗ ਦਾ ਸਵਾਗਤ ਕੀਤਾ। ਉਨਾਂ ਕਿਹਾ ਕਿ ਵਿਭਾਗ ਪੀ.ਐਚ.ਡੀ. (ਭੌਤਿਕ ਵਿਗਿਆਨ), ਐਮ.ਐਸ.ਸੀ. ਭੌਤਿਕ ਵਿਗਿਆਨ ਅਤੇ ਬੀ.ਐਸ.ਸੀ. (ਆਨਰਜ) ਫਿਜਕਿਸ ਦੇ ਕੋਰਸ ਬੇਹੱਦ ਤਜ਼ਰਬੇਕਾਰ ਫੈਕਲਟੀ ਕਰਵਾ ਰਹੀ ਹੈ। ਉਨਾਂ ਦੱਸਿਆ ਕਿ ਵਿਭਾਗ ਚੰਗੀ ਖੋਜ ਦੇ ਖੇਤਰ ਵਿੱਚ ਵਿਕਾਸ ਕੇਂਦਰ ਵਜੋਂ ਉਭਰਿਆ ਹੈ। ਵਿਭਾਗ ਦੀ ਫੈਕਲਟੀ ਰੇਡੀਏਸ਼ਨ ਫਿਜਕਿਸ, ਪ੍ਰਮਾਣੂ ਭੌਤਿਕ ਵਿਗਿਆਨ, ਕੰਨਡੇਸਡ ਮੈਟਰ ਫਿਜਕਿਸ, ਨੈਨੋ-ਟੈਕਨੋਲੋਜੀ, ਫੇਰੋਇਲੈਕਟ੍ਰਿਕ ਸੈਰਾਮਿਕਸ, ਪੌਲੀਮਰ ਕੰਪੋਜਟਿ ਫਿਲਮਾਂ ਅਤੇ ਸਿਧਾਂਤਕ ਭੌਤਿਕ ਵਿਗਿਆਨ ਵਰਗੇ ਖੇਤਰਾਂ ਵਿੱਚ ਸਰਗਰਮ ਖੋਜ ਵਿੱਚ ਸ਼ਾਮਲ ਹੈ।

ਇਸ ਤੋਂ ਪਹਿਲਾਂ ਸਹਾਇਕ ਪ੍ਰੋਫੈਸਰ ਅਤੇ ਐਫ.ਡੀ.ਪੀ. ਦੇ ਕੋਆਰਡੀਨੇਟਰ, ਡਾ. ਸਤਨਾਮ ਸਿੰਘ ਨੇ ਪ੍ਰੋਗਰਾਮ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ-ਵੱਖ ਵਕਾਰੀ ਸੰਸਥਾਵਾਂ / ਖੋਜ ਪ੍ਰਯੋਗਸ਼ਾਲਾਵਾਂ ਜਿਵੇਂ ਥਾਪਰ ਇੰਸਟੀਚਿਊਟ, ਆਈ.ਆਈ.ਟੀ. ਰੋਪੜ, ਸੀ.ਐਸ.ਆਈ.ਆਰ.-ਨੈਸ਼ਨਲ ਮੈਟਲੋਰਜਿਕਲ ਲੈਬਾਰਟਰੀ ਜਮਸ਼ੇਦਪੁਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਆਦਿ ਦੇ ਕੁੱਲ 14 ਸਰੋਤ ਵਿਅਕਤੀ ਇਸ ਪ੍ਰੋਗਰਾਮ ਨੂੰ ਸੰਬੋਧਨ ਕਰਨਗੇ ਜਦੋਂ ਕਿ ਦੇਸ਼ ਭਰ ਦੇ ਵੱਖ ਵੱਖ ਰਾਜਾਂ ਤੋਂ ਲਗਭਗ 200 ਵਿਅਕਤੀਆਂ ਵੱਲੋਂ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਜਾਏਗੀ। ਵਿਭਾਗ ਦੀ ਸਹਾਇਕ ਪ੍ਰੋਫੈਸਰ, ਡਾ. ਵੀਨਾ ਸ਼ਰਮਾ ਨੇ ਸਭਨਾਂ ਦਾ ਧੰਨਵਾਦ ਕੀਤਾ।

**ਗੋਲਡ ਸਟਾਰ**

---

ਅਜੀਤ ਬਠਿੰਡਾ

**ਅਜੀਤ**

ਵੀਰਵਾਰ, 22 ਜੁਲਾਈ, 2021

# ਐੱਮ. ਆਰ. ਐੱਸ. ਪੀ. ਟੀ. ਯੂ. ਤੇ ਸੀ. ਯੂ. ਪੀ. ਦੇ ਪ੍ਰੋਫੈਸਰਾਂ ਵਲੋਂ ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਮੈਟਲ-ਆਰਗੈਨਿਕ ਫਰੇਮਵਰਕ ਤਿਆਰ

ਬਠਿੰਡਾ, 21 ਜੁਲਾਈ (ਅੰਮ੍ਰਿਤਪਾਲ ਸਿੰਘ ਵਲ੍ਹਾਣ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਪ੍ਰੋਫੈਸਰਾਂ ਵਲੋਂ ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਵਿਸ਼ੇਸ਼ ਖੋਜ ਕਾਰਜ ਰਾਹੀਂ ਮੈਟਲ-ਆਰਗੈਨਿਕ ਫਰੇਮਵਰਕ ਤਿਆਰ ਕੀਤਾ ਹੈ, ਜੋ ਕਿ ਕੋਵਿਡ-19 ਦੀ ਤੀਜੀ ਲਹਿਰ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਆਕਸੀਜਨ ਕਾਨਸੰਨਟਰੇਟਰਾਂ ਨੂੰ ਕਿਫ਼ਾਇਤੀ ਬਣਾਉਣ ਲਈ ਬੇਹੱਦ ਸੁਚੱਜਾ ਉਪਰਾਲਾ ਸਾਬਿਤ ਹੋਵੇਗਾ। ਅੱਜ ਇੱਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ.ਐੱਸ. ਪੀ. ਟੀ. ਯੂ.) ਦੇ ਕਾਨਫ਼ਰੰਸ ਰੂਮ ਵਿਚ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ (ਸੀ. ਯੂ. ਪੀ.) ਦੇ ਅਧਿਕਾਰੀਆਂ ਨੇ ਮੈਟਲ-ਆਰਗੈਨਿਕ ਫਰੇਮਵਰਕ (ਐੱਮ. ਓ. ਐੱਫ.) ਦੇ ਸਫ਼ਲ ਵਿਕਾਸ ਦਾ ਐਲਾਨ ਕਰਨ ਲਈ ਸਾਂਝੀ ਪ੍ਰੈੱਸ ਕਾਨਫ਼ਰੰਸ ਕਰਦਿਆਂ ਦੱਸਿਆ ਕਿ 'ਮੌਜੂਦਾ ਵਿਸ਼ਵ-ਵਿਆਪੀ ਕੋਵਿਡ ਮਹਾਂਮਾਰੀ ਦੌਰਾਨ ਪੇਂਡੂ ਭਾਰਤ ਵਿਚ ਆਕਸੀਜਨ ਦੀ ਸਪਲਾਈ ਦੀ ਕਮੀ ਅਤੇ ਬੇਹੱਦ ਮਹਿੰਗੇ ਭਾਅ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਸੀ, ਜਿਸ ਕਾਰਨ ਅਣਗਿਣਤ ਕੀਮਤੀ ਜਾਨਾਂ ਤੋਂ ਹੱਥ ਧੋਣੇ ਪਏ। ਪ੍ਰੋ. ਬੂਟਾ ਸਿੰਘ ਨੇ ਕਿਹਾ ਕਿ 'ਹਾਲਾਂਕਿ, ਆਕਸੀਜਨ ਦੀ ਸਪਲਾਈ ਅਜੇ ਵੀ ਪੇਂਡੂ ਖੇਤਰਾਂ ਵਿਚ ਇਕ ਵੱਡੀ ਸਮੱਸਿਆ ਹੋਵੇਗੀ, ਜੋ ਕਿ ਤੀਜੀ ਲਹਿਰ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਗੰਭੀਰ ਰੁਖ ਤਿਆਰ ਕਰ ਸਕਦੀ ਹੈ, ਕਿਉਂਕਿ ਇਹ ਭਵਿੱਖਬਾਣੀਆਂ ਹੋ ਰਹੀਆਂ ਹਨ ਕਿ ਇਸ ਲਹਿਰ ਦਾ ਬੱਚਿਆਂ ਤੇ ਵਧੇਰੇ ਅਸਰ ਹੋਵੇਗਾ। ਪ੍ਰੋ. ਸਿੱਧੂ ਨੇ



ਵੀ. ਸੀ. ਕਾਨਫ਼ਰੰਸ ਰੂਮ 'ਚ ਪ੍ਰੈੱਸ ਕਾਨਫ਼ਰੰਸ ਦੌਰਾਨ ਐੱਮ. ਆਰ. ਐੱਸ. ਪੀ. ਟੀ. ਯੂ., ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਖੋਜ ਸਹਿਯੋਗੀ ਡਾ. ਜੇ. ਨਗੇਂਦਰ ਬਾਬੂ, ਡਾ. ਮੀਨੂੰ ਤੇ ਸੀਨੀਅਰ ਅਧਿਕਾਰੀ। ਤਸਵੀਰ: ਲਵਲੀ

ਕਿਹਾ ਕਿ ਪੇਂਡੂ ਖੇਤਰਾਂ ਵਿਚ ਊਰਜਾ ਦੀ ਘਾਟ, ਸੜਕਾਂ ਦੇ ਨੈੱਟਵਰਕ ਦੀ ਕਮੀ ਅਤੇ ਸਾਡੇ ਵਰਗੇ ਵਿਕਾਸਸ਼ੀਲ ਦੇਸ਼ ਦੀਆਂ ਵੱਖ-ਵੱਖ ਸਮੱਸਿਆਵਾਂ ਕਾਰਨ ਆਕਸੀਜਨ ਪਲਾਂਟ ਸਥਾਪਿਤ ਕਰਨ ਦਾ ਵਿਕੇਂਦਰੀਕਰਨ ਕਰਨਾ ਇਕ ਚੁਣੌਤੀ ਭਰਪੂਰ ਕਾਰਜ ਹੈ। ਤਕਨਾਲੋਜੀ ਦੀ ਵਿਸਥਾਰ ਵਿਚ ਵਿਆਖਿਆ ਕਰਦਿਆਂ, ਖੋਜ ਸਹਿਯੋਗੀ ਡਾ. ਜੇ. ਨਗੇਂਦਰ ਬਾਬੂ, ਸਹਾਇਕ ਪ੍ਰੋਫੈਸਰ (ਕੈਮਿਸਟਰੀ), ਕੇਂਦਰੀ ਯੂਨੀਵਰਸਿਟੀ ਪੰਜਾਬ ਜੋ ਕਿ ਤਾਮਿਲਨਾਡੂ ਸੂਬੇ ਨਾਲ ਸਬੰਧਿਤ ਹਨ ਅਤੇ ਉਨ੍ਹਾਂ ਦੀ ਪਤਨੀ ਡਾ. ਮੀਨੂੰ, ਐੱਮ.ਆਰ.ਐੱਸ.ਪੀ.ਟੀ.ਯੂ. ਵਿਖੇ ਕੈਮਿਸਟਰੀ ਦੇ ਸਹਾਇਕ ਪ੍ਰੋਫੈਸਰ ਨੇ ਕਿਹਾ, 'ਸਾਇੰਸ ਦੇ ਨਿਯਮਾਂ ਮੁਤਾਬਿਕ ਹਵਾ ਵਿਚ ਨਾਈਟ੍ਰੋਜਨ ਦਾ 78% ਤੇ ਆਕਸੀਜਨ 21% ਹੁੰਦੀ ਹੈ। ਵਰਤਮਾਨ ਸਮੇਂ ਵਪਾਰਕ ਤੌਰ ਤੇ ਉਪਲਬਧ ਜੀਓਲਾਇਟਸ ਜਾਂ ਅਣੂ ਸੀਲੀਜਾਂ ਨੂੰ ਨਾਈਟ੍ਰੋਜਨ ਤੋਂ ਆਕਸੀਜਨ ਦੇ ਚੋਣਵੇਂ ਗੁਣਾਂ ਨੂੰ ਵੱਖ ਕਰਨ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ, 'ਇਨ੍ਹਾਂ ਮੈਟਲ-ਆਰਗੈਨਿਕ ਫਰੇਮਵਰਕ ਨੂੰ ਮਹਿੰਗੇ ਜੀਓਲਾਇਟਸ ਤੇ ਅਣੂ ਦੇ ਕਣਾਂ ਲਈ ਬਦਲਵੀਂ ਸਮੱਗਰੀ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਜੋ ਕਿ ਵਪਾਰਕ ਤੌਰ 'ਤੇ ਵਰਤੇ ਜਾ ਰਹੇ ਮੈਟੀਰਿਅਲ ਨਾਲੋਂ ਬਹੁਤ ਜ਼ਿਆਦਾ ਕਿਫ਼ਾਇਤੀ ਹੋਣਗੇ। ਇਸ ਤਰੀਕੇ ਨਾਲ ਬਹੁਤ ਹੀ ਘੱਟ ਲਾਗਤ 'ਤੇ 300 ਬਿਸਤਰਿਆਂ ਤੱਕ ਦੇ ਹਸਪਤਾਲ ਵਿਚ ਬਹੁਤ ਹੀ ਕਿਫ਼ਾਇਤੀ ਤਰੀਕੇ ਨਾਲ ਆਕਸੀਜਨ ਮੁਹੱਈਆ ਕਰਵਾਈ ਜਾ ਸਕਦੀ ਹੈ। ਇਸ ਮੌਕੇ ਬੋਲਦਿਆਂ ਡਾ. ਵੀ. ਕੇ. ਗਰਗ, ਡੀਨ, ਸਟੂਡੈਂਟ ਵੈੱਲਫੇਅਰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਨੇ ਕਿਹਾ, 'ਦੋਵੇਂ ਯੂਨੀਵਰਸਿਟੀਆਂ ਸਥਾਨਿਕ ਤੇ ਰਾਸ਼ਟਰੀ ਮੁੱਦਿਆਂ 'ਤੇ ਆਪਣੇ ਖੋਜ ਵਿਚ ਸਾਂਝੇਦਾਰੀ ਅਤੇ ਡਟਵੇਂ ਦੇ ਹਿੱਸੇ ਵਜੋਂ ਖੋਜਕਾਰਜ ਕਰਦੀਆਂ ਹਨ। ਡਾ. ਆਸ਼ੀਸ਼ ਬਾਲਦੀ ਨੇ ਯੂਨੀਵਰਸਿਟੀ ਵਿਚ ਚੱਲ ਰਹੇ ਵੱਖ-ਵੱਖ ਖੋਜ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਯੂਨੀਵਰਸਿਟੀ, ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਡੀਨ, ਕੰਨਸਲਟੈਂਸੀ ਅਤੇ ਉਦਯੋਗ ਸੰਪਰਕ, ਡਾ. ਮਨਜੀਤ ਬਾਂਸਲ, ਡਾਇਰੈਕਟਰ ਲੋਕ ਸੰਪਰਕ, ਸ੍ਰੀ ਹਰਜਿੰਦਰ ਸਿੱਧੂ, ਸੈਂਟਰਲ ਯੂਨੀਵਰਸਿਟੀ ਤੋਂ ਡਾ. ਰੂਬਲ ਕਨੌਜੀਆ ਤੇ ਰੋਬਿਨ ਜਿੰਦਲ ਆਦਿ ਹਾਜ਼ਰ ਸਨ।

ਜਗ ਬਾਣੀ JAGBANI THURSDAY • 22.7.2021

# ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਮੈਟਲ-ਆਰਗੈਨਿਕ ਫਰੇਮਵਰਕ ਤਿਆਰ



ਪ੍ਰੈੱਸ ਕਾਨਫਰੰਸ ਦੌਰਾਨ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਡਾ. ਜੇ. ਨਗੇਂਦਰ ਬਾਬੂ, ਡਾ. ਮੀਨੂੰ ਅਤੇ ਸੀਨੀਅਰ ਅਧਿਕਾਰੀ।

ਬਠਿੰਡਾ, 21 ਜੁਲਾਈ (ਵਰਮਾ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਪ੍ਰੋਫੈਸਰਾਂ ਵੱਲੋਂ ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਵਿਸ਼ੇਸ਼ ਖੋਜ ਕਾਰਜ ਰਾਹੀਂ ਮੈਟਲ-ਆਰਗੈਨਿਕ ਫਰੇਮਵਰਕ ਤਿਆਰ ਕੀਤਾ ਹੈ, ਜੋ ਕਿ ਕੋਵਿਡ-19 ਦੀ ਤੀਜੀ ਲਹਿਰ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਆਕਸੀਜਨ ਕਾਨਸੰਨਟਰੇਟਰਾਂ ਨੂੰ ਕਿਫਾਇਤੀ ਬਣਾਉਣ ਲਈ ਬੇਹੱਦ ਸੁਚੱਜਾ ਉਪਰਾਲਾ ਸਾਬਿਤ ਹੋਵੇਗਾ।

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕਾਨਫਰੰਸ ਰੂਮ 'ਚ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਅਧਿਕਾਰੀਆਂ ਨੇ ਮੈਟਲ-ਆਰਗੈਨਿਕ ਫਰੇਮਵਰਕ ਦੇ ਸਫਲ ਵਿਕਾਸ ਦਾ ਐਲਾਨ ਕਰਨ ਲਈ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ।

ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਪੇਂਡੂ ਖੇਤਰਾਂ 'ਚ ਊਰਜਾ ਦੀ ਘਾਟ, ਸੜਕਾਂ ਦੇ ਨੈੱਟਵਰਕ ਦੀ ਕਮੀ ਅਤੇ ਸਾਡੇ ਵਰਗੇ ਵਿਕਾਸਸ਼ੀਲ ਦੇਸ਼ ਦੀਆਂ ਵੱਖ-ਵੱਖ ਸੱਮਸਿਆਵਾਂ ਕਾਰਨ ਆਕਸੀਜਨ ਪਲਾਂਟ ਸਥਾਪਿਤ ਕਰਨ ਦਾ ਵਿਕੇਂਦਰੀਕਰਨ ਕਰਨਾ ਇਕ ਚੁਣੌਤੀ ਭਰਪੂਰ ਕਾਰਜ ਹੈ।

ਤਕਨਾਲੌਜੀ ਦੀ ਵਿਸਥਾਰ ਵਿਚ ਵਿਆਖਿਆ ਕਰਦਿਆਂ, ਖੋਜ ਸਹਿਯੋਗੀ ਡਾ. ਜੇ. ਨਗੇਂਦਰ ਬਾਬੂ, ਸਹਾਇਕ ਪ੍ਰੋਫੈਸਰ (ਕੈਮਿਸਟਰੀ), ਕੇਂਦਰੀ ਯੂਨੀਵਰਸਿਟੀ ਪੰਜਾਬ ਜੋ ਕਿ ਤਾਮਿਲਨਾਡੂ ਸੂਬੇ ਨਾਲ ਸਬੰਧਿਤ ਹਨ ਅਤੇ ਉਨ੍ਹਾਂ ਦੀ ਪਤਨੀ ਡਾ. ਮੀਨੂੰ, ਐੱਮ. ਆਰ. ਐੱਸ. ਪੀ. ਟੀ. ਯੂ. ਵਿਖੇ ਕੈਮਿਸਟਰੀ ਦੇ ਸਹਾਇਕ ਪ੍ਰੋਫੈਸਰ ਨੇ ਵੀ ਸੰਬੋਧਨ ਕੀਤਾ।

ਡਾ. ਵੀ. ਕੇ. ਗਰਗ, ਡੀਨ, ਸਟੂਡੈਂਟ ਵੈੱਲਫੇਅਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਨੇ ਕਿਹਾ ਕਿ ਦੋਵੇਂ ਯੂਨੀਵਰਸਿਟੀਆਂ ਸਥਾਨਿਕ ਅਤੇ ਰਾਸ਼ਟਰੀ ਮੁੱਦਿਆਂ 'ਤੇ ਆਪਣੇ ਖੋਜ ਵਿਚ ਸਾਂਝੇਦਾਰੀ ਅਤੇ ਵਤਵੇ ਦੇ ਹਿੱਸੇ ਵਜੋਂ ਖੋਜਕਾਰਜ ਕਰਦੀਆਂ ਹਨ। ਐੱਮ. ਆਰ. ਐੱਸ. ਪੀ. ਟੀ. ਯੂ., ਡੀਨ, ਖੋਜ ਅਤੇ ਵਿਕਾਸ, ਡਾ. ਆਸ਼ੀਸ਼ ਬਾਲਦੀ ਨੇ ਯੂਨੀਵਰਸਿਟੀ 'ਚ ਚੱਲ ਰਹੇ ਵੱਖ-ਵੱਖ ਖੋਜ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਯੂਨੀਵਰਸਿਟੀ, ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਡੀਨ, ਕੰਨਸਲਟੈਂਸੀ ਅਤੇ ਉਦਯੋਗ ਸੰਪਰਕ, ਡਾ. ਮਨਜੀਤ ਬਾਂਸਲ, ਡਾਇਰੈਕਟਰ ਲੋਕ ਸੰਪਰਕ, ਹਰਜਿੰਦਰ ਸਿੱਧੂ, ਸੈਂਟਰਲ ਯੂਨੀਵਰਸਿਟੀ ਤੋਂ ਡਾ. ਰੁਬਲ ਕਨੌਜੀਆ ਅਤੇ ਲੋਕ ਸੰਪਰਕ ਅਫਸਰ, ਰੌਬਿਨ ਜਿੰਦਲ ਹਾਜ਼ਰ ਸਨ।

# ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਮੈਟਲ-ਆਰਗੈਨਿਕ ਫ਼ਰੇਮਵਰਕ ਤਿਆਰ

## ਮਹਾਰਾਜਾ ਰਣਜੀਤ ਸਿੰਘ ਅਤੇ ਕੇਂਦਰੀ ਯੂਨੀਵਰਸਿਟੀ ਆਫ਼ ਪੰਜਾਬ ਦੇ ਦੋ ਪ੍ਰੋਫ਼ੈਸਰਾਂ ਵਲੋਂ

ਬਠਿੰਡਾ, 21 ਜੁਲਾਈ (ਸੁਖਜਿੰਦਰ ਮਾਨ): ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਕੇਂਦਰੀ ਯੂਨੀਵਰਸਿਟੀ ਆਫ਼ ਪੰਜਾਬ ਦੇ ਦੋ ਪ੍ਰੋਫ਼ੈਸਰਾਂ ਵਲੋਂ ਆਕਸੀਜਨ ਦੀ ਸਪਲਾਈ ਨਾਲ ਨਜਿੱਠਣ ਲਈ ਵਿਸ਼ੇਸ਼ ਖੋਜ ਕਾਰਜ ਰਾਹੀਂ ਮੈਟਲ-ਆਰਗੈਨਿਕ ਫਰੇਮਵਰਕ ਤਿਆਰ ਕੀਤਾ ਹੈ, ਜੋ ਕਿ ਕੋਵਿਡ-19 ਦੀ ਤੀਜੀ ਲਹਿਰ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਆਕਸੀਜਨ ਕਾਨਸੰਨਟਰੇਟਰਾਂ ਨੂੰ ਕਿਫਾਇਤੀ ਬਣਾਉਣ ਲਈ ਬੇਹੱਦ ਸੁਚੱਜਾ ਉਪਰਾਲਾ ਸਾਬਿਤ ਹੋਵੇਗਾ।

ਅੱਜ ਇਥੇ ਮਹਾਰਾਜਾ ਰਣਜੀਤ ਯੂਨੀਵਰਸਿਟੀ ਵਿਖੇ ਕੀਤੀ ਪ੍ਰੈਸ ਕਾਨਫਰੰਸ ਵਿਚ ਇਸਦਾ ਖੁਲਾਸਾ ਕਰਦਿਆਂ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਨੇ ਦਸਿਆ ਕਿ, "ਮੌਜੂਦਾ ਵਿਸ਼ਵਵਿਆਪੀ ਕੋਵਿਡ ਮਹਾਂਮਾਰੀ ਦੌਰਾਨ ਪੂਰੇ ਭਾਰਤ ਵਿਚ ਆਕਸੀਜਨ ਦੀ ਸਪਲਾਈ ਦੀ ਕਮੀ ਅਤੇ ਬੇਹੱਦ ਮਹਿੰਗੇ ਭਾਅ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਸੀ, ਜਿਸ ਕਾਰਨ ਅਣਗਿਣਤ ਕੀਮਤੀ ਜਾਨਾਂ ਤੋਂ ਹੱਥ ਧੋਣੇ ਪਏ। ਭਾਵੇਂ ਕਿ ਭਾਰਤ ਦੇ ਨਾਗਰਿਕਾਂ ਨੇ ਬਹਾਦਰੀ ਨਾਲ ਗੰਭੀਰ ਸਥਿਤੀ ਦਾ ਸਾਹਮਣਾ ਕੀਤਾ ਤੇ ਸਾਡੇ ਵਿਗਿਆਨਿਕਾਂ ਨੇ ਵੀ ਇਸ ਗੰਭੀਰ ਸੱਮਸਿਆ ਦੇ ਹੱਲ ਲਈ ਅਣਥੱਕ ਤੇ ਸਿਰਤੋੜ ਯਤਨ ਕੀਤੇ।



ਕੇਂਦਰੀ ਯੂਨੀਵਰਸਿਟੀ ਪੰਜਾਬ ਦੇ ਸਹਾਇਕ ਪ੍ਰੋਫੈਸਰ (ਕੈਮਿਸਟਰੀ) ਅਤੇ ਖੋਜ ਸਹਿਯੋਗੀ ਡਾ. ਜੇ. ਨਗੇਂਦਰ ਬਾਬੂ ਅਤੇ ਉਨ੍ਹਾਂ ਦੀ ਪਤਨੀ ਡਾ. ਮੀਨੂੰ ਜੋਕਿ ਐਮ.ਆਰ.ਐਸ.ਪੀ.ਟੀ.ਯੂ. ਵਿਖੇ ਕੈਮਿਸਟਰੀ ਦੇ ਸਹਾਇਕ ਪ੍ਰੋਫੈਸਰ ਹਨ, ਨੇ ਕਿਹਾ "ਸਾਇੰਸ ਦੇ ਨਿਯਮਾਂ ਮੁਤਾਬਿਕ ਹਵਾ ਵਿਚ ਨਾਈਟ੍ਰੋਜਨ ਦਾ 78% ਅਤੇ ਆਕਸੀਜਨ 21% ਹੁੰਦੀ ਹੈ। ਵਰਤਮਾਨ ਸਮੇਂ ਵਪਾਰਕ ਤੌਰ ਤੇ ਉਪਲਬਧ ਜੀਓਲਾਇਟਸ ਜਾਂ ਅਣੂ ਸੈਲੀਜਾਂ ਨੂੰ ਨਾਈਟ੍ਰੋਜਨ ਤੋਂ ਆਕਸੀਜਨ ਦੇ ਚੋਣਵੇਂ ਗੁਣਾਂ ਨੂੰ ਵੱਖ ਕਰਨ ਲਈ ਵਰਤਿਆ ਜਾ ਰਿਹਾ ਹੈ।

ਇਸ ਮੌਕੇ ਬੋਲਦਿਆਂ ਡਾ. ਵੀ.ਕੇ. ਗਰਗ ਡੀਨ ਸਟੂਡੈਂਟ ਵੈੱਲਫੇਅਰ ਨੇ ਕਿਹਾ "ਦੋਵੇਂ ਯੂਨੀਵਰਸਿਟੀਆਂ ਸਥਾਨਿਕ ਅਤੇ ਰਾਸ਼ਟਰੀ ਮੁੱਦਿਆਂ 'ਤੇ ਆਪਣੇ ਖੋਜ ਵਿਚ ਸਾਂਝੇਦਾਰੀ ਅਤੇ ਫਤਵੇ ਦੇ ਹਿੱਸੇ ਵਜੋਂ ਖੋਜਕਾਰਜ ਕਰਦੀਆਂ ਹਨ। ਐਮ.ਆਰ.ਐਸ.ਪੀ.ਟੀ.ਯੂ. ਦੇ ਡੀਨ ਖੋਜ ਅਤੇ ਵਿਕਾਸ ਡਾ. ਆਸ਼ੀਸ਼ ਬਾਲਦੀ ਨੇ ਯੂਨੀਵਰਸਿਟੀ ਵਿੱਚ ਚੱਲ ਰਹੇ ਵੱਖ-ਵੱਖ ਖੋਜ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ, ਡੀਨ ਡਾ. ਮਨਜੀਤ ਬਾਂਸਲ, ਡਾਇਰੈਕਟਰ ਲੋਕ ਸੰਪਰਕ ਹਰਜਿੰਦਰ ਸਿੱਧੂ, ਸੈਂਟਰਲ ਯੂਨੀਵਰਸਿਟੀ ਤੋਂ ਡਾ. ਕੁਲਬ ਕਨੌਜੀਆ ਅਤੇ ਲੋਕ ਸੰਪਰਕ ਅਫਸਰ ਰੌਬਿਨ ਜਿੰਦਲ ਹਾਜ਼ਿਰ ਸਨ।

# PLACEMENT

## News Compilation

2018-21

# 2018-19

ਪੰਜਾਬੀ ਜਾਗਰਣ ਜਲੰਧਰ 5 ਅਪ੍ਰੈਲ 2019

ਜਾਣਕਾਰੀ

**ਨੌਕਰੀ ਲਈ ਯੂਨੀਵਰਸਿਟੀ ਕਰ ਰਹੀ ਹੈ ਵਿਸ਼ੇਸ਼ ਉਪਰਾਲੇ : ਸਿੱਧੂ**

# 23 ਵਿਦਿਆਰਥੀ ਨੌਕਰੀ ਲਈ ਚੁਣੇ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਬਠਿੰਡਾ ਵਿਖੇ ਵਿਸ਼ੇਸ਼ ਪਲੇਸਮੈਂਟ ਡਰਾਈਵ ਦੇ ਤਹਿਤ ਇੰਡਸਇੰਡ ਬੈਂਕ ਵਲੋਂ 23 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ ਕੀਤੀ ਗਈ। ਬੈਂਕ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਆਕਰਸ਼ਕ ਸਾਲਾਨਾ ਪੈਕੇਜ ਦੀ ਪੇਸ਼ਕਸ਼ ਦਿਤੀ ਹੈ। ਇਹ ਪਲੇਸਮੈਂਟ ਡਰਾਇਵ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਮੋਹਨਪਾਲ ਸਿੰਘ ਈਸ਼ਰ ਰਹਿਨੁਮਾਈ ਹੇਠ ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿਧੂ ਵੱਲੋਂ ਰਖਵਾਈ ਗਈ ਸੀ। ਯੂਨੀਵਰਸਿਟੀ ਦੇ 9 ਵਿਦਿਆਰਥੀ, ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸਨਜ਼ ਦੇ 4, ਐਸਐਸਡੀ ਕਾਲਜ ਬਠਿੰਡਾ ਦੇ 2, ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਮੋਗਾ ਦੇ 2, ਗੁਰੂ ਕਾਸ਼ੀ ਯੂਨੀਵਰਸਿਟੀ ਦੇ 2 ਅਤੇ 4 ਹੋਰ ਇੰਸਟੀਚਿਊਟਜ਼ ਤੋਂ ਵਿਦਿਆਰਥੀਆਂ ਨੂੰ ਨੌਕਰੀ ਲਈ ਚੁਣਿਆ ਗਿਆ। ਐਮਆਰਐਸਪੀਟੀਯੂ ਦੇ ਡਾਇਰੈਕਟਰ ਟਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿਧੂ ਨੇ ਦੱਸਿਆ ਕਿ ਪਲੇਸਮੈਂਟ ਡਰਾਈਵ ਲਈ ਲਗਭਗ 200 ਵਿਦਿਆਰਥੀਆਂ ਨੇ ਰਜਿਸਟਰ ਕੀਤਾ। ਮਨੁੱਖੀ ਵਸੀਲਿਆਂ ਬਾਰੇ ਇੰਡਸਇੰਡ ਬੈਂਕ ਦੇ ਮੁਖੀ ਨੇ ਯੂਨੀਵਰਸਿਟੀ ਦੇ ਕਾਨਫਰੰਸ ਹਾਲ ਵਿਚ ਪ੍ਰੀ-ਪਲੇਸਮੈਂਟ ਗੱਲਬਾਤ ਕੀਤੀ ਜਿਸ ਤੋਂ ਬਾਅਦ ਇੰਟਰਫੇਸ ਇੰਟਰਵਿਊ ਰਾਹੀਂ ਵਿਦਿਆਰਥੀਆਂ ਦੀ ਆਖਰੀ ਚੋਣ ਕੀਤੀ ਗਈ। ਸਿਧੂ ਨੇ ਦੱਸਿਆ ਕਿ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਨੌਕਰੀ ਦਿਵਾਉਣ ਲਈ ਸਮੇਂ ਸਮੇਂ ਉਪਰਾਲੇ ਕਰਦੀ ਰਹਿੰਦੀ ਹੈ। ਇਸ ਤੋਂ ਪਹਿਲਾਂ ਵੀ ਕਈ ਵਿਦਿਆਰਥੀਆਂ ਨੂੰ ਚੰਗੀਆਂ ਕੰਪਨੀਆਂ ਨੇ ਚੰਗੇ ਪੈਕੇਜ ਦੇ ਨੌਕਰੀ 'ਤੇ ਰੱਖਿਆ ਹੈ।



**ਵਿਦਿਆਰਥੀਆਂ ਨੂੰ ਨੌਕਰੀ ਦੇਣ ਲਈ ਬੈਂਕ ਅਧਿਕਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਹਰਜੋਤ ਸਿੰਘ ਸਿੱਧੂ।**

ਡਾਇਰੈਕਟਰ ਟਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿਧੂ ਨੇ ਨੌਕਰੀ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੜ੍ਹਾਈ ਇਕ ਅਜਿਹਾ ਗਹਿਣਾ ਹੈ ਕਿ ਇਸਨੂੰ ਕੋਈ ਖੋਹ ਨਹੀਂ ਸਕਦਾ ਤੇ ਨਾ ਹੀ ਇਹ ਚੋਰੀ ਹੋ ਸਕਦਾ ਹੈ।

ਰੋਜ਼ਾਨਾ ਸਪੋਕਸਮੈਨ ਸ਼ੁਕਰਵਾਰ, 5 ਅਪ੍ਰੈਲ 2019

### ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਖੇ ਪਲੇਸਮੈਂਟ ਡਰਾਈਵ ਤਹਿਤ

# 23 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ

**ਬਠਿੰਡਾ, 4 ਅਪ੍ਰੈਲ (ਸੁਖਜਿੰਦਰ ਮਾਨ) :** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਵਿਖੇ ਵਿਸ਼ੇਸ਼ ਪਲੇਸਮੈਂਟ ਡਰਾਈਵ ਦੇ ਤਹਿਤ ਇੰਡਸਇੰਡ ਬੈਂਕ ਵਲੋਂ 23 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ ਕੀਤੀ ਗਈ। ਯੂਨੀਵਰਸਿਟੀ ਦੇ 9 ਵਿਦਿਆਰਥੀ, ਬਾਬਾ ਫ਼ਰੀਦ ਗਰੁਪ ਆਫ਼ ਇੰਸਟੀਚਿਊਸ਼ਨਜ਼ ਦੇ 4, ਐਸ.ਐਸ.ਡੀ. ਕਾਲਜ, ਬਠਿੰਡਾ ਦੇ 2, ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਮੋਗਾ ਦੇ 2, ਗੁਰੂ ਕਾਸ਼ੀ ਯੂਨੀਵਰਸਿਟੀ ਦੇ 2 ਅਤੇ 4 ਹੋਰ ਇੰਸਟੀਚਿਊਟਜ਼ ਤੋਂ ਵਿਦਿਆਰਥੀਆਂ ਨੂੰ ਨੌਕਰੀ ਲਈ ਚੁਣਿਆ ਗਿਆ। ਪਲੇਸਮੈਂਟ ਡਰਾਈਵ ਲਈ ਲਗਭਗ 200 ਵਿਦਿਆਰਥੀਆਂ ਨੇ ਰਜਿਸਟਰ ਕੀਤਾ।

ਮਨੁੱਖੀ ਵਸੀਲਿਆਂ ਬਾਰੇ ਇੰਡਸਇੰਡ ਬੈਂਕ ਦੇ ਮੁਖੀ ਨੇ ਯੂਨੀਵਰਸਿਟੀ ਦੇ ਕਾਨਫ਼ਰੰਸ ਹਾਲ ਵਿਚ ਪ੍ਰੀ-ਪਲੇਸਮੈਂਟ ਗੱਲ ਬਾਤ ਦਾ ਆਯੋਜਨ ਕੀਤਾ ਅਤੇ ਫਿਰ ਇੰਟਰਫ਼ੇਸ ਇੰਟਰਵਿਊ ਰਾਹੀਂ ਆਖਰੀ ਚੋਣ ਕੀਤੀ ਗਈ। ਐਮ. ਆਰ. ਐਸ. ਪੀ. ਟੀ. ਯੂ. ਡਾਇਰੈਕਟਰ ਟਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿੱਧੂ ਨੇ ਸਫ਼ਲ ਵਿਦਿਆਰਥੀਆਂ ਨੂੰ ਵਧਾਈ ਦਿਤੀ।



ਜਗ ਬਾਣੀ

ਲੁਧਿਆਣਾ, ਸ਼ੁੱਕਰਵਾਰ Friday, 5 ਅਪ੍ਰੈਲ 2019

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ 23 ਵਿਦਿਆਰਥੀਆਂ ਦੀ ਨੌਕਰੀ ਲਈ ਹੋਈ ਚੋਣ



ਵਿਦਿਅਰਥੀਆਂ ਨੂੰ ਸਨਮਾਨਤ ਕਰਦੇ ਕਾਲਜ ਪ੍ਰਬੰਧਕ। (ਮੌਤ)

ਬਠਿੰਡਾ, 4 ਅਪ੍ਰੈਲ (ਵਰਮਾ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਵਿਖੇ ਵਿਸ਼ੇਸ਼ ਪਲੇਸਮੇਂਟ ਡਰਾਈਵ ਦੇ ਤਹਿਤ ਇੰਡਸਇੰਡ ਬੈਂਕ ਵਲੋਂ 23 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ ਕੀਤੀ ਗਈ। ਬੈਂਕ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਆਕਰਸ਼ਕ ਸਾਲਾਨਾ ਪੈਕੇਜ ਦੀ ਪੇਸ਼ਕਸ਼ ਦਿੱਤੀ ਹੈ। ਯੂਨੀਵਰਸਿਟੀ ਦੇ 9 ਵਿਦਿਆਰਥੀ, ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ 4, ਐੱਸ. ਐੱਸ. ਡੀ. ਕਾਲਜ, ਬਠਿੰਡਾ ਦੇ 2, ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਮੋਗਾ ਦੇ 2, ਗੁਰੂ ਕਾਸ਼ੀ ਯੂਨੀਵਰਸਿਟੀ ਦੇ 2 ਅਤੇ 4 ਹੋਰ ਇੰਸਟੀਚਿਊਟਜ਼ ਤੋਂ ਵਿਦਿਆਰਥੀਆਂ ਨੂੰ ਨੌਕਰੀ ਲਈ ਚੁਣਿਆ ਗਿਆ। ਪਲੇਸਮੇਂਟ ਡਰਾਈਵ ਲਈ ਲਗਭਗ 200 ਵਿਦਿਆਰਥੀਆਂ ਨੇ ਰਜਿਸਟਰ ਕੀਤਾ। ਮਨੁੱਖੀ ਵਸੀਲਿਆਂ ਬਾਰੇ ਇੰਡਸਇੰਡ ਬੈਂਕ ਦੇ ਮੁਖੀ ਨੇ ਯੂਨੀਵਰਸਿਟੀ ਦੇ ਕਾਨਫਰੰਸ ਹਾਲ 'ਚ ਪ੍ਰੀ-ਪਲੇਸਮੈਂਟ ਗੱਲਬਾਤ ਦਾ ਆਯੋਜਨ ਕੀਤਾ ਅਤੇ ਫਿਰ ਇੰਟਰਫੇਸ ਇੰਟਰਵਿਊ ਰਾਹੀਂ ਆਖਰੀ ਚੋਣ ਕੀਤੀ ਗਈ। ਐੱਮ. ਆਰ. ਐੱਸ. ਪੀ. ਟੀ. ਯੂ., ਡਾਇਰੈਕਟਰ, ਟਰੇਨਿੰਗ ਐਂਡ ਪਲੇਸਮੈਂਟ, ਹਰਜੋਤ ਸਿੰਘ ਸਿੱਧੂ ਨੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



महाराजा रंजीत सिंह पंजाब टेक्निकल यूनिवर्सिटी के प्लेसमेंट ड्राइव में चुनी गई छात्रा को आफर लैटर सौंपते हुए प्रबंधक।

# विशेष प्लेसमेंट ड्राइव में 23 विद्यार्थी नौकरी के लिए चुने

**बठिंडा|** महाराजा रंजीत सिंह पंजाब टेक्निकल यूनिवर्सिटी में विशेष प्लेसमेंट ड्राइव के तहत इंडसइंड बैंक की ओर से 23 विद्यार्थियों को नौकरी के लिए चुना। बैंक ने चुने हुए विद्यार्थियों को आकर्षक सालाना पैकेज की पेशकश की है। यूनिवर्सिटी के 9 विद्यार्थी, बाबा फरीद इंस्टीट्यूशंस के 4, एसएसडी गर्ल्स कॉलेज के 2, लाला लाजपतराय इंस्टीट्यूट आफ इंजीनियरिंग एंड टेक्नोलॉजी मोगा के 2, गुरु काशी यूनिवर्सिटी के 2 तथा 4 अन्य इंस्टीट्यूशंस के विद्यार्थियों को नौकरी के लिए चुना गया। प्लेसमेंट ड्राइव में लगभग 200 विद्यार्थियों ने रजिस्ट्रेशन करवाया। यूनिवर्सिटी के कांफ्रेंस हाल में इंडसइंड बैंक के ह्यूमन रिसोर्सेज के मुखी ने प्री प्लेसमेंट के बारे में बातचीत का आयोजन किया और फिर इंटरव्यू के जरिए आखिरी चुनाव किया। एमआरएसपीटीयू के ट्रेनिंग एंड प्लेसमेंट डायरेक्टर हरजोत सिंह सिधू ने सफल विद्यार्थियों को बधाई दी।

ਅਜੀਤ, ਬਠਿੰਡਾ
ਬੁੱਧਵਾਰ, 15 ਅਗਸਤ 2018

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਪਲੇਸਮੈਂਟ ਡ੍ਰਾਈਵ ਕੱਲ੍ਹ

ਬਠਿੰਡਾ, 14 ਅਗਸਤ (ਕੰਵਲਜੀਤ ਸਿੰਘ ਸਿੱਧੂ)- ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਲੋਂ ਪ੍ਰਸਿੱਧ ਵਪਾਰਕ ਅਦਾਰੇ ਵਿਪਰੋ ਲਿਮਟਿਡ ਦੇ ਸਹਿਯੋਗ ਨਾਲ 16 ਅਗਸਤ 2018 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਵਿਸ਼ੇਸ਼ ਪਲੇਸਮੈਂਟ ਡ੍ਰਾਈਵ ਸ਼ੁਰੂ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੇ ਟਰੇਨਿੰਗ ਅਤੇ ਪਲੇਸਮੈਂਟ ਅਧਿਕਾਰੀ ਰਾਜੇਸ਼ ਗੁਪਤਾ ਨੇ ਦੱਸਿਆ ਕਿ 2018 ਬੈਚ ਦੇ ਬੀ.ਟੈਕ. ਦੇ ਸੀ.ਈ., ਆਈ.ਟੀ., ਈ.ਸੀ.ਈ., ਈ.ਈ.ਈ., ਈ.ਐਂਡ ਆਈ., ਮਕੈਨਿਕ, ਆਟੋਮੋਬਾਈਲ, ਪ੍ਰੋਡਕਸ਼ਨ ਇੰਜੀਨੀਅਰਿੰਗ, ਏਰੋਨੋਟਿਕਲ, ਮੇਕੈਟ੍ਰਨਿਕਸ ਪਾਸ ਹੋਣਹਾਰ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਬਿਹਤਰ ਰੋਜ਼ਗਾਰ ਪ੍ਰਦਾਨ ਕਰਨ ਦੇ ਮਕਸਦ ਨਾਲ ਇਹ ਡ੍ਰਾਈਵ ਸ਼ੁਰੂ ਕੀਤੀ ਜਾ ਰਹੀ ਹੈ। ਸ੍ਰੀ ਗੁਪਤਾ ਨੇ ਦੱਸਿਆ ਕਿ ਵਿਦਿਆਰਥੀ ਇਸ ਡ੍ਰਾਈਵ 'ਚ ਭਾਗ ਲੈਣ ਲਈ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਆਪਣੇ ਆਪ ਨੂੰ ਰਜਿਸਟਰਡ ਕਰ ਸਕਦੇ ਹਨ ਅਤੇ ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਯੂਨੀਵਰਸਿਟੀ ਦੇ ਸਬੰਧਿਤ ਵਿਭਾਗ ਦੇ ਟੈਲੀਫੋਨ ਨੰਬਰਾਂ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

2 | ਪੰਜਾਬੀ ਜਾਗਰਣ ਜਲੰਧਰ 14 ਅਗਸਤ 2018

# ਮਹਾਰਾਜਾ ਰਣਜੀਤ ਸਿੰਘ 'ਵਰਸਿਟੀ' 'ਚ ਪਲੇਸਮੈਂਟ ਡਰਾਈਵ 16 ਤੋਂ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

**ਰਜਿਸਟਰਡ ਵਿਦਿਆਰਥੀਆਂ ਨੂੰ ਹੀ ਪਲੇਸਮੈਂਟ ਡਰਾਈਵ 'ਚ ਹਿੱਸਾ ਲੈਣ ਦੀ ਆਗਿਆ, ਵਿਪਰੋ ਕਰੇਗੀ 3 ਤੋਂ 5 ਲੱਖ ਰੁਪਏ ਦੇ ਪੈਕੇਜ ਦੀ ਪੇਸ਼ਕਸ਼**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਪ੍ਰਸਿੱਧ ਅਦਾਰੇ ਵਿਪਰੋ ਲਿਮਟਿਡ ਦੇ ਸਹਿਯੋਗ ਨਾਲ 16 ਅਗਸਤ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਵਿਸ਼ੇਸ਼ ਪਲੇਸਮੈਂਟ ਡਰਾਈਵ ਸ਼ੁਰੂ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਦੇ ਟਰੇਨਿੰਗ ਅਤੇ ਪਲੇਸਮੈਂਟ ਅਫ਼ਸਰ ਰਾਜੇਸ਼ ਗੁਪਤਾ ਨੇ ਕਿਹਾ ਕਿ ਇਹ ਡਰਾਈਵ 2018 ਬੈਚ ਦੇ ਬੀਟੈੱਕ (ਸੀਈ/ ਆਈਟੀ/ਈਸੀਈ/ਈਈਈ/ਈ ਐਂਡ ਆਈ/ਮਕੈਨਿਕ/ਆਟੋਮੋਬਾਈਲ/ਪ੍ਰੋਡਕਸ਼ਨ ਇੰਜਨੀਅਰਿੰਗ/ਏਰੋਨੋਟਿਕਲ/ਮੇਕੈਟ੍ਰਨਿਕਸ) ਪਾਸ ਹੋਣਹਾਰ ਵਿਦਿਆਰਥਿਆਂ ਦੇ ਉਜਵਲ ਭਵਿੱਖ ਲਈ ਬਿਹਤਰ ਰੋਜਗਾਰ ਪ੍ਰਦਾਨ ਕਰਨ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸੂਬੇ ਭਰ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ। ਗੁਪਤਾ ਨੇ ਦੱਸਿਆ ਕਿ ਵਿਦਿਆਰਥੀ ਇਸ ਵਾਸਤੇ ਆਨਲਾਈਨ ਰਜਿਸਟਰ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਰਫ਼ ਰਜਿਸਟਰਡ ਵਿਦਿਆਰਥੀਆਂ ਨੂੰ ਹੀ ਪਲੇਸਮੈਂਟ ਡਰਾਈਵ ਵਿਚ ਹਿੱਸਾ ਲੈਣ ਦੀ ਆਗਿਆ ਦਿੱਤੀ ਜਾਵੇਗੀ, ਜਦੋਂਕਿ ਮੌਕੇ 'ਤੇ ਰਜਿਸਟਰੇਸ਼ਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ। ਉਨ੍ਹਾਂ ਦੱਸਿਆ ਕਿ ਵਿਪਰੋ ਤਿੰਨ ਤੋਂ ਪੰਜ ਲੱਖ ਰੁਪਏ ਪ੍ਰਤੀ ਸ਼ਾਲ ਦੇ ਪੈਕੇਜ ਦੀ ਪੇਸ਼ਕਸ਼ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਐੱਮਆਰਐੱਸਪੀਟੀਯੂ ਦੇ ਵਿਦਿਆਰਥੀਆਂ ਨੂੰ ਨੌਕਰੀ ਲਈ ਆਉਣ ਵਾਲੀਆਂ ਕੰਪਨੀਆਂ ਦੀ ਗਿਣਤੀ ਹਰ ਸਾਲ ਵਧਦੀ ਜਾਂਦੀ ਹੈ ਅਤੇ ਇਸ ਸਾਲ ਵੀ ਵੱਡੀ ਗਿਣਤੀ 'ਚ ਵੱਡੀਆਂ ਕੰਪਨੀਆਂ ਤੇ ਵੱਡੇ ਕਾਰਪੋਰੇਟ ਅਦਾਰਿਆਂ ਦੇ ਆਉਣ ਦੀ ਉਮੀਦ ਹੈ।

ਰੋਜ਼ਾਨਾ ਸਪੋਕਸਮੈਨ
ਮੰਗਲਵਾਰ, 14 ਅਗੱਸਤ 2018

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਨੌਕਰੀ ਮੇਲਾ

ਬਠਿੰਡਾ, 13 ਅਗੱਸਤ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋਂ ਵਿਪਰੋ ਲਿਮਟਿਡ ਦੇ ਸਹਿਯੋਗ ਨਾਲ 16 ਅਗੱਸਤ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਵਿਸ਼ੇਸ਼ ਪਲੇਸਮੈਂਟ ਡਰਾਇਵ ਸ਼ੁਰੂ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਦੇ ਟਰੇਨਿੰਗ ਅਤੇ ਪਲੇਸਮੈਂਟ ਅਫ਼ਸਰ ਰਾਜੇਸ਼ ਗੁਪਤਾ ਨੇ ਦਸਿਆ ਕਿ ਵਿਦਿਆਰਥੀ ਇਸ ਵਾਸਤੇ ਵੈਬਸਾਈਟ (https://recareers.wipro.com/campus-engineering.aspx) 'ਤੇ ਰਜਿਸਟਰ ਕਰ ਸਕਦੇ ਹਨ ਜਾਂ ਫ਼ਿਰ ਜਾਣਕਾਰੀ ਲੈਣ ਲਈ ਯੂਨੀਵਰਸਿਟੀ ਦੀ ਵੈਬਸਾਈਟ mrsptu.ac.in 'ਤੇ ਵੀ ਜਾ ਸਕਦੇ ਹਨ।ਉਨ੍ਹਾਂ ਕਿਹਾ ਕਿ ਸਿਰਫ ਰਜਿਸਟਰਡ ਵਿਦਿਆਰਥੀਆਂ ਨੂੰ ਹੀ ਪਲੇਸਮੈਂਟ ਡਰਾਇਵ ਵਿੱਚ ਹਿੱਸਾ ਲੈਣ ਦੀ ਆਗਿਆ ਦਿੱਤੀ ਜਾਵੇਗੀ। ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਕਿਸੇ ਵੀ ਤਰ੍ਹਾਂ ਦੀ ਪੁੱਛਗਿੱਛ ਲਈ 87250-72440, 442 'ਤੇ ਸੰਪਰਕ ਕਰ ਸਕਦੇ ਹਨ।

4 ਰੋਜ਼ਾਨਾ ਸਪੋਕਸਮੈਨ ਸ਼ੁਕਰਵਾਰ, 21 ਦਸੰਬਰ 2018

# ਲਰਨਿੰਗ ਐਪ ਵਲੋਂ ਕਾਲਜ ਦੇ ਵਿਦਿਆਰਥੀਆਂ ਦੀ ਚੋਣ



ਬਠਿੰਡਾ, 20 ਦਸੰਬਰ (ਸੁਖਜਿੰਦਰ ਮਾਨ) : ਪ੍ਰਸਿੱਧ ਬੀ.ਵਾਈ.ਜੇ.ਯੂ.ਐਸ.-ਲਰਨਿੰਗ ਐਪ ਵਲੋਂ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਬੀ.ਟੈਕ. ਦੇ ਫਾਈਨਲ ਵਰ੍ਹੇ ਦੇ 7 ਵਿਦਿਆਰਥੀਆਂ ਨੂੰ ਵਿਸ਼ੇਸ਼ ਪਲੇਸਮੈਂਟ ਡਰਾਈਵ ਤਹਿਤ ਨੌਕਰੀ ਲਈ ਚੁਣਿਆ ਗਿਆ ਹੈ। ਬੀ.ਵਾਈ.ਜੇ.ਯੂ.ਐਸ. ' ਲਰਨਿੰਗ ਐਪ, ਜੋ ਇੱਕ ਗਤੀਸ਼ੀਲ ਅਤੇ ਲਗਾਤਾਰ ਪ੍ਰਫੁੱਲਤ ਹੋ ਰਹੀ ਕੰਪਨੀ ਹੈ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਪ੍ਰਤੀ ਸਾਲ 10 ਲੱਖ ਰੁਪਏ ਦੇ ਆਕਰਸ਼ਕ ਪੈਕੇਜ ਦੀ ਪੇਸ਼ਕਸ਼ ਕੀਤੀ ਹੈ।

ਬੀ.ਵਾਈ.ਜੇ.ਯੂ.ਐਸ. ਦੇ ਕੈਂਪਸ ਕੁਨੈਕਟ ਪ੍ਰੋਗਰਾਮ ਦੁਆਰਾ ਲਰਨਿੰਗ ਐਪ ਨੇ ਬੀ.ਟੈਕ. (ਮਕੈਨੀਕਲ, ਸਿਵਲ ਇੰਜੀਨੀਅਰਿੰਗ, ਇਲੈਕਟ੍ਰਾਨਿਕਸ ਅਤੇ ਸੰਚਾਰ ਇੰਜਨੀਅਰਿੰਗ, ਇਲੈਕਟ੍ਰੀਕਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਇੰਜੀਨੀਅਰਿੰਗ) ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਕੈਂਪਸ ਵਿਖੇ ਵਿਸ਼ੇਸ਼ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ। ਬਿਜਨਸ ਡਿਵੈਲਪਮੈਂਟ ਇੰਟਰਨ ਦੇ ਅਹੁਦੇ ਲਈ ਚੁਣੇ ਗਏ ਖੁਸ਼ ਕਿਸਮਤ ਵਿਦਿਆਰਥੀਆਂ ਵਿਚ ਮਨਿੰਦਰ ਸਿੰਘ ਸਿੱਧੂ, ਰਾਹੁਲ ਬਾਂਸਲ, ਕਸ਼ੀਸ਼, ਸੌਰਭ ਕੁਮਾਰ, ਦਰਪਨ ਗਰਗ, ਚੇਤਨ ਕੁਮਾਰ ਅਤੇ ਸ਼ੁਭਮ ਆਨੰਦ ਸ਼ਾਮਲ ਹਨ। ਇਸ ਡਰਾਈਵ ਤਹਿਤ ਪਹਿਲੇ ਰਾਉਂਡ ਵਿਚ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਲਗਭਗ 300 ਵਿਦਿਆਰਥੀਆਂ ਨੇ ਬੀ.ਵਾਈ.ਜੇ.ਯੂ.ਐਸ. ਵਲੋਂ ਆਯੋਜਿਤ ਕੀਤੀ ਗਰੁੱਪ ਚਰਚਾ ਵਿਚ ਹਿੱਸਾ ਲਿਆ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਆਪਣੀ ਪ੍ਰਤੀਬੱਧਤਾ ਦੁਹਰਾਈ।

दैनिक भास्कर
बठिंडा, शुक्रवार 21 दिसंबर, 2018

# ज्ञानी जैल सिंह कॉलेज के 7 विद्यार्थी नौकरी के लिए चुने



नौकरी के लिए चुने युवाओं को शाबाशी देते वीसी प्रो. एमपीएस ईसर।

**बठिंडा|** बीवाईजेयूएस लर्निंग ऐप की ओर से ज्ञानी जैल सिंह कैंपस कॉलेज ऑफ इंजीनियरिंग एंड टेक्नोलॉजी महाराजा रंजीत सिंह पंजाब टेक्निकल यूनिवर्सिटी के बीटेक के फाइनल ईयर के 7 विद्यार्थियों को विशेष प्लेसमेंट ड्राइव के तहत नौकरी के लिए चुना गया। बीवाईजेयूएस लर्निंग ऐप ने चुने हुए विद्यार्थियों को 10 लाख रुपए वार्षिक पैकेज की पेशकश की है।

बीवाईजेयूएस लर्निंग ऐप ने बीटेक मैकेनिकल , सिविल इंजीनियरिंग इलेक्ट्रॉनिक्स और संचार इंजीनियरिंग, इलेक्ट्रिकल इंजीनियरिंग, कंप्यूटर साइंस के विद्यार्थियों के लिए यूनिवर्सिटी में प्लेसमेंट ड्राइव करवाई। बिजनेस डेवलपमेंट इंटर्न के पद के लिए चुने गए विद्यार्थियों में मनिंदर सिंह सिधू, राहुल बांसल, कशिश, सौरभ कुमार, दर्पण गर्ग, चेतन कुमार व शुभम आनंद शामिल हैं।

इस ड्राइव के तहत महले राउंड में विभिन्न शैक्षिक संस्थाओं के लगभग 300 विद्यार्थियों ने ग्रुप डिस्कशन में हिस्सा लिया, इसके बाद 33 चुनाव किया गया जोकि निजी इंटरव्यू के लिए वीडियो रिकार्डिंग में शामिल हुए। फाइनल में विशेषज्ञों की टीम ने ज्ञानी जैल सिंह कॉलेज के 7 विद्यार्थी, बाबा फरीद ग्रुप तथा एक प्राइवेट यूनिवर्सिटी के एक-एक विद्यार्थी का चयन किया गया।

2 दैनिक जागरण लुधियाना/बठिंडा, 21 दिसंबर 2018



एमआरएस के नौकरी के लिए चुने गए विद्यार्थी व अन्य स्टाफ • जागरण

# सात विद्यार्थियों को मिली नौकरी

जागरण संवाददाता, बठिंडा : ज्ञानी जैल सिंह कैंपस कॉलेज आफ इंजीनियरिंग एंड टेक्नोलॉजी बठिंडा के बीटेक के फाइनल के 7 विद्यार्थियों का बीवाईजेयूएस लर्निंग एप द्वारा विशेष प्लेसमेंट ड्राइव के तहत नौकरी के लिए चुना गया है। कंपनी की ओर से विद्यार्थियों को 10 लाख रुपए प्रति साल के आकर्षक पैकेज की पेशकश की गई है। इसके तहत मनिंदर सिंह सिद्धू, राहुल बांसल, कशिश, सौरभ कुमार, दर्पण गर्ग, चेतन कुमार व शुभम को चुना गया है। इस प्लेसमेंट ड्राइव में 300 विद्यार्थियों ने भाग लिया था, जिसमें से 33 का चुनाव किया गया और अंत में 7 विद्यार्थियों का चयन कर लिया गया है। यूनिवर्सिटी के वाइस चांसलर प्रो. डॉ. मोहन पाल ईश्र ने विद्यार्थियों को बधाई दी है।

सा केसरी शुक्रवार FRI

# जैल सिंह कालेज के 7 छात्रों का नौकरी के लिए हुआ चयन

बठिंडा, 20 दिसम्बर (विजय): प्रसिद्ध बी.वाई.जे.यू.एस. लर्निंग एप द्वारा ज्ञानी जैल सिंह कैंपस कालेज ऑफ इंजीनियरिंग एंड टैक्नोलॉजी, महाराजा रणजीत सिंह पंजाब टैक्नीकल यूनिवर्सिटी बठिंडा के बी.टैक के फाइनल वर्ष के 7 छात्रों को विशेष प्लेसमैंट ड्राइव तहत नौकरी के लिए चुना गया।



यूनिवर्सिटी के वाइस चांसलर प्रो. मोहन पाल सिंह इशर व अन्य के साथ चुने गए छात्र।

बी.वाई.जे.यू.एस. लर्निंग एप जो गतिशील व लगातार प्रफुल्लित हो रही कम्पनी है, ने चुने छात्रों को प्रति वर्ष 10 लाख रुपए के आकर्षक पैकेज की पेशकश की है। बी.वाई.जे.यू.एस. के कैंपस कनैक्ट प्रोग्राम द्वारा लर्निंग एप के बी.टैक के छात्रों के लिए यूनिवर्सिटी कैंपस में विशेष प्लेसमैंट ड्राइव का आयोजन किया, जिसमें छात्र मनिंद्र सिंह सिद्धू, राहुल बांसल, कशीश, सौरभ कुमार, दर्पन गर्ग, चेतन कुमार, सुभम आनंद शामिल हैं।

यूनिवर्सिटी के वाइस चांसलर प्रो. डा. मोहन पाल सिंह इशर ने विद्यार्थियों को उनकी सफलता के लिए बधाई देते यूनिवर्सिटी के छात्रों के लिए बेहतर रोजगार के मौके प्रदान करने के लिए वचनबद्धता दोहराई।

4 | ਪੰਜਾਬੀ ਜਾਗਰਣ ਜਲੰਧਰ 26 ਮਾਰਚ 2019



ਰੁਜ਼ਗਾਰ ਮੇਲੇ 'ਚ ਸ਼ਾਮਲ ਵਿਦਿਆਰਥੀ

# 18 ਪਾੜ੍ਹਿਆਂ ਦੀ ਨੌਂਕਰੀ ਲਈ ਚੋਣ

ਗੁਰਤੇਜ ਸਿੰਘ ਸਿੱਧੂ, ਬਠਿੰਡਾ

**ਸਮਾਗਮ**

- ਪੀਟੀਆਈ ਨੰਦਗੜ੍ਹ ਲੱਗਾ ਰੁਜ਼ਗਾਰ ਮੇਲਾ
- ਵੱਖ-ਵੱਖ ਕੰਪਨੀਆਂ ਨੇ ਵਧੀਆ ਪੈਕਜ 'ਤੇ ਚੁਣੇ ਵਿਦਿਆਰਥੀ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਅਦਾਰੇ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ, ਨੰਦਗੜ੍ਹ ਵਿਖੇ ਰੁਜ਼ਗਾਰ ਮੇਲੇ ਲਾਇਆ ਗਿਆ। ਇਸ ਮੇਲੇ ਵਿਚ ਵੱਡੀ ਗਿਣਤੀ ਵਿਚ ਉਮੀਦਵਾਰਾਂ ਨੇ ਹਿੱਸਾ ਲਿਆ। ਰੁਜ਼ਗਾਰ ਮੇਲੇ ਵਿਚ ਉਮੀਦਵਾਰਾਂ ਦੀ ਚੋਣ ਕਰਨ ਲਈ ਬੈਂਕ ਆਫ਼ ਬੜੌਦਾ, ਸਟੇਟ ਬੈਂਕ ਆਫ਼ ਇੰਡੀਆ, ਕ੍ਰੈਡਿਟ ਕਾਰਡ, ਬੀਨਸਈਆਈ, ਆਰਬੀਐੱਲ ਬੈਂਕ ਆਦਿ ਪ੍ਰਮੁੱਖ ਕੰਪਨੀਆਂ ਨੇ ਹਿੱਸਾ ਲਿਆ। ਇਹ ਰੁਜ਼ਗਾਰ ਮੇਲਾ ਐੱਮਬੀਏ, ਐੱਮਸੀਏ, ਬੀਸੀਏ, ਬੀਬੀਏ, ਬੀਕਾਮ, ਐੱਮਕਾਮ ਦੇ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਲਾਇਆ ਗਿਆ ਸੀ।

ਪੰਜਾਬੀ ਯੂਨੀਵਰਸਿਟੀ ਕੈਂਪਸ ਘੁੱਦਾ, ਗਿਆਨੀ ਜ਼ੈਲ ਸਿੰਘ ਕਾਲਜ, ਬਠਿੰਡਾ ਅਤੇ ਹੋਰ ਕਾਲਜਾਂ ਨੇ ਇਸ ਮੇਲੇ ਵਿੱਚ ਹਿੱਸਾ ਲਿਆ। ਐੱਮਬੀਏ, ਐੱਮਕਾਮ ਅਤੇ ਬੀਬੀਏ ਦੇ 10 ਵਿਦਿਆਰਥੀ ਅਤੇ ਐੱਮਸੀਏ ਅਤੇ ਬੀਸੀਏ ਦੇ 8 ਵਿਦਿਆਰਥੀ ਨੂੰ ਵੱਖ ਵੱਖ ਕੰਪਨੀਆਂ ਵਲੋਂ ਨੌਕਰੀ ਲਈ ਚੁਣਿਆ ਗਿਆ।

ਪੀਆਈਟੀ ਨੰਦਗੜ੍ਹ ਦੇ ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਨੌਕਰੀ ਮੇਲਾ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੇ ਲਈ ਆਈ.ਟੀ. ਉਦਯੋਗ ਅਤੇ ਬੈਂਕਿੰਗ ਸੈਕਟਰ ਵਿਚ ਪ੍ਰਵੇਸ਼ ਦਾ ਸੁਨਹਿਰੀ ਮੌਕਾ ਸੀ। ਉਨ੍ਹਾਂ ਕਿਹਾ ਕਿ 'ਰੁਜ਼ਗਾਰ ਮੇਲੇ ਨੌਜਵਾਨਾਂ ਲਈ ਕੰਪਨੀਆਂ ਵੱਲੋਂ ਚੁਣੇ ਜਾਣ ਲਈ ਸਹੀ ਪਲੇਟਫਾਰਮ ਹੈ। ਡਾ. ਵੀਰਪਾਲ ਕੌਰ ਮਾਨ, ਡਾ. ਪ੍ਰਿਤਪਾਲ ਸਿੰਘ ਭੁੱਲਰ, ਇੰਜ. ਯਾਦਵਿੰਦਰ ਸਿੰਘ, ਨਿਸ਼ਾ ਗੁਪਤਾ ਅਤੇ ਮਨਪ੍ਰੀਤ ਧਾਲੀਵਾਲ ਨੇ ਇਸ ਪ੍ਰੋਗਰਾਮ ਦੇ ਆਯੋਜਨ ਵਿਚ ਅਹਿਮ ਭੂਮਿਕਾ ਨਿਭਾਈ।

ਰੋਜ਼ਾਨਾ ਸਪੋਕਸਮੈਨ | ਮੰਗਲਵਾਰ, 26 ਮਾਰਚ 2019

# ਪੀ.ਆਈ.ਟੀ. ਨੰਦਗੜ੍ਹ ਵਿਖੇ ਰੁਜ਼ਗਾਰ ਮੇਲਾ ਲਾਇਆ



ਰੁਜ਼ਗਾਰ ਮੇਲੇ ਦੀ ਝਲਕ।

**ਬਠਿੰਡਾ, 25 ਮਾਰਚ (ਸੁਖਜਿੰਦਰ ਮਾਨ) :** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਅਦਾਰੇ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ ਨੰਦਗੜ੍ਹ ਵਿਖੇ ਰੁਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਰੁਜ਼ਗਾਰ ਮੇਲੇ ਵਿੱਚ ਉਮੀਦਵਾਰਾਂ ਦੀ ਚੋਣ ਕਰਨ ਲਈ ਬੈਂਕ ਆਫ਼ ਬੜੌਦਾ, ਸਟੇਟ ਬੈਂਕ ਆਫ਼ ਇੰਡੀਆ, ਕ੍ਰੈਡਿਟ ਕਾਰਡ, ਬੀਨਸ.ਏ.ਆਈ., ਆਰ.ਬੀ.ਐਲ. ਬੈਂਕ ਆਦਿ ਪ੍ਰਮੁੱਖ ਕੰਪਨੀਆਂ ਨੇ ਚੋਣ ਪ੍ਰਕਿਰਿਆ ਵਿਚ ਹਿੱਸਾ ਲਿਆ।

ਇਹ ਰੁਜ਼ਗਾਰ ਮੇਲਾ ਐਮ.ਬੀ.ਏ., ਐਮ.ਸੀ.ਏ., ਬੀ.ਸੀ.ਏ., ਬੀ.ਬੀ.ਏ., ਬੀ.ਕੌਮ., ਐਮ. ਕੌਮ. ਦੇ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਆਯੋਜਤ ਕੀਤਾ ਗਿਆ ਸੀ। ਜਿਸ ਵਿਚ ਵੱਖ ਵੱਖ ਕਾਲਜਾਂ ਦੇ ਵਿਦਿਆਰਥੀ ਜਿਵੇਂ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਘੁੱਦਾ, ਗਿਆਨੀ ਜ਼ੈਲ ਸਿੰਘ ਕਾਲਜ, ਬਠਿੰਡਾ ਅਤੇ ਹੋਰ ਕਾਲਜਾਂ ਨੇ ਇਸ ਮੇਲੇ ਵਿੱਚ ਭਾਗ ਲਿਆ। ਐਮ.ਬੀ.ਏ., ਐਮ.ਕੌਮ. ਅਤੇ ਬੀ.ਬੀ.ਏ. ਦੇ 10 ਵਿਦਿਆਰਥੀ ਅਤੇ ਐਮ.ਸੀ.ਏ. ਅਤੇ ਬੀ.ਸੀ.ਏ. ਦੇ 8 ਵਿਦਿਆਰਥੀ ਨੂੰ ਵੱਖ ਵੱਖ ਕੰਪਨੀਆਂ ਵਲੋਂ ਨੌਕਰੀ ਲਈ ਚੁਣਿਆ ਗਿਆ।

ਇਸ ਮੌਕੇ ਪੀ.ਆਈ.ਟੀ., ਨੰਦਗੜ੍ਹ ਦੇ ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਨੌਕਰੀ ਮੇਲਾ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੇ ਲਈ ਆਈ.ਟੀ. ਉਦਯੋਗ ਅਤੇ ਬੈਂਕਿੰਗ ਸੈਕਟਰ ਵਿਚ ਪ੍ਰਵੇਸ਼ ਦਾ ਸੁਨਹਿਰੀ ਮੌਕਾ ਸੀ।

दैनिक भास्कर
बठिंडा, मंगलवार 26 मार्च, 2019 | 03

# 18 विद्यार्थी नौकरी के लिए चुने



रोजगार मेले में भाग लेते युवा एवं कंपनी के प्रतिनिधि।

**बठिंडा**|महाराजा रंजीत सिंह पंजाब टेक्निकल यूनिवर्सिटी के संस्थान पंजाब इंस्टीट्यूट आफ टेक्नोलॉजी नंदगढ़ में सोमवार को रोजगार मेला लगाया गया। बैंक आफ बड़ौदा, स्टेट बैंक आफ इंडिया, क्रेडिट कार्ड, बीनस एआई, आरबीएल बैंक आदि प्रमुख कंपनियों ने चुनाव प्रक्रिया में हिस्सा लिया। पंजाबी यूनिवर्सिटी कैंपस घुद्दा, ज्ञानी जैल सिंह कॉलेज बठिंडा समेत अन्य कॉलेजों के विद्यार्थियों ने इस मेले में भाग लिया। एमबीए, एमकॉम व बीबीए के 10 विद्यार्थी जबकि एमसीए व बीसीए के 8 विद्यार्थियों को विभिन्न कंपनियों ने नौकरी के लिए चुना। पीटीआई नंदगढ़ के डायरेक्टर डॉ. बलविंदर सिंह सिधू ने कहा कि यह नौकरी मेला ग्रामीण क्षेत्र के विद्यार्थियों के लिए आईटी उद्योग एवं बैंकिंग सेंटर में प्रवेश का सुनहरी मौका साबित हुआ। डॉ. वीरपाल कौर मान, डॉ. प्रीतपाल सिंह भुल्लर, इंजी. यादविंदर सिंह, निशा गुप्ता व मनप्रीत धालीवाल ने इस प्रोग्राम के आयोजन में अहम भूमिका निभाई।

# 2019-20



ਐਮ. ਆਰ. ਐਸ. ਪੀ. ਟੀ. ਯੂ. ਦੇ ਉਪ-ਕੁਲਪਤੀ, ਪ੍ਰੋਫੈਸਰ ਮੋਹਨ ਪਾਲ ਸਿੰਘ ਈਸ਼ਰ, ਜੀ. ਜ਼ੈਡ. ਐਸ. ਸੀ. ਸੀ. ਈ. ਟੀ. ਕੈਂਪਸ ਦੇ ਡਾਇਰੈਕਟਰ, ਡਾ: ਸਵੀਨਾ ਬਾਂਸਲ, ਯੂਨੀਵਰਸਿਟੀ ਰਜਿਸਟਰਾਰ, ਡਾ: ਆਸ਼ੀਸ਼ ਬਾਲਦੀ ਅਤੇ ਯੂਨੀਵਰਸਿਟੀ ਦੇ ਹੋਰ ਅਧਿਕਾਰੀ ਨੌਕਰੀ ਲਈ ਚੁਣੇ ਗਏ ਵਿਦਿਆਰਥੀਆਂ ਨਾਲ। ਤਸਵੀਰ: ਲਵਲੀ

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ 10 ਵਿਦਿਆਰਥੀਆਂ ਦੀ ਨੌਕਰੀ ਲਈ ਚੋਣ

ਬਠਿੰਡਾ, 18 ਫਰਵਰੀ (ਕੰਵਲਜੀਤ ਸਿੰਘ ਸਿੱਧੂ)-ਇਕ ਵਿਸ਼ੇਸ਼ ਪਲੇਸਮੈਂਟ ਮੁਹਿਮ ਤਹਿਤ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਲਗਭਗ 10 ਵਿਦਿਆਰਥੀਆਂ ਨੂੰ ਵੱਖ-ਵੱਖ ਮਸ਼ਹੂਰ ਕੰਪਨੀਆਂ ਦੁਆਰਾ ਨੌਕਰੀ ਲਈ ਚੁਣਿਆ ਗਿਆ ਹੈ। ਕੰਪਨੀਆਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧੀਆ ਪੈਕੇਜਾਂ ਦੀ ਪੇਸ਼ਕਸ਼ ਕੀਤੀ ਹੈ। ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ, ਜੋ ਕਿ ਗਤੀਸ਼ੀਲ ਅਤੇ ਨਿਰੰਤਰ ਵਧ ਰਹੀ ਕੰਪਨੀ ਹੈ ਨੇ ਕੈਂਪਸ ਕਨੈਕਟ ਪ੍ਰੋਗਰਾਮ ਰਾਹੀਂ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਜੀ.ਜ਼ੈਡ.ਐਸ.ਸੀ.ਸੀ.ਈ.ਟੀ.) ਦੇ ਵਿਦਿਆਰਥੀ ਮੁਕੇਸ਼ ਜਿੰਦਲ (ਬੀ. ਟੈਕ, ਸਿਵਲ ਇੰਜੀਨੀਅਰਿੰਗ) ਦੀ ਚੋਣ ਕੀਤੀ। ਕੰਪਨੀ ਨੇ ਲੋੜੀਂਦੀ ਸਿਖਲਾਈ ਤੋਂ ਬਾਅਦ ਮੁਕੇਸ਼ ਜਿੰਦਲ ਨੂੰ 10 ਲੱਖ ਰੁਪਏ ਸਾਲਾਨਾ ਪੈਕੇਜ ਦੀ ਪੇਸ਼ਕਸ਼ ਕੀਤੀ ਹੈ। ਜਦੋਂਕਿ ਲਕਦੀਪ (ਐਮ. ਬੀ. ਏ. ਦਾ ਵਿਦਿਆਰਥੀ) ਨੂੰ ਪਿਨਕਲਿੱਕ ਕੰਪਨੀ ਵਲੋਂ 5.16 ਲੱਖ ਸਾਲਾਨਾ ਪੈਕੇਜ 'ਚ ਰੱਖਿਆ ਗਿਆ ਹੈ। ਦੂਸਰੇ ਚੁਣੇ ਗਏ ਵਿਦਿਆਰਥੀਆਂ ਅਸ਼ੀਨ ਕੌਰ, ਸੰਜੇ ਗੋਇਲ (ਦੋਵੇਂ ਐਮ.ਬੀ.ਏ.), ਸਾਨੀਆ ਸ਼ਰਮਾ, ਤਨਿਆ ਗਰਗ, ਚਨਪ੍ਰੀਤ ਸਿੰਘ, ਮਯੰਕ ਗੋਇਲ (ਸਾਰੇ ਬੀ.ਟੈਕ ਸੀ.ਐੱਸ.ਈ.), ਪਲਕ (ਐਮ.ਸੀ.ਏ.) ਹਨ, ਜਿਨ੍ਹਾਂ ਨੂੰ ਵਧੀਆ ਪੈਕੇਜਾਂ 'ਤੇ ਐਜੂਕੇਸ਼ਨ ਕਲਚਰ ਪ੍ਰਾਈਵੇਟ ਲਿਮਟਿਡ ਵਲੋਂ ਚੁਣਿਆ ਗਿਆ ਹੈ। ਕੰਪਨੀਆਂ ਵਲੋਂ ਸਮੂਹ ਵਿਚਾਰ-ਵਟਾਂਦਰੇ, ਨਿੱਜੀ ਇੰਟਰਵਿਊ ਤੇ ਐਚ. ਆਰ. ਇੰਟਰਵਿਊ ਦੀ ਵਿਧੀ ਰਾਹੀਂ ਚੋਣ ਕੀਤੀ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ, ਐਮ. ਆਰ. ਐਸ. ਪੀ. ਟੀ. ਯੂ., ਉਪ ਕੁਲਪਤੀ, ਪ੍ਰੋ: (ਡਾ:) ਮੋਹਨ ਪਾਲ ਸਿੰਘ ਈਸ਼ਰ, ਜੀ. ਜ਼ੈਡ. ਐੱਸ. ਸੀ. ਸੀ. ਈ. ਟੀ. ਕੈਂਪਸ ਦੇ ਡਾਇਰੈਕਟਰ, ਡਾ: ਸਵੀਨਾ ਬਾਂਸਲ, ਯੂਨੀਵਰਸਿਟੀ ਰਜਿਸਟਰਾਰ, ਡਾ: ਆਸ਼ੀਸ਼ ਬਾਲਦੀ ਅਤੇ ਐਮ. ਆਰ. ਐਸ. ਪੀ. ਟੀ. ਯੂ., ਡਾਇਰੈਕਟਰ ਸਿਖਲਾਈ ਅਤੇ ਪਲੇਸਮੈਂਟ, ਹਰਜੋਤ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਪੰਜਾਬੀ ਜਾਗਰਣ ਜਲੰਧਰ 19 ਫਰਵਰੀ 2020

# ਵਿਦਿਆਰਥੀਆਂ ਨੂੰ ਵਧੀਆ ਪੈਕੇਜ ਨਾਲ ਚੁਣਿਆ

ਗੁਰਤੇਜ ਸਿੰਘ ਸਿੱਧੂ, ਬਠਿੰਡਾ



ਐਮਆਰਐਸਪੀਟੀਯੂ ਦੇ ਉਪ-ਕੁਲਪਤੀ ਪ੍ਰੋਫੈਸਰ ਮੋਹਨ ਪਾਲ ਸਿੰਘ ਈਸਰ, ਡਾਇਰੈਕਟਰ ਡਾ. ਸਵੀਨਾ ਬਾਂਸਲ ਤੇ ਚੁਣੇ ਗਏ ਵਿਦਿਆਰਥੀ।

**ਬੀਵਾਈਜੇਯੂਐਸ ਲਰਨਿੰਗ ਐਪ ਵਲੋਂ 10 ਲੱਖ ਪੈਕੇਜ ਦੀ ਪੇਸ਼ਕਸ਼, ਵਿਦਿਆਰਥੀਆਂ ਦੀ ਚੰਗੀ ਨੌਕਰੀ ਲਈ ਉਪਰਾਲੇ ਜਾਰੀ ਰਹਿਣਗੇ : ਸਿੱਧੂ**

ਇਕ ਵਿਸ਼ੇਸ਼ ਪਲੇਸਮੈਂਟ ਮੁਹਿੰਮ ਤਹਿਤ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਲਗਭਗ 10 ਵਿਦਿਆਰਥੀਆਂ ਨੂੰ ਪ੍ਰਸਿੱਧ ਕੰਪਨੀਆਂ ਦੁਆਰਾ ਨੌਕਰੀ ਲਈ ਚੁਣਿਆ ਗਿਆ ਹੈ। ਕੰਪਨੀਆਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਆਕਰਸ਼ਕ ਪੈਕੇਜਾਂ ਦੀ ਪੇਸ਼ਕਸ਼ ਕੀਤੀ ਹੈ। ਬੀਵਾਈਜੇਯੂਐਸ ਲਰਨਿੰਗ ਐਪ ਜੋ ਕਿ ਗਤੀਸ਼ੀਲ ਅਤੇ ਨਿਰੰਤਰ ਵਧ ਰਹੀ ਕੰਪਨੀ ਹੈ ਨੇ ਕੈਂਪਸ ਕਨੈਕਟ ਪ੍ਰੋਗਰਾਮ ਰਾਹੀਂ ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਹੋਣਹਾਰ ਵਿਦਿਆਰਥੀ ਮੁਕੇਸ਼ ਜਿੰਦਲ ਬੀਟੈਕ ਸਿਵਲ ਇੰਜੀਨੀਅਰਿੰਗ ਦੀ ਚੋਣ ਕੀਤੀ। ਕੰਪਨੀ ਨੇ ਲੋੜੀਂਦੀ ਸਿਖਲਾਈ ਤੋਂ ਬਾਅਦ ਮੁਕੇਸ਼ ਜਿੰਦਲ ਨੂੰ 10 ਲੱਖ ਰੁਪਏ ਸਾਲਾਨਾ ਪੈਕੇਜ ਦਿੱਤਾ ਜਾਵੇਗਾ, ਜਦੋਂ ਕਿ ਲਕਦੀਪ ਐੱਮਬੀਏ ਦਾ ਵਿਦਿਆਰਥੀ ਨੂੰ ਪਿੰਨਕਲਿੱਕ ਕੰਪਨੀ ਵਲੋਂ 5.16 ਲੱਖ ਸਾਲਾਨਾ ਪੈਕੇਜ ਵਿਚ ਰੱਖਿਆ ਗਿਆ ਹੈ। ਦੂਸਰੇ ਚੁਣੇ ਗਏ ਵਿਦਿਆਰਥੀਆਂ ਅਸੀਨ ਕੌਰ, ਸੰਜੇ ਗੋਇਲ ਦੋਵੇਂ ਐਮਬੀਏ, ਸਾਨੀਆ ਸ਼ਰਮਾ, ਤਨਿਆ ਗਰਗ, ਚਨਪ੍ਰੀਤ ਸਿੰਘ, ਮਯੰਕ ਗੋਇਲ ਸਾਰੇ ਬੀਟੈਕ ਸੀਐੱਸਈ, ਪਲਕ ਐੱਮਸੀਏ ਨੂੰ ਆਕਰਸ਼ਕ ਪੈਕੇਜਾਂ 'ਤੇ ਐਜੂਕੇਸ਼ਨ ਕਲਚਰ ਪ੍ਰਾਈਵੇਟ ਲਿਮਟਿਡ ਵਲੋਂ ਚੁਣਿਆ ਗਿਆ ਹੈ। ਕੰਪਨੀਆਂ ਵਲੋਂ ਸਮੂਹ ਵਿਚਾਰ-ਵਟਾਂਦਰੇ, ਨਿੱਜੀ ਇੰਟਰਵਿਊ ਅਤੇ ਐੱਚਆਰ ਇੰਟਰਵਿਊ ਦੀ ਵਿਧੀ ਰਾਹੀਂ ਚੋਣ ਕੀਤੀ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ, ਐੱਮਆਰਐੱਸਪੀਟੀਯੂ ਦੇ ਉਪ ਕੁਲਪਤੀ ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸਰ, ਜੀਜੈਡਐੱਸਸੀਸੀਈਟੀ ਕੈਂਪਸ ਦੇ ਡਾਇਰੈਕਟਰ ਡਾ. ਸਵੀਨਾ ਬਾਂਸਲ ਯੂਨੀਵਰਸਿਟੀ ਰਜਿਸਟਰਾਰ, ਡਾ. ਆਸੀਸ ਬਾਲਦੀ ਤੇ ਐੱਮਆਰਐੱਸਪੀਟੀਯੂ ਡਾਇਰੈਕਟਰ ਸਿਖਲਾਈ ਅਤੇ ਪਲੇਸਮੈਂਟ ਹਰਜੋਤ ਸਿੰਘ ਸਿੱਧੂ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਨੌਕਰੀ ਲਈ ਹੋਰ ਵੀ ਉਪਰਾਲੇ ਕੀਤੇ ਜਾਣਗੇ।

दैनिक जागरण लुधियाना/बठिंडा, 20 फरवरी 2020

समागम | जयपुर में हुए नार्थ जोन डिजाइन मुकाबले में ज्ञानी जैल सिंह स्कूल का शानदार प्रदर्शन

# हरमनदीप व करतार ने जीते विशेष पुरस्कार



नार्थ जोन डिजाइन मुकाबले ट्रांसपेयरेंस-2019 में पुरस्कार जीतने वाले एमआरएसपीटीयू के विद्यार्थी स्टाफ के साथ • जागरण

**कार्यक्रम**

- मुकाबले में जोन के 1000 से अधिक विद्यार्थियों ने लिया हिस्सा
- ज्ञानी जैल सिंह कैंपस कॉलेज के मुकेश को मिला 10 लाख का पैकेज

संस, बठिंडा : महाराजा रणजीत सिंह पंजाब टेक्निकल यूनिवर्सिटी के ज्ञानी जैल सिंह स्कूल ऑफ आर्किटेक्चर एंड प्लानिंग के बी आर्किटेक्चर विभाग के दो विद्यार्थी हरमनदीप सिंह व करतार सिंह ने जयपुर में हुए नार्थ जोन डिजाइन मुकाबले ट्रांसपेयरेंस 2019 में विशेष पुरस्कार जीते। सेंट गोबैन ग्लास इंडिया की ओर से ई थोस की साझेदारी से करवाए इस आयोजन में पूरे जोन के हजार से ज्यादा विद्यार्थियों ने भाग लिया।

ट्रांसपेयरेंस डिजाइन मुकाबले का विषय पर उत्तरी रेलवे के नई दिल्ली स्थित आनंद विहार जंक्शन स्टेशन का भविष्य के लिए तैयार रेल पोर्ट रखा गया। वरिष्ठ ज्यूरी मे संजीव टंडन, बिमल कचरू व तुषार सोगानी ने विजेता विद्यार्थियों की टीम को प्रशंसा पत्र दिए। टीम में विभाग की मुखी प्रो. जतिंदर कौर, फैकल्टी डिजाइन टीम डॉ. भूपिंदर पाल सिंह ढोट, अमनदीप कौर, मीनाक्षी शर्मा व विशाली परमार शामिल थे। एमआरएसपीटीयू में दस विद्यार्थियों का नामवर कंपनी में नौकरी के लिए चयन हुआ। बीवाईजेयूएस लर्निंग एप ने कैंपस कनेक्ट प्रोग्राम के जरिए ज्ञानी जैल सिंह कैंपस कॉलेज ऑफ इंजीनियरिंग एंड टेक्नालॉजी के बीटेक सिविल इंजीनियरिंग के विद्यार्थी मुकेश जिंदल का चुनाव किया। कंपनी ने उसे दस लाख का वार्षिक पैकेज की पेशकश की। एमबीए के लकदीप पिंनक्लिक कंपनी ने 5.16 लाख वार्षिक पैकेज के लिए चुना। इसके अलावा आशीन कौर, संजय गोयल, सानिया शर्मा, तान्या गर्ग, चनप्रीत सिंह, मयंक गोयल, फ्लक को एजुकेशन कल्चर प्राइवेट लिमिटेड द्वारा चुनाव किया गया। वीसी डॉ. मोहनपाल सिंह इशर ने विद्यार्थियों को टीम व विभाग के फैकल्टी मेंबरों की प्रशंसा की। कैंपस डायरेक्टर डॉ. सवीना बांसल, यूनिवर्सिटी के रजिस्ट्रार डॉ. आशीष बालदी विद्यार्थियों को बधाई दी।

ਪੰਜਾਬੀ ਜਾਗਰਣ ਜਲੰਧਰ 31 ਜਨਵਰੀ 2020

# ਐੱਮਆਰਐੱਸਪੀਟੀਯੂ 'ਚ ਪਲੇਸਮੈਂਟ ਮੁਹਿੰਮ ਸ਼ੁਰੂ

**ਸੀਨੀਅਰ ਸਟਾਫ਼ ਰਿਪੋਰਟਰ, ਬਠਿੰਡਾ** : ਬੀਵਾਈਜੇਯੂਐੱਸ ਲਰਨਿੰਗ ਐਪ ਵੱਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਵਿਖੇ ਚਾਹਵਾਨ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਸੰਯੁਕਤ ਪਲੇਸਮੈਂਟ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਵੱਖ-ਵੱਖ ਕਾਲਜਾਂ ਦੇ 350 ਤੋਂ ਵੀ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ 350 ਤੋਂ ਵੱਧ ਉਮੀਦਵਾਰਾਂ ਨੂੰ ਦੋ ਵੱਖ-ਵੱਖ ਪ੍ਰੋਫਾਈਲਾਂ ਦੇ ਤਹਿਤ ਰਜਿਸਟਰਡ ਕੀਤਾ ਗਿਆ।

ਵਿਦਿਆਰਥੀਆਂ ਦੀ ਚੋਣ ਵਿਧੀ ਵਿਚ ਸਮੂਹ ਵਿਚਾਰ ਵਟਾਂਦਰੇ, ਨਿੱਜੀ ਇੰਟਰਵਿਊ ਅਤੇ ਐਚਆਰ ਇੰਟਰਵਿਊ ਸਾਮਲ ਸਨ। ਥਿੰਕ ਐਂਡ ਲਰਨ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਮੈਨੇਜਰ ਪ੍ਰੀਸਤਿ ਕੋਛੜ ਨੇ ਉਮੀਦਵਾਰਾਂ ਨਾਲ ਵਿਚਾਰ ਵਟਾਂਦਰੇ ਕੀਤੇ ਤੇ ਸਾਰਟ ਲਿਸਟ ਕੀਤੇ ਗਏ ਵਿਦਿਆਰਥੀਆਂ ਦਾ ਇੰਟਰਵਿਊ ਲਿਆ। ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸਰ ਨੇ ਪ੍ਰੀਸਤਿ ਕੋਛੜ ਦਾ ਸਵਾਗਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਲਈ ਵਧੀਆ ਰੁਜ਼ਗਾਰ ਅਤੇ ਰੁਜਗਾਰ ਪ੍ਰਾਪਤੀ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਐੱਮਆਰਐੱਸਪੀਟੀਯੂ ਡਾਇਰੈਕਟਰ (ਸਿਖਲਾਈ ਅਤੇ ਪਲੇਸਮੈਂਟ) ਹਰਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਸਾਲ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਦੇ ਬੀ.ਟੈਕ ਦੇ 7 ਵਿਦਿਆਰਥੀਆਂ ਨੂੰ ਬੀਵਾਈਜੇਯੂਐਸ ਦੁਆਰਾ ਚੁਣਿਆ ਗਿਆ ਸੀ। ਕੰਪਨੀ ਨੇ ਆਕਰਸਕ 10 ਲੱਖ ਰੁਪਏ ਸਾਲਾਨਾ ਪੈਕੇਜ ਦਿੱਤੇ ਸਨ। ਇਸ ਮੌਕੇ ਇੰਜੀ: ਹਰਅੰਮ੍ਰਿਤਪਾਲ ਸਿੰਘ, ਇੰਜੀ: ਗਗਨਦੀਪ ਸਿੰਘ ਸੋਢੀ, ਇੰਜੀ:. ਸੁਖਜਿੰਦਰ ਸਿੰਘ, ਇੰਜੀ: ਨਵਦੀਪ ਖੀਵਾ ਅਤੇ ਮਿਸ ਅਨੰਤਦੀਪ ਕੌਰ ਨੇ ਇਸ ਮੁਹਿੰਮ ਦੀ ਸਫਲਤਾ ਲਈ ਸਰਗਰਮ ਭੂਮਿਕਾ ਨਿਭਾਈ।

ਰੋਜ਼ਾਨਾ ਸਪੋਕਸਮੈਨ ਸ਼ੁਕਰਵਾਰ, 31 ਜਨਵਰੀ 2020

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਵਿਸ਼ੇਸ਼ ਪਲੇਸਮੈਂਟ ਮੁਹਿਮ ਦੀ ਸ਼ੁਰੂਆਤ



ਬਠਿੰਡਾ, 30 ਜਨਵਰੀ (ਸੁਖਜਿੰਦਰ ਮਾਨ) : ਨਾਮਵਰ ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ ਵੱਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਖੇ ਅੱਜ ਚਾਹਵਾਨ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸੰਯੁਕਤ ਪਲੇਸਮੈਂਟ ਮੁਹਿਮ ਦੀ ਸ਼ੁਰੂਆਤ ਕੀਤੀ ਗਈ। ਵੱਖ-ਵੱਖ ਕਾਲਜਾਂ ਦੇ 350 ਤੋਂ ਵੀ ਵੱਧ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਇਸ ਮੁਹਿਮ ਵਿਚ ਹਿੱਸਾ ਲਿਆ। ਵਿਦਿਆਰਥੀਆਂ ਦੀ ਚੋਣ ਵਿਧੀ ਵਿੱਚ ਸਮੂਹ ਵਿਚਾਰ ਵਟਾਂਦਰੇ, ਨਿੱਜੀ ਇੰਟਰਵਿਊ ਅਤੇ ਐਚ.ਆਰ. ਇੰਟਰਵਿਊ ਸ਼ਾਮਲ ਸਨ, ਜੋ ਬੀ.ਵਾਈ.ਜੇ.ਯੂ.ਐਸ. ਲਰਨਿੰਗ ਐਪ ਦੀ ਟੀਮ ਦੁਆਰਾ ਕੀਤੇ ਜਾ ਰਹੇ ਹਨ। ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਸ੍ਰੀ ਪ੍ਰੀਸ਼ਿਤ ਕੋਛੜ ਦਾ ਸਵਾਗਤ ਕੀਤਾ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਯੂਨੀਵਰਸਿਟੀ ਦੇ ਡਾਇਰੈਕਟਰ (ਸਿਖਲਾਈ ਅਤੇ ਪਲੇਸਮੈਂਟ) ਹਰਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਬੀ.ਵਾਈ.ਜੇ.ਯੂ.ਐਸ. ਯੂਨੀਵਰਸਿਟੀ ਵਿਖੇ ਨਿਯਮਤ ਤੌਰ 'ਤੇ ਪਲੇਸਮੈਂਟ ਡਰਾਈਵ ਕਰਵਾਉਣ ਲਈ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਗਿਆਨੀ ਜ਼ੈਲ ਸਿੰਘ ਕਾਲਜ ਬਠਿੰਡਾ ਦੇ ਬੀ.ਟੈਕ ਦੇ 7 ਵਿਦਿਆਰਥੀਆਂ ਨੂੰ ਬੀ.ਵਾਈ.ਜੇ.ਯੂ.ਐਸ. ਦੁਆਰਾ ਚੁਣਿਆ ਗਿਆ ਸੀ।

# 2020-21

दैनिक भास्कर बठिंडा, शुक्रवार 05 मार्च, 2021 | 03

# महाराजा रंजीत सिंह पंजाब टेक्निकल यूनिवर्सिटी के 23 विद्यार्थियों का नामवर कंपनियों में चयन



बठिंडा| एक विशेष प्लेसमेंट मुहिम के तहत महाराजा रंजीत सिंह पंजाब टेक्निकल यूनिवर्सिटी के 23 विद्यार्थियों का नामवर कंपनियों ने नौकरी के लिए चयन किया जिन्हें सालाना आकर्षक पैकेज आफर किए गए। कंप्यूटर साइंस इंजीनियरिंग, इलेक्ट्रिकल इंजीनियरिंग व इलेक्ट्रॉनिक्स एंड कम्युनिकेशन इंजीनियरिंग विभाग के विद्यार्थियों को कोलैबेरा, नोएडा व अरूविक इंजीनियर्स प्रा.लि. कंपनियों में नौकरी के लिए चुना गया। कोलैबेरा कंपनी ने अनिकेत जैन, प्रिया कुमारी, अभिजीत वत्स, सतिंदर नाथ झा, कीर्ति राज, आयुषी शर्मा, प्रियंका, अनुग्रह प्रताप सिंह, साहिल वर्मा, खुश्बू गर्ग, धीरज छाबड़ा, रीतिका पाल, हर्ष राज, नितिन वर्मार, सुमित त्रिपाठी, विभूति वर्मा व सुशील प्रधान का 2.75 से 3 लाख रुपए सालाना पैकेज पर चुनाव किया गया। वहीं टरूविक इंजीनियर्स प्रा.लि. ने अंकित कुमार शुक्ला, अजीत यादव, अनुग्रह प्रताप सिंह, अनिकेत जैन, शुभम सेतिया व चंदन कुमार को 2 लाख रुपए सालाना पैकेज पर चुना गया। वीसी प्रो. बूटा सिंह, जीजेडएससीसीईटी कैंपस डायरेक्टर डॉ. सवीना बांसल व रजिस्ट्रार डॉ. गुरिंदर पाल सिंह बराड़ ने विद्यार्थियों को बधाई दी।

ਅਜੀਤ
ਬੁੱਧਵਾਰ, 3 ਮਾਰਚ, 2021

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ 23 ਵਿਦਿਆਰਥੀਆਂ ਦੀ ਪ੍ਰਸਿੱਧ ਕੰਪਨੀਆਂ ਵਲੋਂ ਆਕਰਸ਼ਿਕ ਪੈਕੇਜਾਂ ਨਾਲ ਚੋਣ



ਐੱਮ.ਆਰ.ਐੱਸ.ਪੀ.ਟੀ.ਯੂ. ਦੇ ਉਪ ਕੁਲਪਤੀ ਪ੍ਰੋਫ਼ੈਸਰ (ਡਾ.) ਬੂਟਾ ਸਿੰਘ ਸਿੱਧੂ ਅਤੇ ਯੂਨੀਵਰਸਿਟੀ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਚੁਣੇ ਗਏ ਵਿਦਿਆਰਥੀ। ਤਸਵੀਰ : ਲਵਲੀ

ਬਠਿੰਡਾ, 2 ਮਾਰਚ (ਕੰਵਲਜੀਤ ਸਿੰਘ ਸਿੱਧੂ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ 23 ਵਿਦਿਆਰਥੀਆਂ ਨੂੰ ਨਾਮੀ ਕੰਪਨੀਆਂ ਵਲੋਂ ਭਰਤੀ ਲਈ ਚੁਣਿਆ ਗਿਆ ਹੈ। ਕੰਪਨੀਆਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਸਾਲਾਨਾ ਆਕਰਸ਼ਕ ਪੈਕੇਜ ਪੇਸ਼ ਕੀਤੇ ਹਨ। ਕੰਪਿਊਟਰ ਸਾਇੰਸ ਇੰਜੀਨੀਅਰਿੰਗ (ਸੀ.ਐੱਸ.ਈ.), ਇਲੈਕਟ੍ਰੀਕਲ ਇੰਜੀਨੀਅਰਿੰਗ (ਈ.ਈ.) ਅਤੇ ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ (ਈ.ਸੀ.ਈ.) ਵਿਭਾਗ ਦੇ ਵਿਦਿਆਰਥੀਆਂ ਨੂੰ ਕੋਲੈਬੇਰਾ, ਨੋਇਡਾ ਅਤੇ ਟਰੂਵਿਕ ਇੰਜੀਨੀਅਰਜ਼ ਪ੍ਰਾਈਵੇਟ ਲਿਮਟਿਡ ਨਾਮਵਰ ਕੰਪਨੀਆਂ ਵਲੋਂ ਭਰਤੀ ਕੀਤਾ ਗਿਆ ਹੈ। ਚੋਣ ਪ੍ਰਕਿਰਿਆ ਵਿਚ ਯੋਗਤਾ ਟੈੱਸਟ ਤੋਂ ਬਾਅਦ ਇੰਟਰਵਿਊ ਰਾਹੀਂ ਯੋਗ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। ਵੱਕਾਰੀ ਕੋਲੈਬੇਰਾ ਕੰਪਨੀ ਨੇ ਅਨਿਕੇਤ ਜੈਨ, ਪ੍ਰਿਆ ਕੁਮਾਰੀ, ਅਭਿਜੀਤ ਵਤਸਾ, ਸਤੀਇੰਦਰ ਨਾਥ ਝਾਅ, ਕੀਰਤੀ ਰਾਜ, ਆਯੂਸ਼ੀ ਸਰਮਾ, ਪ੍ਰਿਯੰਕਾ, ਅਨੁਗ੍ਰਹ ਪ੍ਰਤਾਪ ਸਿੰਘ, ਸਾਹਿਲ ਵਰਮਾ, ਖ਼ੁਸ਼ਬੂ ਗਰਗ, ਧੀਰਜ ਛਾਬੜਾ, ਗੀਤਿਕਾ ਪਾਲ, ਹਰਸ਼ ਰਾਜ, ਨਿਤਿਨ ਵਰਮਾ, ਸੁਮਿਤ ਤ੍ਰਿਪਾਠੀ, ਵਿਭੂਤੀ ਵਰਮਾ ਅਤੇ ਸੁਸ਼ੀਲ ਪ੍ਰਧਾਨ ਦੀ 2.75 ਤੋਂ 3 ਲੱਖ ਰੁਪਏ ਪ੍ਰਤੀ ਸਾਲ ਦੇ ਪੈਕੇਜ ਨਾਲ ਚੋਣ ਕੀਤੀ ਗਈ ਹੈ। ਜਦੋਂ ਕਿ ਟਰੂਵਿਕ ਇੰਜੀਨੀਅਰਜ਼ ਪ੍ਰਾਈਵੇਟ ਲਿਮਟਿਡ ਨੇ ਅੰਕਿਤ ਕੁਮਾਰ ਸ਼ੁਕਲਾ, ਅਜੀਤ ਯਾਦਵ, ਅਨੁਗ੍ਰਹ ਪ੍ਰਤਾਪ ਸਿੰਘ, ਅਨਿਕਤ ਜੈਨ, ਸ਼ੁਭਮ ਸੇਤੀਆ ਅਤੇ ਚੰਦਨ ਕੁਮਾਰ ਨੂੰ 2 ਲੱਖ ਰੁਪਏ ਪ੍ਰਤੀ ਸਾਲ ਦੇ ਪੈਕੇਜ ਨਾਲ ਚੁਣਿਆ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੰਦੇ ਹੋਏ, ਐਮ.ਆਰ.ਐੱਸ.ਪੀ.ਟੀ.ਯੂ., ਉਪ ਕੁਲਪਤੀ, ਪ੍ਰੋ: ਬੂਟਾ ਸਿੰਘ ਸਿੱਧੂ, ਜੀ.ਜ਼ੈਡ.ਐੱਸ.ਸੀ.ਸੀ.ਈ.ਟੀ. ਕੈਂਪਸ ਦੇ ਡਾਇਰੈਕਟਰ, ਡਾ: ਸਵੀਨਾ ਬਾਂਸਲ ਅਤੇ ਯੂਨੀਵਰਸਿਟੀ ਰਜਿਸਟਰਾਰ, ਡਾ: ਗੁਰਿੰਦਰ ਪਾਲ ਸਿੰਘ ਬਰਾੜ ਨੇ ਕੈਂਪਸ ਦੇ ਵਿਦਿਆਰਥੀਆਂ ਦੀ ਯੋਗਤਾ ਅਤੇ ਸਮਰਥਾ ਨੂੰ ਪਛਾਣ ਕੇ ਇਨ੍ਹਾਂ ਪ੍ਰਮੁੱਖ ਕੰਪਨੀਆਂ ਵਲੋਂ ਉਨ੍ਹਾਂ ਦੀ ਚੋਣ ਕਰਨ 'ਤੇ ਭਾਰੀ ਖੁਸ਼ੀ ਅਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਉਨ੍ਹਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਧੀਆ ਰੁਜ਼ਗਾਰ ਅਤੇ ਰੁਜ਼ਗਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਚੁਣੇਂ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਫਲ ਸੇਵਾ ਕੈਰੀਅਰ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਡਾਇਰੈਕਟਰ, ਟਰੇਨਿੰਗ ਅਤੇ ਪਲੇਸਮੈਂਟ- ਹਰਜੋਤ ਸਿੰਘ ਸਿੱਧੂ, ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ ਰਾਜੇਸ਼ ਗੁਪਤਾ, ਸੀ.ਐੱਸ.ਈ. ਵਿਭਾਗ ਦੇ ਮੁਖੀ- ਡਾ: ਦਿਨੇਸ਼ ਕੁਮਾਰ, ਈ.ਸੀ.ਈ. ਵਿਭਾਗ ਦੇ ਮੁਖੀ, ਡਾ: ਨੀਰਜ ਗਿੱਲ, ਈ.ਈ. ਵਿਭਾਗ ਦੇ ਮੁਖੀ, ਡਾ: ਸਰਬਜੀਤ ਕੌਰ ਬਾਠ ਨੇ ਵੀ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਪਲੇਸਮੈਂਟ ਸਲਾਹਕਾਰਾਂ ਹਰਅਮ੍ਰਿਤਪਾਲ ਸਿੰਘ, ਮਨਪ੍ਰੀਤ ਕੌਰ, ਗਗਨਦੀਪ ਸੋਢੀ ਅਤੇ ਸੁਨੀਤਾ ਕੋਤਵਾਲ ਨੇ ਪਲੇਸਮੈਂਟ ਡਰਾਈਵ ਵਿਚ ਅਹਿਮ ਭੂਮਿਕਾ ਨਿਭਾਈ।

# EXTRA-CURRICULAR ACTIVITIES

# News Compilation

2018-21

# 2018-19

ਜਗ ਬਾਣੀ TUESDAY • 2.4.2019

# ਸਾਲਾਨਾ ਟੈਕਨੋ-ਲਿਟਰੇਰੀ ਫੈਸਟ 'ਸੰਰਚਨਾ-2019' ਦਾ ਆਯੋਜਨ

ਬਠਿੰਡਾ, 1 ਅਪ੍ਰੈਲ (ਵਰਮਾ)-ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਦੀ ਐਸੋਸੀਏਸ਼ਨ ਆਫ ਸਿਵਲ ਇੰਜੀਨੀਅਰਿੰਗ ਸਟੂਡੈਂਟਸ (ਏ. ਸੀ. ਈ. ਐੱਸ.) ਵਲੋਂ ਸਾਲਾਨਾ ਟੈਕਨੋ-ਲਿਟਰੇਰੀ ਫੈਸਟ 'ਸੰਰਚਨਾ-2019' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮੇਲੇ 'ਚ ਸਿਵਲ ਵਿਭਾਗ ਦੇ 200 ਤੋਂ ਵੱਧ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੇ ਹਿੱਸਾ ਲਿਆ।

ਇਹ ਫੈਸਟੀਵਲ ਵੱਖ-ਵੱਖ ਤਕਨੀਕੀ ਮੁਕਾਬਲਿਆਂ, ਪ੍ਰਤਿਭਾ ਅਨੁਕੂਲ ਪ੍ਰਦਰਸ਼ਨ ਅਤੇ ਸਾਹਿਤਕ ਮੁਕਾਬਲਿਆਂ ਦਾ ਸੁਮੇਲ ਸੀ। ਇਸ ਮੌਕੇ ਮੁੱਖ ਮਹਿਮਾਨ ਇੰਜੀ. ਸੰਦੀਪ ਡਾਂਗਰਾ, ਅਸਿਸਟੈਂਟ ਡਿਵੀਜ਼ਨਲ ਇੰਜੀਨੀਅਰ ਹਨੂਮਾਨਗੜ੍ਹ (ਭਾਰਤੀ ਰੇਲਵੇ ਸਰਵਿਸਿਜ਼), ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ, ਡਾ. ਮਨਜੀਤ ਬਾਂਸਲ ਅਤੇ ਹਾਜ਼ਰ ਸ਼ਖਸੀਅਤਾਂ ਨੇ ਸ਼ਮ੍ਹਾ ਰੌਸ਼ਨ ਕਰ ਕੇ ਮੇਲੇ ਦਾ ਉਦਘਾਟਨ ਕੀਤਾ।



ਸਾਲਾਨਾ ਟੈਕਨੋ-ਲਿਟਰੇਰੀ ਫੈਸਟ 'ਸੰਰਚਨਾ-2019' ਦਾ ਦ੍ਰਿਸ਼।

ਆਪਣੇ ਪ੍ਰੇਰਣਾਦਾਇਕ ਭਾਸ਼ਣਾਂ ਵਿਚ ਨੌਜਵਾਨਾਂ ਦੇ ਦਿਮਾਗਾਂ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਨਿਖਾਰਨ ਲਈ ਅਜਿਹੇ ਤਕਨੀਕੀ-ਸੱਭਿਆਚਾਰਕ ਸਮਾਗਮਾਂ ਦੇ ਯੋਗਦਾਨ ਬਾਰੇ ਚਾਨਣਾ ਪਾਉਂਦੇ ਹੋਏ ਇੰਜੀ. ਡਾਂਗਰਾ ਨੇ ਵਿਦਿਆਰਥੀਆਂ ਨੂੰ ਸਮੁੱਚੇ ਵਿਕਾਸ ਲਈ ਸਹਿ-ਪਾਠਕ੍ਰਮ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰੋ. ਮਨਜੀਤ ਬਾਂਸਲ ਨੇ ਸਿਵਲ ਇੰਜਨੀਅਰਿੰਗ ਵਿਭਾਗ ਦੀਆਂ ਪ੍ਰਾਪਤੀਆਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ। ਆਖਿਰ 'ਚ ਮੁੱਖ ਮਹਿਮਾਨ ਅਤੇ ਹੋਰ ਸ਼ਖਸੀਅਤਾਂ ਨੇ ਜੇਤੂਆਂ ਨੂੰ ਪੁਰਸਕਾਰ ਦਿੱਤੇ।

ਪ੍ਰੋਗਰਾਮ ਦੇ ਕੋ-ਕੋਆਰਡੀਨੇਟਰ ਇੰਜੀ. ਸੁਨੀਤਾ ਕੋਤਵਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਵੱਖ-ਵੱਖ ਸ਼੍ਰੇਣੀਆਂ ਦੇ ਜੇਤੂਆਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

- **ਤਕਨੀਕੀ ਕੁਇੱਜ਼** : ਨਿਖਿਲ ਲਾਕਰਾ ਨੂੰ ਪਹਿਲਾ ਸਥਾਨ, ਜਦਕਿ ਪ੍ਰਿਯਾਂਸ਼ੂ ਰੰਜਨ ਨੂੰ ਦੂਜਾ ਸਥਾਨ ਮਿਲਿਆ।
- **ਤਕਨੀਕੀ ਪੇਪਰ ਪੇਸ਼ਕਾਰੀ** : ਹਿਮਾਂਸ਼ੂ ਗਰਗ ਨੇ ਪਹਿਲਾ ਸਥਾਨ, ਜਦਕਿ ਸੌਰਭ ਕੁਮਾਰ ਅਤੇ ਪ੍ਰਹਿਲਾਦ ਕੁਮਾਰ ਨੇ ਸਾਂਝੇ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- **ਸਿਵਲ ਇੰਜੀਨੀਅਰਿੰਗ- 'ਉਦੋਂ ਅਤੇ ਹੁਣ'** : ਚੰਨੂ ਕੁਮਾਰ ਨੇ ਪਹਿਲਾ ਅਤੇ ਪ੍ਰਿਯਾਂਸ਼ੂ ਰੰਜਨ ਨੇ ਦੂਜਾ ਸਥਾਨ ਹਾਸਲ ਕੀਤਾ।
- **ਕੈਡ ਵਾਰ** : ਲਵਿਸ਼ ਗਰਗ ਜੇਤੂ ਰਿਹਾ ਅਤੇ ਹਿਮਾਂਸ਼ੂ ਗਰਗ ਨੇ ਦੂਜਾ ਸਥਾਨ ਹਾਸਲ ਕੀਤਾ।
- ਕਈ ਹੋਰ ਪ੍ਰੋਗਰਾਮ ਜਿਵੇਂ ਕਿ ਡੀਬੇਟ, ਕਾਸਟ-ਇਟ-ਫਾਸਟ, ਖ੍ਰਿਜ-ਓ-ਮੇਨੀਆ ਆਦਿ ਵੀ ਕਰਵਾਏ ਗਏ।

ਰੋਜ਼ਾਨਾ ਸਪੋਕਸਮੈਨ ਮੰਗਲਵਾਰ, 2 ਅਪ੍ਰੈਲ 2019

# ਗਿਆਨੀ ਜ਼ੈਲ ਸਿੰਘ ਕਾਲਜ 'ਚ ਸਾਲਾਨਾ ਪ੍ਰੋਗਰਾਮ



**ਬਠਿੰਡਾ, 1 ਅਪ੍ਰੈਲ (ਸੁਖਜਿੰਦਰ ਮਾਨ)** : ਸਥਾਨਕ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਦੀ ਐਸੋਸੀਏਸ਼ਨ ਆਫ਼ ਸਿਵਲ ਇੰਜੀਨੀਅਰਿੰਗ ਸਟੂਡੈਂਟਸ (ਏ.ਸੀ.ਈ.ਐਸ.)ਵਲੋਂ ਸਾਲਾਨਾ ਟੈਕਨੋ-ਲਿਟਰੇਰੀ ਫ਼ੈਸਟ "ਸਨਰਚਨਾ -201" ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮੇਲੇ ਵਿਚ ਸਿਵਲ ਵਿਭਾਗ ਦੇ 200 ਤੋਂ ਵੱਧ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁੱਖ ਮਹਿਮਾਨ ਇੰਜ. ਸੰਦੀਪ ਡਾਂਗਰਾ, ਅਸਿਸਟੈਂਟ ਡਿਵੀਜ਼ਨਲ ਇੰਜੀਨੀਅਰ ਹਨੂੰਮਾਨਗੜ੍ਹ (ਭਾਰਤੀ ਰੇਲਵੇ ਸਰਵਿਸਿਜ਼), ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ, ਡਾ. ਮਨਜੀਤ ਬਾਂਸਲ ਅਤੇ ਹਾਜ਼ਰ ਸ਼ਖ਼ਸੀਅਤਾਂ ਨੇ ਸ਼ਮਾ ਰੌਸ਼ਨ ਕਰ ਕੇ ਮੇਲੇ ਦਾ ਉਦਘਾਟਨ ਕੀਤਾ। ਪ੍ਰੋ. ਮਨਜੀਤ ਬਾਂਸਲ ਨੇ ਸਿਵਲ ਇੰਜਨੀਅਰਿੰਗ ਵਿਭਾਗ ਦੀਆਂ ਪ੍ਰਾਪਤੀਆਂ ਦਾ ਵਿਸ਼ਥਾਰ ਵਿਚ ਜ਼ਿਕਰ ਕੀਤਾ। ਆਖਿਰ ਵਿੱਚ ਮੁੱਖ ਮਹਿਮਾਨ ਅਤੇ ਹੋਰ ਸ਼ਖਸ਼ੀਅਤਾਂ ਨੇ ਜੇਤੂਆਂ ਨੂੰ ਪੁਰਸਕਾਰ ਦਿਤੇ।

4 दैनिक जागरण लुधियाना/बठिंडा, 2 अप्रैल 2019

# क्विज प्रतियोगिता में निखिल लाकरा प्रथम स्थान पर

**संस, बठिंडा :** महाराजा रणजीत सिंह पंजाब टेक्निकल यूनिवर्सिटी की एसोसिएशन ऑफ सिविल इंजीनियरिंग स्टूडेंट्स की ओर से वार्षिक लिटरेरी फेस्ट पर शानदार आयोजन किया गया। इस मेले में सिविल विभाग के 200 से ज्यादा अंडर ग्रेजुएट व पोस्ट ग्रेजुएट विद्यार्थियों ने हिस्सा लिया।

इस दौरान मुख्य मेहमान असिस्टेंट डिवीजनल इंजीनियरिंग हनुमानगढ़ भारतीय रेल सर्विसेज संदीप डांगरा व सिविल इंजीनियरिंग विभाग के मुखी डॉ मनजीत बांसल पहुंचे। इस दौरान विभिन्न मुकाबलों में प्रतिभा, प्रदर्शन व साहित्क मुकाबले करवाए गए। मुकाबलों में तकनीकी ज्ञान में निखिल लाकरा पहला व प्रियाशु रंजन ने दूसरा, तकनीकी पेपर पेशकारी में हिमांशु गर्ग ने पहला व सौरभ कुमार ने दूसरा, सिविल इंजीनियरिंग में चुन्नू कुमार ने पहला व प्रियांशु रंजन ने दूसरा और कैड वार में लविश गर्ग ने पहला व हिमांशु गर्ग ने दूसरा स्थान हासिल किया।



बठिंडा के ज्ञानी जैल सिंह कॉलेज में करवाए गए मुकाबलों के दौरान विजेता विद्यार्थी स्टाफ के साथ • जागरण

दैनिक भास्कर

बठिंडा, रविवार 02 दिसंबर, 2018 | 04

# महाराजा रंजीत सिंह यूनिवर्सिटी ने इंटर कॉलेज हैंडबॉल टूर्नामेंट जीता

## प्रभजोत कौर ने किए टूर्नामेंट में सबसे अधिक गोल, बेस्ट खिलाड़ी का मिला खिलाब

भास्कर संवाददाता | बठिंडा

महाराजा रंजीत सिंह पंजाब टेक्निकल यूनिवर्सिटी (एमआरएसपीटीयू) के मुख्य कैंपस में आयोजित इंटर कालेज हैंडबाल टूर्नामेंट (गर्ल्स) 2018-19 में होस्ट यूनिवर्सिटी टीम ने 3-2 के अंतर से मैच जीतकर प्रथम स्थान हासिल कर गोल्ड जीता। दूसरे स्थान पर मोगा के एल्पाइन इंस्टीट्यूट ऑफ इंफरमेशन टेक्नालॉजी (एआईआईटी) ने टूर्नामेंट में फाइनल में पहुंचकर सिल्वर मेडल हासिल किया। जबकि बाबा फरीद कालेज आफ इंजीनियरिंग एंड टेक्नालॉजी (बीएफसीईटी) दियोण की टीम ने तीसरे स्थान पर रहते हुए ब्रांज मेडल जीता। टूर्नामेंट समाप्ति के अवसर पर आयोजित कार्यक्रम में मुख्य मेहमान के तौर पर महाराज रंजीत सिंह पंजाब टेक्नीकल यूनिवर्सिटी की डीन (रिसर्च एंड डिवेलपमेंट) प्रो. सवीना बांसल, डायरेक्टर स्पोटर्स एंड यूथ वेलफेयर प्रो. भूपिंदरपाल सिंह धोत तथा अस्सिटेंट डायरेक्टर स्पोटर्स ई. सिकंदर सिंह सिद्धू ने विजेताओं को सम्मानित किया।



विजेता होस्ट यूनिवर्सिटी टीम के साथ डीन प्रो. सवीना बांसल व अन्य।

टूर्नामेंट में बेहतर खेल दिखाने के लिए प्रभजोत कौर को बेहतर खिलाड़ी रहने पर सम्मान किया गया। उन्होंने टूर्नामेंट में सबसे अधिक गोल करने का रिकॉर्ड अपने नाम किया। वहीं टीम की दूसरी खिलाड़ी राजवीर कौर तथा गोलकीपर खनक अरोध्यिा ने बेहतर खेल के दम पर विरोधी टीम को कई गोल करने से रोका। टूर्नामेंट का उद्घाटन (एमआरएसपीटीयू) वाइस चांसलर प्रो. मोहनपाल सिंह इशर ने किया। उनके साथ यूनिवर्सिटी रजिस्ट्रार डा. जसबीर सिंह हुंदल तथा डायरेक्टर स्पोटर्स एंड यूथ वेलफेयर प्रो. भूपिंदरपाल सिंह धोत भी मौजूद थे। प्रथम मैच में होस्ट यूनिवर्सिटी टीम ने बाबा फरीद कालेज की टीम को बड़े अंतर से हराया। वहीं एल्पाइन इंस्टीट्यूट ने केसीटीसीईटी, फतेहगढ़ की टीम को हराया जबकि बाबा फरीद तथा एल्पाइन इंस्टीट्यूट के मैच में कड़ा मुकाबला रहा तथा दोनों टीमों का मैच 1-1 से ड्रा रहा।

ਰੋਜ਼ਾਨਾ ਸਪੋਕਸਮੈਨ ਸਨਿਚਰਵਾਰ, 23 ਫ਼ਰਵਰੀ 2019

# ਕ੍ਰਿਕਟ ਅਤੇ ਵਾਲੀਬਾਲ ਟੂਰਨਾਮੈਂਟ ਜਿੱਤਿਆ



ਬਠਿੰਡਾ, 22 ਫ਼ਰਵਰੀ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਐਮਆਰਪੀਟੀਯੂ) ਬਠਿੰਡਾ ਵਿਖੇ ਇਕ ਇੰਟਰ ਕਾਲਜ ਕ੍ਰਿਕੇਟ ਟੂਰਨਾਮੈਂਟ (ਪੁਰਸ਼) ਅਤੇ ਇੰਟਰ-ਕਾਲਜ ਵਾਲੀਬਾਲ (ਪੁਰਸ਼/ਮਹਿਲਾ) ਮੁਕਾਬਲਾ 2018-19 ਦਾ ਆਯੋਜਨ ਕੀਤਾ ਗਿਆ ਸੀ।। ਜਿਸ ਵਿਚ ਮੇਜ਼ਬਾਨ ਐਮਆਰਪੀਟੀਯੂ ਕੈਂਪਸ ਟੀਮ ਨੇ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਦੀਨ (ਬਠਿੰਡਾ) ਨੂੰ 66 ਦੌੜਾਂ ਨਾਲ ਹਰਾਇਆ. ਪੀ.ਆਈ.ਟੀ., ਮੋਗਾ ਨੇ ਬੀਜੀਸੀ, ਸਰਦੂਲਗੜ੍ਹ ਨੂੰ ਹਰਾ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਪਹਿਲਾਂ, ਟੂਰਨਾਮੈਂਟ ਦਾ ਉਦਘਾਟਨ ਐਮਆਰਪੀਟੀਯੂ ਦੇ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਵਲੋਂ ਰਜਿਸਟਰਾਰ ਡਾ ਜਸਬੀਰ ਸਿੰਘ ਹੁੰਦਲ ਅਤੇ ਖੇਡ ਅਤੇ ਯੁਵਾ ਭਲਾਈ ਦੇ ਡਾਇਰੈਕਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਕੀਤਾ। ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਡਾ. ਜਸਬੀਰ ਸਿੰਘ ਹੁੰਦਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਯੂਨੀਵਰਸਿਟੀ ਦੇ ਖੇਡ ਵਿਭਾਗ ਦੇ ਯਤਨਾ ਦੀ ਵੀ ਸ਼ਲਾਘਾ ਕੀਤੀ।

ਪੰਜਾਬੀ ਜਾਗਰਣ ਜਲੰਧਰ 23 ਫਰਵਰੀ 2019

# ਯੂਨੀਵਰਸਿਟੀ ਨੇ ਜਿੱਤਿਆ ਕ੍ਰਿਕਟ ਟੂਰਨਾਮੈਂਟ




ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਕ੍ਰਿਕੇਟ ਟੀਮ ਮਹਿਮਾਨਾਂ ਨਾਲ।

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟ ਵਿਖੇ ਇੰਟਰ ਕਾਲਜ ਕ੍ਰਿਕੇਟ ਟੂਰਨਾਮੈਂਟ ਪੁਰਸ਼ ਤੇ ਇੰਟਰ-ਕਾਲਜ ਵਾਲੀਬਾਲ ਪੁਰਸ਼, ਮਹਿਲਾ 2018-19 ਮੁਕਾਬਲੇ ਕਰਵਾਏ ਗਏ। ਅੰਤਰ-ਕਾਲਜ ਕ੍ਰਿਕੇਟ ਟੂਰਨਾਮੈਂਟ ਵਿਚ ਮੇਜ਼ਬਾਨ ਐੱਮਆਰਐੱਸ ਪੀਟੀਯੂ ਕੈਂਪਸ ਟੀਮ ਨੇ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦਿਉਣ ਨੂੰ 66 ਦੌੜਾਂ ਨਾਲ ਹਰਾਇਆ। ਜਦੋਂਕਿ ਪੰਜਾਬ ਇੰਸਟੀਚਿਊਟ ਆਫ ਟੈਕਨੋਲੋਜੀ ਮੋਗਾ ਨੇ ਬੀਜੀਸੀ, ਸਰਦੂਲਗੜ੍ਹ ਨੂੰ ਹਰਾ ਕੇ ਤੀਜਾ ਸਥਾਨ ਪ੍ਰਾਪਤ ਕੀਤਾ।

ਟੂਰਨਾਮੈਂਟ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ, ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਤੇ ਖੇਡ ਤੇ ਯੁਵਾ ਭਲਾਈ ਦੇ ਡਾਇਰੈਕਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਕੀਤਾ। ਇਸ ਤੋਂ ਪਹਿਲੇ ਮੈਚਾਂ 'ਚ ਪੰਜਾਬ ਇੰਸਟੀਚਿਊਟ ਆਫ ਟੈਕਨੋਲੋਜੀ ਮੋਗਾ ਨੇ ਸਖ਼ਤ ਮੁਕਾਬਲੇ ਵਿਚ ਪੀਆਈਟੀ ਰਾਜਪੁਰਾ ਦੀ ਟੀਮ ਨੂੰ ਇਕ ਦੌੜ ਨਾਲ ਹਰਾਇਆ। ਜਦਕਿ ਇਕ ਹੋਰ ਮੈਚ ਵਿਚ ਐੱਮਆਰਐੱਸ ਪੀਟੀਯੂ ਦੀ ਟੀਮ ਨੇ ਬੀਜੀਸੀ, ਸਰਦੂਲਗੜ੍ਹ ਨੂੰ 160 ਦੌੜਾਂ ਨਾਲ ਹਰਾਇਆ। ਇਸੇ ਤਰ੍ਹਾਂ ਪੀਆਈਟੀ ਮੋਗਾ ਨੇ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦਿਉਣ ਨੂੰ 32 ਦੌੜਾਂ ਨਾਲ ਹਰਾਇਆ। ਇਸੇ ਤਰ੍ਹਾਂ ਵਾਲੀਬਾਲ ਪੁਰਸ਼ ਵਰਗ ਵਿਚ, ਮੇਜ਼ਬਾਨ ਐੱਮਆਰਐੱਸ ਪੀਟੀਯੂ ਨੇ ਸੋਨੇ ਦਾ ਤਗਮਾ ਜਿੱਤਿਆ ਤੇ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਤੇ ਟੈਕਨੋਲੋਜੀ ਦਿਉਣ ਨੇ ਚਾਂਦੀ ਤਗਮਾ ਜਿੱਤਿਆ ਤੇ ਪੰਜਾਬ ਇੰਸਟੀਚਿਊਟ ਆਫ ਟੈਕਨੋਲੋਜੀ ਮੋਗਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵਾਲੀਬਾਲ ਮਹਿਲਾ ਵਰਗ ਵਿਚ ਮੇਜ਼ਬਾਨ ਐੱਮਆਰਐੱਸ ਪੀਟੀਯੂ. ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਅਲਪਾਈਨ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ ਰੋਡੇ (ਮੋਗਾ) ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਤੇ ਟੈਕਨੋਲੋਜੀ ਦਿਉਣ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਤੇ ਡਾ. ਜਸਬੀਰ ਸਿੰਘ ਹੁੰਦਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਯੂਨੀਵਰਸਿਟੀ ਦੇ ਖੇਡ ਵਿਭਾਗ ਦੇ ਯਤਨਾਂ ਦੀ ਵੀ ਸ਼ਲਾਘਾ ਕੀਤਾ।

दैनिक जागरण लुधियाना/बठिंडा, 23 फरवरी 2019

# इंटर कॉलेज क्रिकेट-वालीबॉल मुकाबले करवाए



संस, बठिंडा : महाराजा रणजीत सिंह पंजाब टेक्निकल यूनिवर्सिटी में इंटर कॉलेज क्रिकेट टूर्नामेंट व इंटर कॉलेज वालीबॉल का आयोजन किया गया। इस आयोजन की शुरूआत वाइस चांसलर प्रो. मोहन पाल इशर की ओर से की गई। इस टूर्नामेंट में बाबा फरीद कॉलेज ऑफ इंजीनियरिंग एंड टेक्नोलॉजी ने दीन बठिंडा को 66 रनों से हराया।

ਪੰਜਾਬੀ ਜਾਗਰਣ ਜਲੰਧਰ 16 ਮਾਰਚ 2019

ਖੇਡਾਂ

ਐਥਲੈਟਿਕ ਮੀਟ 'ਚ 200 ਤੋਂ ਵੱਧ ਅਥਲੀਟਾਂ ਨੇ ਲਿਆ ਹਿੱਸਾ

# 'ਵਰਸਿਟੀ 'ਚ ਚੌਥੀ ਅਥਲੈਟਿਕ ਮੀਟ ਦੀ ਸ਼ੁਰੂਆਤ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਦੋ ਦਿਨਾ ਚੌਥੀ ਸਾਲਾਨਾ ਅੰਤਰ-ਕਾਲਜ ਅਥਲੈਟਿਕ ਮੀਟ ਦੀ ਸ਼ਾਨਦਾਰ ਸ਼ੁਰੂਆਤ ਹੋਈ। ਇਸ ਐਥਲੈਟਿਕ ਮੀਟ ਵਿਚ 200 ਤੋਂ ਵੱਧ ਅਥਲੀਟਾਂ ਨੇ ਵੱਖ-ਵੱਖ ਮੁਕਾਬਲਿਆਂ ਵਿਚ ਹਿੱਸਾ ਲਿਆ। ਇਸ ਮੌਕੇ 'ਤੇ ਮੁੱਖ ਮਹਿਮਾਨ ਡੀਕੇ ਤਿਵਾੜੀ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਰੁਜ਼ਗਾਰ ਜਨਰੇਸ਼ਨ ਅਤੇ ਸਿਖਲਾਈ ਨੇ ਝੰਡਾ ਲਹਿਰਾਉਣ ਅਤੇ ਹਵਾ ਵਿਚ ਗੁਬਾਰੇ ਛੋਡ ਕੇ ਉਦਘਾਟਨ ਕੀਤਾ। ਅਥਲੈਟਿਕ ਮੀਟ ਵਿਚ ਭਾਗ ਲੈਣ ਵਾਲੀਆਂ ਟੀਮਾਂ ਦੇ ਵੱਖ-ਵੱਖ ਟੁਕੜੀਆਂ ਦੁਆਰਾ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ।

ਮਲਵਈ ਗਿੱਧਾ ਸਮੇਤ ਰੰਗਾ-ਰੰਗ ਪ੍ਰੋਗਰਾਮ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਉਦਘਾਟਨੀ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਵਿਦਿਆਰਥੀ, ਫੈਕਲਟੀ ਅਤੇ ਸਟਾਫ਼ ਮੌਜੂਦ ਸਨ। ਇਸ ਮੌਕੇ ਬੋਲਦੇ ਹੋਏ ਤਿਵਾੜੀ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਦ੍ਰਿੜ ਇਰਾਦੇ ਅਤੇ ਮਿਹਨਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਵਿਦਿਅਕ ਸੰਸਥਾਨਾਂ ਵਿਚ ਖੇਡਾਂ ਨੂੰ ਉਤਸ਼ਾਹਿਤ ਕਰਨ ਨਾਲ ਤੰਦਰੁਸਤ ਮਨ, ਚੰਗੀ ਸਿਹਤ, ਅਨੁਸ਼ਾਸਨ, ਟੀਮ ਦੀ ਭਾਵਨਾ ਪੈਦਾ ਕਰਨ ਅਤੇ ਵਧੀਆ ਸਮਾਜ ਦੀ ਸਿਰਜਣਾ ਵਿਚ ਅਤਿਅੰਤ ਸਹਾਈ ਹੋਵੇਗਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਨੇ ਕਿਹਾ ਕਿ ਖੇਡਾਂ ਅਤੇ ਸਹਿ ਪਾਠਕ੍ਰਮ ਦੀਆਂ ਗਤੀਵਿਧੀਆਂ ਇਕ ਵਿਅਕਤੀ ਦੇ ਸ਼ਖਸੀਅਤ ਨੂੰ ਰੂਪ ਦੇਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਆਪਣੇ ਵਿਦਿਆਰਥੀਆਂ 'ਤੇ ਮਾਣ ਹੈ ਜਿਨ੍ਹਾਂ ਨੇ ਕੌਮੀ ਪੱਧਰ 'ਤੇ ਅਕਾਦਮਿਕ, ਖੇਡਾਂ ਅਤੇ ਸਹਿ ਪਾਠਕ੍ਰਮ ਦੀਆਂ ਗਤੀਵਿਧੀਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਰਜਿਸਟਰਾਰ, ਡਾ ਜਸਬੀਰ ਸਿੰਘ ਹੁੰਦਲ ਨੇ ਵੀ ਇਸ ਮੌਕੇ 'ਤੇ ਧਨਵਾਦੀ ਮਤਾ ਪੇਸ਼ ਕੀਤਾ।






ਅੰਤਰ ਕਾਲਜ ਅਥਲੈਟਿਕ ਮੀਟ ਦੌਰਾਨ ਵਿਦਿਆਰਥੀ। (ਸੱਜੇ) ਭੰਗੜਾ ਪਾਉਂਦੇ ਹੋਏ ਨੌਜਵਾਨ।

## ਅਥਲੈਟਿਕ ਮੀਟ ਦੇ ਨਤੀਜੇ

ਮਰਦਾ ਦੀਆਂ ਖੇਡਾਂ 'ਚ 800 ਮੀਟਰ ਰੇਸ ਐਮਆਰਐਸਪੀਟੀਯੂ ਤੋਂ ਸੂਰਜ ਨੇ 800 ਮੀਟਰ ਦੀ ਦੌੜ ਜਿੱਤੀ ਜਦੋਂਕਿ ਬਾਬਾ ਫਰੀਦ ਕਾਲਜ ਦੇ ਅਸ਼ਵਦੀਪ ਸਿੰਘ ਅਤੇ ਭੁਵਨ ਨੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਡਿਸਕਸ ਥਰੋ ਬੀਐਫਸੀਈਟੀ ਦਿਓਣ ਤੋਂ ਊਧਮ ਸਿੰਘ ਨੂੰ ਪਹਿਲਾ ਪੁਰਸਕਾਰ ਮਿਲਿਆ ਜਦੋਂ ਕਿ ਐੱਮਆਰਐਸਪੀਟੀਯੂ ਤੋਂ ਆਯੁਸ਼ ਨੂੰ ਦੂਜਾ ਸਥਾਨ ਅਤੇ ਬੀਐਫਸੀਈਟੀ ਤੋਂ ਸਿਕੰਦਰ ਸਿੰਘ ਨੂੰ ਤੀਜਾ ਇਨਾਮ ਦਿਤਾ ਗਿਆ। ਹੈਮਰ ਥਰੋ ਕੇ ਸੀਟੀਸੀਈਟੀ ਫਤਿਹਗੜ੍ਹ ਦੇ ਹਰਬੰਸ ਸਿੰਘ ਨੇ ਪਹਿਲਾ ਪੁਰਸਕਾਰ ਜਿੱਤਿਆ ਜਦਕਿ ਐੱਮਆਰਐੱਸਪੀਟੀਯੂ ਦੇ ਅੰਜਲੀ ਅਤੇ ਅਰੋਗੀ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਇਨਾਮ ਪ੍ਰਾਪਤ ਕੀਤਾ। 400 ਮੀਟਰ ਰੇਸ ਬੀਐੱਫਸੀਈਟੀ ਦੇ ਲਵਦੀਪ ਸਿੰਘ ਨੇ 400 ਮੀਟਰ ਦੌੜ ਜਿੱਤੀ, ਜਗਦੀਪ ਸਿੰਘ 'ਤੇ ਅਮਿਤ ਕੁਮਾਰ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਔਰਤਾਂ 'ਚ 800 ਮੀਟਰ ਦੌੜ ਏਆਈਆਈਟੀ ਰੋੜੇ ਤੋਂ ਜਸਪਿੰਦਰ ਕੌਰ ਨੇ 800 ਮੀਟਰ ਦੌੜ ਜਿੱਤੀ, ਜਦਕਿ ਐਮਆਰਐਸਪੀਟੀਯੂ ਦੇ ਰਣਦੀਪ ਨੇ ਦੂਜਾ ਅਤੇ ਏਆਈਆਈਟੀ ਤੋਂ ਕਿਰਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਹਾਈ ਜੰਪ ਬਾਬਾ ਫਰੀਦ ਦੀ ਸਿਧਾਰ ਕੌਰ ਨੂੰ ਪਹਿਲਾ ਪੁਰਸਕਾਰ, ਕੇਸੀਟੀਸੀਈਟੀ ਦੀ ਗੁਰਜੀਤ ਕੌਰ ਨੇ ਦੂਜਾ ਅਤੇ ਏਆਈਆਈਟੀ ਰੋੜੇ ਦੀ ਰਾਜਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

दैनिक भास्कर बठिंडा, रविवार 17 मार्च, 2019 | 04

# एमआरएसपीटीयू ने जीती ओवरऑल ट्रॉफी



**एथलेटिक्स** • महाराजा रंजीत सिंह पंजाब टेक्निकल यूनिवर्सिटी में करवाई इंटर कॉलेज एथलेटिक्स मीट का शनिवार को जोश और उत्साह के साथ आयोजन किया गया।

**परिणाम** • एमआरएस पीटीयू मेन कैंपस ने ओवरऑल ट्रॉफी मेन-वुमेन जीती, कुल 260 अंक अर्जित किए। विजेता सम्मानित किए गए। -खबर पेज 4 पर

दैनिक भास्कर बठिंडा, शनिवार 16 मार्च, 2019 | 04

## महाराजा रंजीत सिंह पंजाब टेक्निकल यूनिवर्सिटी में एथलेटिक्स मीट शुरू

# 800 मीटर दौड़ में जसपिंदर कौर फर्स्ट

### तकनीकी शिक्षा व औद्योगिक सिखलाई के प्रमुख सचिव डीके तिवाड़ी पहुंचे

भास्कर संवाददाता | बठिंडा

महाराजा रंजीत सिंह पंजाब टेक्निकल यूनिवर्सिटी में शुक्रवार को दो दिवसीय चौथी सालाना अंतर कॉलेज एथलेटिक्स मीट की शुरूआत हुई। जिसमें 200 से ज्यादा एथलीट विभिन्न खेलों में भाग ले रहे हैं। तकनीकी शिक्षा व औद्योगिक सिखलाई के प्रमुख सचिव डीके तिवाड़ी ने झंडा फहराने व हवा में गुब्बारे उड़ाकर उद्घाटन किया। तिवाड़ी ने युवाओं को पढ़ाई व खेलों में दृढ़ इरादे व मेहनत से जुटने का आह्वान किया। वीसी प्रो. मोहनपाल सिंह ईसर ने कहा कि



महाराजा रंजीत सिंह यूनिवर्सिटी की इमारत का अवलोकन करते तिवारी।

यूनिवर्सिटी को अपने विद्यार्थियों पर मान है जिन्होंने राष्ट्रीय स्तर पर खेल व सह शैक्षिक गतिविधियों में शानदार प्रदर्शन किया। रजिस्ट्रार डॉ. जसबीर सिंह हुंदल ने आभार जताया। डीके तिवारी ने यूनिवर्सिटी के कैंप्स का दौरा किया। यूनिवर्सिटी को पंजाब सरकार की ओर से मॉडल यूनिवर्सिटी के तौर पर विकसित किया जा रहा है। डॉ. आशीष बालदी ने आभार जताया। तिवाड़ी ने यूनिवर्सिटी व ज्ञानी जैल सिंह कॉलेज के विभागों का दौरा किया। यूनिवर्सिटी रजिस्ट्रार डॉ. जसबीर सिंह हुंदल, कैंपस डायरेक्टर व डीन प्रो. सवीना बांसल व विभिन्न विभागों के मुखी उपस्थित रहे।

**नतीजे** : पुरुष वर्ग की 800 मीटर रेस में एमआरएसपीटीयू के सूरज ने दौड़ जीती जबकि बाबा फरीद कॉलेज के अश्वदीप सिंह व ललन भुवन ने क्रमशः दूसरा व तीसरा स्थान पाया। वहीं 400 मीटर रेस में बीएफसीईटी के लवदीप सिंह ने पहला, जगदीप सिंह व अमित ने क्रमशः दूसरा व तीसरा स्थान लिया। महिला श्रेणी में 800 मीटर रेस में एआईईटी रोडे से जसपिंदर कौर ने पहला जबकि एमआरएसपीटीयू के रणदीप ने दूसरा व एआईआईटी की किरणदीप कौर तीसरे स्थान पर रही।

दैनिक जागरण लुधियाना/बठिंडा, 4 मार्च 2019

# एथलेटिक्स : 500 मीटर दौड़ में मनप्रीत प्रथम

संस, बठिंडा : ज्ञानी जैल सिंह कॉलेज कैंपस कॉलेज ऑफ इंजीनियरिंग एंड टेक्नोलॉजी में 26वीं एथलेटिक मीट करवाई गई। इसका पंजाब स्टेट पावर कारपोरेशन पश्चिमी जोन के चीफ इंजीनियर मुकेश बांसल ने उद्घाटन किया। विक्रमजीत दुग्गल, एआईजी काउंटर इंटेलीजेंस मुख्य मेहमान बने। एथलेटिक मीट मेन्स श्रेणी में 500 मीटर दौड़ में मनप्रीत ने पहला, करणप्रीत ने दूसरा व गौरव ने तीसरा स्थान पाया। 100 मीटर दौड़ में उज्ज्वल पहले, रवि शंकर दूसरे व आदित्य तीसरे, 800 मीटर दौड़ में ललन पहले, सूर्य दूसरे तथा मनीश तीसरे जबकि हैमर थ्रो में अंजनी पहले, मनप्रीत दूसरे तथा बिक्रमजीत ने तीसरा स्थान पाया। हाई जंप में किफायत भट्ट ने पहला, अमित ने दूसरा व उज्ज्वल ने तीसरा स्थान, ट्रिपल जंप में मनीश पहले जबकि अमन तथा गौरव ने क्रमश दूसरा तथा तीसरा स्थान, लांग जंप में मंदीप पहले, रवि दूसरे तथा राकेश तीसरे स्थान पर रहे।



कल्चरल कार्यक्रम के दौरान भंगड़ा डालते हुए विद्यार्थी। ● जागरण

ਪੰਜਾਬੀ ਟ੍ਰਿਬਿਊਨ, ਵੀਰਵਾਰ, 29 ਨਵੰਬਰ 2018

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਚ ਐੱਨਸੀਸੀ ਦਿਵਸ ਮਨਾਇਆ

ਪੱਤਰ ਪ੍ਰੇਰਕ
ਬਠਿੰਡਾ, 28 ਨਵੰਬਰ

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੌਜੀ (ਜੀ.ਜੇ.ਐੱਸ.ਸੀ.ਸੀ.ਈ.ਟੀ), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿਚ ਨੈਸ਼ਨਲ ਕੈਡੇਟ ਕੋਰ (ਐੱਨ.ਸੀ.ਸੀ.) ਦਿਵਸ ਮਨਾਇਆ ਗਿਆ। ਕਾਲਜ ਦੇ ਪਰੇਡ ਮੈਦਾਨ ਵਿਚ ਕਰਵਾਏ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਕਰਨਲ ਸੁਭਾਸ਼ ਚੰਦਰ ਗਾਟ ਸ਼ਾਮਿਲ ਹੋਏ। ਘੋੜਸਵਾਰੀ, ਡਰਿੱਲ ਟੈਸਟ, ਭਾਸ਼ਨ ਮੁਕਾਬਲਾ, ਸੱਭਿਆਚਾਰਕ ਪ੍ਰੋਗਰਾਮ ਅਤੇ ਬਹਾਦਰੀ ਦਾ ਪ੍ਰਦਰਸ਼ਨ, ਬਚਾਅ ਦੇ ਤਰੀਕੇ ਅਤੇ ਦੇਸ਼ਭਗਤੀ ਦੀ ਭਾਵਨਾ ਦੇ ਰੰਗ ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਣ ਸਨ। ਪ੍ਰੋਗਰਾਮ ਦੀ ਸ਼ੁਰੂਆਤ ਗਾਰਡ ਆਫ ਆਨਰ ਅਤੇ ਮੁੱਖ ਮਹਿਮਾਨ ਦੇ ਸਵਾਗਤ ਨਾਲ ਹੋਈ। ਐੱਨ.ਸੀ.ਸੀ. ਕੈਡੇਟਸ ਨੇ ਫਲੈਗ ਮਾਰਚ ਕੀਤਾ ਅਤੇ ਝੰਡੇ ਨੂੰ ਪਾਰੰਪਰਿਕ ਸਲਾਮੀ ਦਿੱਤੀ।

ਕੈਂਪਸ ਦੇ ਕਾਰਜਕਾਰੀ ਡਾਇਰੈਕਟਰ ਡਾ. ਸਵੀਨਾ ਬਾਂਸਲ ਨੇ ਵਿਦਿਆਰਥੀਆਂ ਦੇ ਜੀਵਨ ਵਿੱਚ ਸ਼ਰਧਾ, ਸਮਰਪਣ ਤੇ ਇਮਾਨਦਾਰੀ ਦੇ ਮਹੱਤਵ 'ਤੇ ਜ਼ੋਰ ਦਿੱਤਾ। ਏ.ਐੱਨ.ਓ. ਡਾ. ਰਾਜੀਵ ਕੁਮਾਰ ਵਰਸ਼ਨੀ, ਐੱਨ.ਸੀ.ਸੀ. ਦੇ 20 ਪੰਜਾਬ ਬਟਾਲੀਅਨ ਦੇ ਏ.ਐੱਨ.ਓ. ਨੇ ਕੈਡਿਟਾਂ ਦੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੌਜੀ, ਦਸਮੇਸ਼ ਗਰਲਜ਼ ਕਾਲਜ, ਬਾਦਲ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਘੋੜਸਵਾਰੀ ਕੀਤੀ। ਹੌਲਦਾਰ ਸੁਰੇਂਦਰ ਸਿੰਘ, ਨਾਥੂਲਾਲ ਅਤੇ ਸੁਰੇਸ਼ ਕੁਮਾਰ ਨੂੰ ਡਰਿੱਲ ਮੁਕਾਬਲੇ ਲਈ ਜੱਜ ਨਿਯੁਕਤ ਕੀਤਾ ਗਿਆ। ਇਸ ਮੌਕੇ ਨੇੜਲੇ ਝੁੱਗੀ-ਝੌਂਪੜੀਆਂ ਦੇ ਬੱਚਿਆਂ ਨੇ ਆਪਣੀ ਕਲਾ ਦਾ ਜੌਹਰ ਦਿਖਾਏ।

ਕਰਨਲ ਐਸ. ਸੀ. ਗਾਟ ਨੇ ਵਿਦਿਆਰਥਿਆਂ ਦੇ ਜੀਵਨ ਵਿੱਚ ਅਨੁਸ਼ਾਸਨ ਦੀ ਮਹਤੱਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ। ਅਖੀਰ ਵਿਚ ਲੈਫਟੀਨੈਂਟ ਵਿਵੇਕ, 2 ਪੰਜਾਬ ਆਰ. ਐਂਡ ਵੀ. ਸਕੁਐਡਰਨ ਦੇ ਏ.ਐੱਨ.ਓ. ਨੇ ਹਾਜ਼ਰੀਨ ਲਈ ਧੰਨਵਾਦ ਦਾ ਮਤਾ ਪੇਸ਼ ਕੀਤਾ।



ਯੂਨੀਵਰਸਿਟੀ ਵਿਚ ਮਨਾਏ ਐੱਨਸੀਸੀ ਦਿਵਸ ਮੌਕੇ ਤਸਵੀਰ ਖਿਚਵਾਉਂਦੇ ਹੋਏ ਕੈਡੇਟਸ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਐਨ.ਸੀ.ਸੀ. ਦਿਵਸ ਉਤਸ਼ਾਹ ਨਾਲ ਮਨਾਇਆ



**ਬਠਿੰਡਾ, 28 ਨਵੰਬਰ (ਸੁਖਜਿੰਦਰ ਮਾਨ)** : ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ. ਜੇ. ਐਸ. ਸੀ. ਸੀ. ਈ. ਟੀ.) ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਟੀ ਬਠਿੰਡਾ ਵਿਖੇ ਨੈਸ਼ਨਲ ਕੈਡੇਟ ਕੋਰ (ਐਨ. ਸੀ. ਸੀ.) ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।

ਕਾਲਜ ਦੇ ਪਰੇਡ ਮੈਦਾਨ ਵਿਚ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਕਰਨਲ ਸੁਭਾਸ਼ ਚੰਦਰ ਗਾਟ 2 ਪੰਜਾਬ ਰੀਮੈਂਟ ਅਤੇ ਘੁੱਦਾ ਦੇ ਵੈਟਰਨਰੀ ਸਕੁਆਰਡਨ ਕਮਾਂਡਿੰਗ ਅਫਸਰ ਸ਼ਾਮਿਲ ਹੋਏ। ਇਸ ਮੌਕੇ ਘੋੜਸਵਾਰੀ, ਡਰੀਲ ਟੈਸਟ, ਭਾਸ਼ਨ ਮੁਕਾਬਲਾ, ਸੱਭਿਆਚਾਰਕ ਪ੍ਰੋਗਰਾਮ ਅਤੇ ਬਹਾਦਰੀ ਦਾ ਪ੍ਰਦਰਸ਼ਨ, ਬਚਾਅ ਦੇ ਤਰੀਕੇ ਅਤੇ ਦੇਸ਼ਭਗਤੀ ਦੀ ਭਾਵਨਾ ਦੇ ਰੰਗ ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਣ ਸਨ। ਭਾਰਤ ਦੇ ਵੱਖ-ਵੱਖ ਰਾਜਾਂ ਦੇ ਪਾਰੰਪਰਿਕ ਲੋਕ ਨਾਚ ਨੂੰ ਵੀ ਅਨੇਕਤਾ ਵਿੱਚ ਏਕਤਾ ਦੇ ਵਿਸ਼ੇ ਤੇ ਪੇਸ਼ ਕੀਤਾ ਗਿਆ। ਐਨ.ਸੀ.ਸੀ. ਕੈਡਿਟਾਂ ਨੇ ਜੋਸ਼ ਖਰੋਸ਼ ਨਾਲ ਫਲੈਗ ਮਾਰਚ ਕੀਤਾ ਅਤੇ ਝੰਡੇ ਨੂੰ ਪਰੰਪਰਿਕ ਸਲਾਮੀ ਦਿੱਤੀ।

ਆਪਣੇ ਸਵਾਗਤੀ ਭਾਸ਼ਣ ਵਿੱਚ ਕੈਂਪਸ ਦੇ ਕਾਰਜਕਾਰੀ ਡਾਇਰੈਕਟਰ ਡਾ. ਸਵੀਨਾ ਬਾਂਸਲ ਨੇ ਵਿਦਿਆਰਥੀਆ ਦੇ ਜੀਵਨ ਵਿੱਚ ਸ਼ਰਧਾ, ਸਮਰਪਣ ਅਤੇ ਇਮਾਨਦਾਰੀ ਦੇ ਮਹੱਤਵ 'ਤੇ ਜ਼ੋਰ ਦਿੱਤਾ। ਏ.ਐਨ.ਓ. ਡਾ. ਰਾਜੀਵ ਕੁਮਾਰ ਵਰਸ਼ਨੀ, ਐਨ.ਸੀ.ਸੀ. ਦੇ 20 ਪੰਜਾਬ ਬਟਾਲੀਅਨ ਦੇ ਏ.ਐਨ.ਓ. ਨੇ ਸੈਸ਼ਨ ਦੇ ਦੌਰਾਨ ਐਨ.ਸੀ.ਸੀ. ਕੈਡਿਟਾਂ ਦੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ ਬਾਰੇ ਵਿਸਤਾਰ ਵਿਚ ਜਾਣਕਾਰੀ ਦਿੱਤੀ।

ਹੌਲਦਾਰ ਸੁਰੇਂਦਰ ਸਿੰਘ, ਨਾਥੂਲਾਲ ਅਤੇ ਸੁਰੇਸ਼ ਕੁਮਾਰ ਨੂੰ ਡਰੀਲ ਪ੍ਰਤੀਯੋਗਤਾ ਲਈ ਜੱਜ ਨਿਯੁਕਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਨੇੜਲੇ ਝੁੱਗੀ-ਝੌਪੜੀਆਂ ਦੇ ਪਛੜੇ ਬੱਚਿਆਂ ਨੇ ਸਭਿਆਚਾਰਕ ਪ੍ਰਦਰਸ਼ਨਕਾਰੀਆਂ ਰਾਹੀਂ ਆਪਣੀ ਅਦਾਕਾਰੀ ਦਾ ਜੌਹਰ ਦਿਖਾਏ।

ਜ਼ਿਕਰਯੋਗ ਹੈ ਕਿ ਕਾਲਜ ਦੇ ਫੈਕਲਟੀ ਅਤੇ ਵਿਦਿਆਰਥੀ ਯੂਨੀਵਰਸਿਟੀ ਦੇ ਸਿੱਖਿਆ ਮਿਸ਼ਨ ਤਹਿਤ ਆਪਣੇ ਰੁਝੇਵੇਂ ਤੋਂ ਕੁਝ ਸਮਾਂ ਕੱਢ ਕੇ ਇਹਨਾਂ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਹਨ। ਕਰਨਲ ਐਸ. ਸੀ. ਗਾਟ ਨੇ ਵਿਦਿਆਰਥਿਆਂ ਦੇ ਜੀਵਨ ਵਿੱਚ ਅਨੁਸ਼ਾਸਨ ਦੀ ਮਹਤੱਤਾ ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ। ਮੁੱਖ ਮਹਿਮਾਨ ਦੁਆਰਾ ਕੈਡਿਟਾਂ ਨੂੰ ਮੈਡਲ ਅਤੇ ਸਰਟੀਫਿਕੇਟ ਪੇਸ਼ ਕਰਨ ਦੇ ਨਾਲ ਪ੍ਰੋਗ੍ਰਾਮ ਦੀ ਸਮਾਪਤੀ ਹੋਈ।

4 ਰੋਜ਼ਾਨਾ ਸਪੋਕਸਮੈਨ ਸ਼ੁਕਰਵਾਰ, 16 ਨਵੰਬਰ 2018

# ਐਮ.ਆਰ.ਐਸ.ਪੀ.ਟੀ.ਯੂ. ਦੀ ਮਹਿਕ ਜਟਾਣਾ ਵਲੋਂ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ



ਬਠਿੰਡਾ, 15 ਨਵੰਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੀ ਵਿਦਿਆਰਥਣ ਮਹਿਕ ਜਟਾਣਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਆਯੋਜਿਤ ਆਲ ਇੰਡੀਆ ਇੰਟਰ ਯੂਨੀਵਰਸਿਟੀ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿੱਚ 10 ਮੀਟਰ ਏਅਰ ਰਾਈਫਲ ਸ਼ੂਟਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਛੇਵਾਂ ਸਥਾਨ ਹਾਸਲ ਕੀਤਾ।

ਇਸ ਮੁਕਾਬਲੇ ਵਿੱਚ ਪੂਰੇ ਭਾਰਤ ਵਰਸ਼ ਵਿਚੋਂ 115 ਯੂਨੀਵਰਸਿਟੀਆਂ ਨੇ ਹਿੱਸਾ ਲਿਆ ਸੀ। ਮਹਿਕ ਜਟਾਣਾ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਬਠਿੰਡਾ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੀ ਵਿਦਿਆਰਥਣ ਹੈ। ਉਸ ਨੇ 10 ਮੀਟਰ ਏਅਰ ਰਾਈਫਲ ਵਿਅਕਤੀਗਤ ਮੁਕਾਬਲੇ ਵਿਚ ਕੁੱਲ 600 ਅੰਕਾਂ ਵਿਚੋਂ 595 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ ਹਾਸਿਲ ਕੀਤਾ। ਅੱਜ ਇੱਥੇ ਯੂਨੀਵਰਸਿਟੀ ਦੇ ਸਪੋਰਟਸ ਅਤੇ ਯੂਥ ਵੈਲਫੇਅਰ ਵਿਭਾਗ ਦੇ ਡਾਇਰੈਕਟਰ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ ਨੇ ਚੰਗੇ ਪ੍ਰਦਰਸ਼ਨ ਲਈ ਮਹਿਕ ਜਟਾਣਾ ਨੂੰ ਵਧਾਈ ਦਿੱਤੀ।

ਯੂਨੀਵਰਸਟੀ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਵੀ ਖਿਡਾਰੀਆਂ, ਟੀਮ ਮੈਨੇਜਰ ਡਾ. ਸੁਖਵਿੰਦਰ ਸਿੰਘ ਅਤੇ ਟੀਮ ਕੋਚ ਸ. ਪ੍ਰਕਾਸ਼ ਸਿੰਘ ਬਰਾੜ ਨੂੰ ਵਧਾਈ ਦਿਤੀ।

ਅਜੀਤ ਸ਼ੁੱਕਰਵਾਰ, 16 ਨਵੰਬਰ 2018



ਮਹਿਕ ਜਟਾਣਾ (ਸੈਂਟਰ ਵਿਚ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਆਯੋਜਿਤ ਆਲ ਇੰਡੀਆ ਇੰਟਰ ਯੂਨੀਵਰਸਿਟੀ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿਚ 10 ਮੀਟਰ ਏਅਰ ਰਾਈਫਲ ਸ਼ੂਟਿੰਗ ਵਿਚ ਆਪਣੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ। ਤਸਵੀਰ : ਸੌਨੀ ਠਾਕੁਰ

# ਬਠਿੰਡਾ ਦੀ ਮਹਿਕ ਜਟਾਣਾ ਵਲੋਂ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ

ਬਠਿੰਡਾ, 15 ਨਵੰਬਰ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੀ ਵਿਦਿਆਰਥਣ, ਮਹਿਕ ਜਟਾਣਾ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਕਰਵਾਏ ਗਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿਚ 10 ਮੀਟਰ ਏਅਰ ਰਾਈਫਲ ਸ਼ੂਟਿੰਗ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਛੇਵਾਂ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿਚ ਪੂਰੇ ਭਾਰਤ ਵਰਸ਼ ਵਿਚੋਂ 115 ਯੂਨੀਵਰਸਿਟੀਆਂ ਨੇ ਹਿੱਸਾ ਲਿਆ ਸੀ। ਮਹਿਕ ਜਟਾਣਾ, ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਬਠਿੰਡਾ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੀ ਵਿਦਿਆਰਥਣ ਹੈ। ਉਸ ਨੇ 10 ਮੀਟਰ ਏਅਰ ਰਾਈਫਲ ਵਿਅਕਤੀਗਤ ਮੁਕਾਬਲੇ ਵਿਚ ਕੁੱਲ 600 ਅੰਕਾਂ ਵਿਚੋਂ 595 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ ਹਾਸਲ ਕੀਤਾ। ਯੂਨੀਵਰਸਿਟੀ ਦੇ ਸਪੋਰਟਸ ਅਤੇ ਯੂਥ ਵੈੱਲਫੇਅਰ ਵਿਭਾਗ ਦੇ ਡਾਇਰੈਕਟਰ, ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ ਨੇ ਚੰਗੇ ਪ੍ਰਦਰਸ਼ਨ ਲਈ ਮਹਿਕ ਜਟਾਣਾ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਸ਼ੂਟਿੰਗ ਦੇ ਮੁਕਾਬਲਿਆਂ ਵਿਚ ਵਧੀਆ ਪ੍ਰਦਰਸ਼ਨ ਕੀਤਾ ਹੈ ਅਤੇ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਇਹ ਖਿਡਾਰੀ ਹੋਰ ਵਧੇਰੇ ਨਾਮਣਾ ਖੱਟਣਗੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਵੀ ਖਿਡਾਰੀਆਂ, ਟੀਮ ਮੈਨੇਜਰ ਡਾ. ਸੁਖਵਿੰਦਰ ਸਿੰਘ ਅਤੇ ਟੀਮ ਕੋਚ ਸ. ਪ੍ਰਕਾਸ਼ ਸਿੰਘ ਬਰਾੜ ਨੂੰ ਵਧਾਈ ਦਿੱਤੀ।

ਰੋਜ਼ਾਨਾ ਸਪੋਕਸਮੈਨ

ਸ਼ੁੱਕਰਵਾਰ, 26 ਅਕਤੂਬਰ 2018

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਦਾ ਦੋ ਰੋਜ਼ਾ ਜ਼ੋਨਲ ਯੂਥ ਫ਼ੈਸਟੀਵਲ 'ਮਹਿਕ ਪੰਜਾਬ ਦੀ' ਦਾ ਸ਼ਾਨਦਾਰ ਆਗਾਜ਼



ਬਠਿੰਡਾ, 25 ਅਕਤੂਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਦੇ ਦੋ ਦਿਨਾਂ ਚੌਥੇ ਇੰਟਰ ਜ਼ੋਨਲ ਯੂਥ ਫੈਸਟੀਵਲ "ਮਹਿਕ ਪੰਜਾਬ ਦੀ" ਸ਼ਾਨਦਾਰ ਸ਼ੁਰੂਆਤ ਅੱਜ ਦੇਸ਼ ਭਗਤ ਫਾਊਂਡੇਸ਼ਨ ਗਰੁੱਪ ਆਫ ਇੰਸਟੀਚਿਊਸ਼ਨਜ਼(ਡੀ.ਬੀ.ਐਫ.ਜੀ.ਆਈ.), ਮੋਗਾ ਵਿਖੇ ਹੋਈ।

ਇਸ ਫੈਸਟੀਵਲ ਵਿਚ ਬਹੁਤ ਸਾਰੀਆਂ ਸਭਿਆਚਾਰਕ ਅਤੇ ਪ੍ਰਤਿਭਾ ਅਧਾਰਤ ਪੇਸ਼ਕਾਰੀਆਂ, ਰਚਨਾਤਮਕ ਮੁਕਾਬਲੇ ਅਤੇ ਤਕਨੀਕੀ ਸਮਾਰੋਹ ਸ਼ਾਮਲ ਹਨ। ਜਿਸ ਦਾ ਉਦੇਸ਼ ਪ੍ਰਤਿਭਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾਂ ਸੀ। ਯੂਨੀਵਰਸਿਟੀ ਨਾਲ ਜੁੜੇ ਸੰਸਥਾਨਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਵੱਖ ਵੱਖ ਸਮਾਗਮਾਂ ਵਿਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਹੋਰ ਸਤਿਕਾਰਤ ਮਹਿਮਾਨਾਂ ਨੇ ਸ਼ਮਾਂ ਰੋਸ਼ਨ ਕਰਕੇ ਯੂਥ ਫੈਸਟੀਵਲ ਦਾ ਉਦਘਾਟਨ ਕੀਤਾ। ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਇਸ ਮੌਕੇ 'ਤੇ ਗੈਸਟ ਆਫ਼ ਆਨਰ ਸਨ। ਇਸ ਮੌਕੇ ਤੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਚੇਅਰਮੈਨ ਅਤੇ ਡਾਇਰੈਕਟਰ ਮੌਜੂਦ ਸਨ।

ਇਸ ਮੌਕੇ ਡਾ. ਈਸ਼ਰ ਨੇ ਕਿਹਾ ਕਿ ਇਹ ਫੈਸਟੀਵਲ ਨੌਜਵਾਨਾਂ ਦੀ ਪ੍ਰਤਿਭਾ, ਰਚਨਾਤਮਿਕਤਾ ਅਤੇ ਨਵੀਨਤਾ ਨੂੰ ਪ੍ਰਫੁਲਤ ਕਰਨ ਲਈ ਇਕ ਨਿਵੇਕਲਾ ਪਲੇਟਫਾਰਮ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਪੂਰਨ ਵਿਅਕਤੀਗਤ ਬਣਨ ਲਈ ਸਾਰੇ ਖੇਤਰਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਉਨ੍ਹਾਂ ਦੇ ਦੇ ਸਵੈ-ਮਾਣ ਅਤੇ ਵਿਸ਼ਵਾਸ ਵਿਚ ਨਿਖਾਰ ਆਉਂਦਾ ਹੈ। ਯੁਵਕ ਮੇਲੇ ਦੇ ਪਹਿਲੇ ਦਿਨ ਗਿੱਧਾ, ਸਮੂਹ ਸ਼ਬਦ/ਭਜਨ, ਗਰੁੱਪ ਗੀਤ ਇੰਡੀਅਨ, ਸਕਿਟ, ਕਲਾਸੀਕਲ ਡਾਂਸ, ਲਾਈਟ ਵੋਕਲ ਇੰਡੀਅਨ ਸੋਲੋ, ਕਲਾਸੀਕਲ ਵੋਕਲ ਸੋਲੋ, ਵੈਸਟਰਨ ਵੋਕਲ ਸੋਲੋ, ਵੈਸਟਰਨ ਗਰੁੱਪ ਡਾਂਸ, ਕ੍ਰਿਏਟਿਵ ਰਾਇਟਿੰਗ, ਕਵਿਤਾ ਉਚਾਰਨ, ਕੋਲਾਜ-ਮੇਕਿੰਗ, ਮਹਿੰਦੀ, ਰੰਗੋਲੀ, ਆਨ ਸਪੌਟ ਫੋਟੋਗ੍ਰਾਫੀ ਅਤੇ ਪੇਂਟਿੰਗ ਸਮੇਤ ਕਈ ਸਭਿਆਚਾਰਕ ਅਤੇ ਗੈਰ-ਸਭਿਆਚਾਰਕ ਗਤੀਵਿਧੀਆਂ ਦੇ ਸਮੇਲ ਦਾ ਆਯੋਜਨ ਕੀਤਾ ਗਿਆ, ਜਿਸ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਐਮਆਰਪੀਟੀਯੂ ਡਾਇਰੈਕਟਰ ਖੇਡਾਂ ਅਤੇ ਯੁਵਕ ਭਲਾਈ ਭੁਪਿੰਦਰ ਪਾਲ ਸਿੰਘ ਢੋਟ ਨੇ ਮਹਿਮਾਨਾਂ ਦਾ ਸਵਾਗਤ ਕੀਤਾ।

ਪੰਜਾਬੀ ਟ੍ਰਿਬਿਊਨ, ਸ਼ੁੱਕਰਵਾਰ, 26 ਅਕਤੂਬਰ 2018

# ਜ਼ੋਨਲ ਯੂਥ ਫੈਸਟੀਵਲ 'ਮਹਿਕ ਪੰਜਾਬ ਦੀ' ਦਾ ਆਗਾਜ਼

**ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ**

ਨਿੱਜੀ ਪੱਤਰ ਪ੍ਰੇਰਕ
ਮੋਗਾ, 25 ਅਕਤੂਬਰ

ਇੱਥੇ ਦੇਸ਼ ਭਗਤ ਫਾਊਂਡੇਸ਼ਨ ਗਰੁੱਪ ਆਫ ਇੰਸਟੀਚਿਊਸ਼ਨਜ਼ (ਡੀਬੀਐੱਫਜੀਆਈ) ਵਿੱਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਬਠਿੰਡਾ ਦੇ ਦੋ ਰੋਜ਼ਾ ਚੌਥੇ ਇੰਟਰ ਜ਼ੋਨਲ ਯੁਵਕ ਮੇਲੇ 'ਮਹਿਕ ਪੰਜਾਬ ਦੀ' ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਹੋਰਨਾਂ ਸ਼ਖ਼ਸੀਅਤਾਂ ਨੇ ਕੀਤਾ।

ਇਸ ਮੌਕੇ ਡਾ. ਮੋਹਨਪਾਲ ਸਿੰਘ ਈਸ਼ਰ ਨੇ ਕਿਹਾ ਕਿ ਇਹ ਮੇਲਾ ਨੌਜਵਾਨਾਂ ਦੀ ਪ੍ਰਤਿਭਾ, ਰਚਨਾਤਮਿਕਤਾ ਅਤੇ ਨਵੀਨਤਾ ਨੂੰ ਪ੍ਰਫੁੱਲਿਤ ਕਰਨ ਲਈ ਨਿਵੇਕਲਾ ਪਲੇਟਫਾਰਮ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਪੂਰਨ ਵਿਅਕਤੀਗਤ ਬਣਨ ਲਈ ਸਾਰੇ ਖੇਤਰਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਯੂਨੀਵਰਸਿਟੀ ਨਾਲ ਜੁੜੇ ਸੰਸਥਾਨਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਵੱਖ ਵੱਖ ਸਮਾਗਮਾਂ ਵਿੱਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਯੁਵਕ ਮੇਲੇ ਦੇ ਪਹਿਲੇ ਦਿਨ ਗਿੱਧਾ, ਸਮੂਹ ਸ਼ਬਦ/ਭਜਨ, ਗਰੁੱਪ ਗੀਤ ਇੰਡੀਅਨ, ਸਕਿੱਟ, ਕਲਾਸੀਕਲ ਡਾਂਸ, ਲਾਈਟ ਵੋਕਲ ਇੰਡੀਅਨ ਸੋਲੋ, ਕਲਾਸੀਕਲ ਵੋਕਲ ਸੋਲੋ, ਵੈਸਟਰਨ ਵੋਕਲ ਸੋਲੋ, ਵੈਸਟਰਨ ਗਰੁੱਪ ਡਾਂਸ, ਕ੍ਰਿਏਟਿਵ ਰਾਈਟਿੰਗ, ਕਵਿਤਾ ਉਚਾਰਨ, ਕੋਲਾਜ-ਮੇਕਿੰਗ, ਮਹਿੰਦੀ, ਰੰਗੋਲੀ, ਆਨ ਸਪੌਟ ਫੋਟੋਗ੍ਰਾਫੀ ਅਤੇ ਪੇਂਟਿੰਗ ਸਮੇਤ ਕਈ ਸੱਭਿਆਚਾਰਕ ਅਤੇ ਗ਼ੈਰ-ਸੱਭਿਆਚਾਰਕ ਗਤੀਵਿਧੀਆਂ ਦੇ ਮੁਕਾਬਲੇ ਹੋਏ। ਯੂਨੀਵਰਸਿਟੀ ਦੇ ਡੀਨ ਸਟੂਡੈਂਟਸ ਵੈੱਲਫੇਅਰ ਡਾ. ਆਰ.ਕੇ. ਬਾਂਸਲ ਨੇ ਯੁਵਕ ਮੇਲੇ ਵਿੱਚ ਹਿੱਸਾ ਲੈਣ ਵਾਲੀਆਂ ਸੰਸਥਾਵਾਂ/ਕਾਲਜਾਂ ਦੀਆਂ ਟੀਮਾਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਸਮੁੱਚੇ ਵਿਕਾਸ ਲਈ ਸਹਿ-ਪਾਠਕ੍ਰਮ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਗੈਸਟ ਆਫ਼ ਆਨਰ ਸਨ। ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਚੇਅਰਮੈਨ ਅਤੇ ਡਾਇਰੈਕਟਰ ਮੌਜੂਦ ਸਨ। ਯੂਨੀਵਰਸਿਟੀ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ, ਭੁਪਿੰਦਰ ਪਾਲ ਸਿੰਘ ਢੋਟ ਨੇ ਮਹਿਮਾਨਾਂ ਦਾ ਸਵਾਗਤ ਕੀਤਾ।

ਰੋਜ਼ਾਨਾ ਸਪੋਕਸਮੈਨ ਬੁੱਧਵਾਰ, 24 ਅਕਤੂਬਰ 2018

# ਮਹਾਰਾਜਾ ਰਣਜੀਤ ਸਿੰਘ 'ਵਰਸਿਟੀ ਦਾ ਜ਼ੋਨਲ ਖੇਤਰੀ ਯੁਵਕ ਮੇਲਾ ਭਲਕੇ ਤੋਂ ਮੋਗਾ ਵਿਖੇ

ਬਠਿੰਡਾ, 23 ਅਕਤੂਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦਾ ਚੌਥਾ ਇੰਟਰ ਜ਼ੋਨਲ ਯੂਥ ਫੈਸ਼ਟੀਵਲ 25 ਅਤੇ 26 ਅਕਤੂਬਰ ਨੂੰ ਮੋਗਾ ਦੇ ਦੇਸ਼ ਭਗਤ ਫਾਊਂਡੇਸ਼ਨ ਗਰੁੱਪ ਆਫ ਇੰਸਟੀਚਿਊਸ਼ਨਜ਼ (ਡੀ.ਬੀ.ਐਫ.ਜੀ.ਆਈ.) ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਅੱਜ ਇੱਥੇ ਜਾਰੀ ਇਕ ਪ੍ਰੈੱਸ ਰਿਲੀਜ਼ ਵਿੱਚਐਮ.ਆਰ.ਐਸ.ਪੀ.ਟੀ.ਯੂ. ਦੇਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ, ਸ਼੍ਰੀ ਭੁਪਿੰਦਰ ਪਾਲ ਸਿੰਘ ਢੋਟ ਨੇ ਦੱਸਿਆ ਕਿ ਯੂਥ ਫੈਸਟੀਵਲ ਦਾ ਸਿਰਲੇਖ ਮਹਿਕ ਪੰਜਾਬ ਦੀ ਹੋਵੇਗਾ। ਇਸ ਦਾ ਉਦਘਾਟਨ ਐਮ.ਆਰ.ਐਸ.ਪੀ.ਟੀ.ਯੂ., ਵਾਈਸ ਚਾਂਸਲਰ ਡਾ. ਮੋਹਨ ਪਾਲ ਸਿੰਘ ਈਸ਼ਰ, ਵਿਸ਼ੇਸ਼ ਮਹਿਮਾਨਾਂ, ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਦੇ ਚੇਅਰਮੈਨ ਅਤੇ ਡਾਇਰੈਕਟਰਾਂ ਦੀ ਮੌਜੂਦਗੀ ਵਿੱਚ ਕਰਨਗੇ।

ਹੋਰ ਜਾਣਕਾਰੀ ਦਿੰਦਿਆਂ ਸ਼੍ਰੀ ਢੋਟ ਨੇ ਦੱਸਿਆ ਕਿ ਦੋ ਦਿਨਾਂ ਦੇ ਫੈਸਟੀਵਲ ਦੌਰਾਨ ਕੁੱਲ 32 ਪੇਸ਼ਕਾਰੀਆਂ ਹੋਣਗੀਆਂ। ਪਹਿਲੇ ਦਿਨ, ਸਕਿਟ, ਮਾਈਮ, ਲੋਕ ਗੀਤ ਅਤੇ ਗਿੱਧਾ ਮੁੱਖ ਆਕਰਸ਼ਣ ਹੋਣਗੇ, ਜਦੋਂ ਕਿ ਆਖਰੀ ਦਿਨ ਇਕ ਐਕਟ ਪਲੇ ਅਤੇ ਭੰਗੜਾ ਫੋਕਸ ਵਿਚ ਰਹਿਣਗੇ।

ਜਲੰਧਰ 23 ਅਕਤੂਬਰ 2018 ਪੰਜਾਬੀ ਜਾਗਰਣ

ਸਮਾਗਮ | ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ ਨੰਦਗੜ੍ਹ ਵਿਖੇ ਫਰੈਸ਼ਰਜ਼ ਪਾਰਟੀ-2018 ਹੋਈ

# ਪਵਨਪ੍ਰੀਤ ਮਿਸਟਰ ਤੇ ਵੀਰਪਾਲ ਬਣੀ ਮਿਸ ਫਰੈਸ਼ਰ




ਮਿਸਟਰ ਫਰੈਸ਼ਰ ਪਵਨਪ੍ਰੀਤ ਸਿੰਘ ਅਤੇ ਮਿਸ ਫਰੈਸ਼ਰ ਵੀਰਪਾਲ ਕੌਰ ਮੁੱਖ ਮਹਿਮਾਨਾਂ ਨਾਲ।

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸ ਪੀਟੀਯੂ) ਬਠਿੰਡਾ ਦੇ ਇੰਸਟੀਚਿਊਟ ਕਾਲਜ, ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀਆਈਟੀ) ਨੰਦਗੜ੍ਹ ਨੇ ਬੀਬੀਏ, ਬੀਸੀਏ, ਬੀਕਾਮ (ਆਨਰਜ) ਐੱਮਕਾਮ, ਐੱਮਬੀਏ ਅਤੇ ਹੋਰ ਕੋਰਸਾਂ ਦੇ ਨਵੇਂ ਬੈੱਚ ਦੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸ਼ਾਨਦਾਰ ਫਰੈਸ਼ਰਜ਼ ਪਾਰਟੀ-2018 ਕਰਵਾਈ ਗਈ। ਸ਼ੁਰੂਆਤ ਸੀਨੀਅਰ ਵਿਦਿਆਰਥੀਆਂ ਅਤੇ ਫੈਕਲਟੀ ਵੱਲੋਂ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕਰਨ ਦੇ ਨਾਲ ਹੋਈ।

ਇਸ ਤੋਂ ਬਾਅਦ ਗੀਤ ਮੁਕਾਬਲੇ, ਡਾਂਸ, ਗਰੁੱਪ ਸਕਿੱਟ ਅਤੇ ਗਿੱਧੇ ਦੀ ਸ਼ਾਨਦਾਰ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਪ੍ਰੋਗਰਾਮ ਦਾ ਮੁੱਖ ਆਕਰਸ਼ਨ ਫੈਸ਼ਨ ਸ਼ੋਅ ਸੀ, ਜਿਸ ਵਿਚ ਮਿਸਟਰ ਐਂਡ ਮਿਸਜ਼ ਫ੍ਰੈਸ਼ਰ ਦੇ 2018 ਦੀ ਚੋਣ ਕੀਤੀ ਗਈ। ਦਿਲਕਸ਼ ਫੈਸ਼ਨ ਸ਼ੋਅ ਦੌਰਾਨ ਪਵਨਪ੍ਰੀਤ ਸਿੰਘ ਅਤੇ ਵੀਰਪਾਲ ਕੌਰ ਨੂੰ ਮਿਸਟਰ ਅਤੇ ਮਿਸ ਫਰੈਸ਼ਰ ਐਲਾਨ ਕੀਤਾ ਗਿਆ, ਜਦੋਂ ਕਿ ਮਿਸ ਚਾਰਮਿੰਗ ਦਾ ਖਿਤਾਬ ਰਵਰੀਤ ਕੌਰ ਅਤੇ ਮਿਸਟਰ ਪਰਸਨੈਲਿਟੀ ਦਾ ਖਿਤਾਬ ਗੁਰਕੀਰਤ ਸਿੰਘ ਨੂੰ ਦਿੱਤਾ ਗਿਆ।

ਆਖੀਰ ਵਿਚ ਭੰਗੜਾ ਪ੍ਰਦਰਸ਼ਨ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਜੇਤੂਆਂ ਨੂੰ ਤੋਹਫਿਆਂ ਦੇ ਨਾਲ ਸਨਮਾਨਿਤ ਕੀਤਾ ਗਿਆ ਸੀ। ਪੀਆਈਟੀ ਡਾਇਰੈਕਟਰ, ਡਾ. ਬਲਵਿੰਦਰ ਸਿੰਘ ਸਿੱਧੂ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਨ ਅਤੇ ਜੂਨੀਅਰ ਇੰਜੀਨੀਅਰ (ਪੀਐੱਸਪੀਸੀਐੱਲ), ਸਤਪਾਲ ਸ਼ਰਮਾ ਸਤਿਕਾਰਤ ਮਹਿਮਾਨ ਸਨ। ਆਪਣੇ ਭਾਸ਼ਣ ਵਿਚ ਡਾ. ਸਿੰਘ ਨੇ ਸੰਸਥਾ ਦੇ ਵੱਖ-ਵੱਖ ਵਿਭਾਗਾਂ, ਪ੍ਰਾਪਤੀਆਂ 'ਤੇ ਚਾਨ੍ਹਣਾ ਪਾਇਆ ਅਤੇ ਨਵੇਂ ਵਿਦਿਆਰਥੀਆਂ ਨੂੰ ਵਿਆਪਕ ਉਦਯੋਗਿਕ ਤਜ਼ਰਬੇ, ਪਲੇਸਮੈਂਟ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ।

ਅਕਾਦਮਿਕ ਇੰਚਾਰਜ, ਮਿਸ ਹਰਮਨਦੀਪ ਕੌਰ, ਮੈਡਮ ਸਿਮਰਜੀਤ ਕੌਰ, ਮਿਸ ਸੰਦੀਪ ਕੌਰ ਅਤੇ ਮਿਸ ਮਨਪ੍ਰੀਤ ਕੌਰ ਧਾਲੀਵਾਲ ਨੇ ਸਮਾਰੋਹ ਦੇ ਸਫਲ ਆਯੋਜਨ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਮੌਕੇ ਪੀਆਈਟੀ ਨੰਦਗੜ੍ਹ ਦੇ ਵਿਭਾਗਾਂ ਦੇ ਮੁਖੀ ਅਤੇ ਫੈਕਲਟੀ ਮੈਂਬਰ ਇਸ ਸਮਾਗਮ ਵਿੱਚ ਮੌਜੂਦ ਸਨ। ਇਸ ਤੋਂ ਬਾਅਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਅਤੇ ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੈਰੀਅਰ ਲਈ ਸ਼ੁੱਭ ਕਾਮਨਾਵਾਂ ਦੇ ਕੇ ਪ੍ਰੇਰਿਤ ਕੀਤਾ।

ਰੋਜ਼ਾਨਾ ਸਪੋਕਸਮੈਨ | ਮੰਗਲਵਾਰ, 23 ਅਕਤੂਬਰ 2018

# ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ ਨੰਦਗੜ੍ਹ ਵਲੋਂ ਫ਼ਰੈਸਰਜ਼ ਪਾਰਟੀ




ਬਠਿੰਡਾ, 22 ਅਕਤੂਬਰ (ਸੁਖਜਿੰਦਰ ਮਾਨ) : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਦੇ ਕੰਸਟੀਚਿਊਟ ਕਾਲਜ ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀ.ਆਈ.ਟੀ.) ਨੰਦਗੜ੍ਹ ਨੇ ਬੀ.ਬੀ.ਏ., ਬੀ.ਸੀ.ਏ., ਬੀ.ਕਾਮ (ਆਨਰਜ਼) ਐਮ.ਕਾਮ, ਐਮ.ਬੀ.ਏ. ਅਤੇ ਹੋਰ ਕੋਰਸਾਂ ਦੇ ਨਵੇਂ ਬੈਚ ਦੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸ਼ਾਨਦਾਰ ਫਰੈਸਰਜ਼ ਪਾਰਟੀ-2018 ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਦੇ ਮੁੱਖ ਆਕਰਸ਼ਣ ਗੀਤ-ਸੰਗੀਤ, ਨਾਚ, ਗਰੁੱਪ ਸਕਿਟ, ਫੈਸ਼ਨ ਸ਼ੋਅ, ਗਿੱਧਾ ਅਤੇ ਭੰਗੜਾ ਸਨ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸੀਨੀਅਰ ਵਿਦਿਆਰਥੀਆਂ ਅਤੇ ਫੈਕਲਟੀ ਵਲੋਂ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕਰਨ ਦੇ ਨਾਲ ਹੋਈ। ਇਸ ਤੋਂ ਬਾਅਦ ਗੀਤ ਮੁਕਾਬਲੇ, ਡਾਂਸ, ਗਰੁੱਪ ਸਕਿੱਟ ਅਤੇ ਗਿੱਧੇ ਦੀ ਸ਼ਾਨਦਾਰ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਪ੍ਰੋਗਰਾਮ ਦਾ ਮੁੱਖ ਆਕਰਸ਼ਨ ਫੈਸ਼ਨ ਸ਼ੋਅ ਸੀ, ਜਿਸ ਵਿਚ ਮਿਸਟਰ ਐਂਡ ਮਿਸਜ਼ ਫ੍ਰੈਸ਼ਰ ਦੇ 2018 ਦੀ ਚੋਣ ਕੀਤੀ ਗਈ। ਦਿਲਕਸ਼ ਫੈਸ਼ਨ ਸ਼ੋਅ ਦੌਰਾਨ ਪਵਨਪ੍ਰੀਤ ਸਿੰਘ ਅਤੇ ਵੀਰਪਾਲ ਕੌਰ ਨੂੰ ਮਿਸਟਰ ਅਤੇ ਮਿਸ ਫਰੈਸ਼ਰ ਘੋਸ਼ਿਤ ਕੀਤਾ ਗਿਆ, ਜਦੋਂ ਕਿ ਮਿਸ ਚਾਰਮਿੰਗ ਦਾ ਖਿਤਾਬ ਰਵਰੀਤ ਕੌਰ ਅਤੇ ਮਿਸਟਰ ਪਰਸਨੈਲਿਟੀ ਦਾ ਖਿਤਾਬ ਗੁਰਕੀਰਤ ਸਿੰਘ ਨੂੰ ਦਿੱਤਾ ਗਿਆ। ਆਖੀਰ ਵਿਚ ਭੰਗੜਾ ਪ੍ਰਦਰਸ਼ਨ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਜੇਤੂਆਂ ਨੂੰ ਤੋਹਫਿਆ ਦੇ ਨਾਲ ਸਨਮਾਨਿਤ ਕੀਤਾ ਗਿਆ ਸੀ

ਪੀ.ਆਈ.ਟੀ. ਡਾਇਰੈਕਟਰ, ਡਾ. ਬਲਵਿੰਦਰ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿਚ ਸੰਸਥਾ ਦੇ ਵੱਖ ਵੱਖ ਵਿਭਾਗਾਂ, ਪ੍ਰਾਪਤੀਆਂ ਤੇ ਚਾਨ੍ਹਣਾ ਪਾਇਆ ਅਤੇ ਨਵੇਂ ਵਿਦਿਆਰਥੀਆਂ ਨੂੰ ਵਿਆਪਕ ਉਦਯੋਗਿਕ ਤਜ਼ਰਬੇ, ਪਲੇਸਮੈਂਟ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ।

ਰੋਜ਼ਾਨਾ ਸਪੋਕਸਮੈਨ | ਬੁਧਵਾਰ, 17 ਅਕਤੂਬਰ 2018

# 'ਤਰੰਨਮ-2018' ਦਾ ਜਸ਼ਨ ਸ਼ਾਨੋ-ਸ਼ੌਕਤ ਨਾਲ ਸਮਾਪਤ

ਬਠਿੰਡਾ, 16 ਅਕਤੂਬਰ (ਸੁਖਜਿੰਦਰ ਮਾਨ) : ਸਥਾਨਕ ਗਿਆਨੀ ਜ਼ੈਲ ਸਿੰਘ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਜੀ.ਜ਼ੈਡ.ਐਸ. ਸੀ.ਸੀ.ਈ.ਟੀ) ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਬਠਿੰਡਾ ਕੈਂਪਸ ਵਿਖੇ ਸਾਲਾਨਾ ਮੇਗਾ ਸਭਿਆਚਾਰਕ-ਸਾਹਿਤਕ ਤਕਨੀਕੀ ਫੈਸਟੀਵਲ 'ਤਰੰਨਮ-2018' ਵੱਖ-ਵੱਖ ਰੰਗ ਵਿਖੇਰਦਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ।

ਇਸ ਸਮਾਗਮ ਵਿਚ ਵੱਖ-ਵੱਖ ਟੈਕਨੀਕਲ ਪ੍ਰੋਗਰਾਮ, ਰਚਨਾਤਮਕ ਮੁਕਾਬਲੇ ਅਤੇ ਪ੍ਰਤਿਭਾ ਅਧਾਰਤ ਸੱਭਿਆਚਾਰਕ ਪੇਸ਼ਕਾਰੀਆਂ ਸ਼ਾਮਲ ਸਨ। ਵਿਦਿਆਰਥੀਆਂ ਨੇ ਪ੍ਰਦਰਸ਼ਨ ਕਲਾ ਦੇ ਵੱਖ-ਵੱਖ ਖੇਤਰਾਂ ਵਿੱਚ ਵੱਖ ਵੱਖ ਸਭਿਆਚਾਰਕ ਅਤੇ ਸਮਾਜਕ ਵੰਨਗੀਆਂ ਵਿਚ ਹਿੱਸਾ ਲੈ ਕੇ ਖੂਬ ਆਨੰਦ ਮਾਣਿਆ । ਫੈਸ਼ਨ ਸ਼ੋਅ, ਸਕਿਟਸ, ਗਾਣੇ, ਡਾਂਸ, ਰੈਪ, ਬੈਂਡ ਪੇਸ਼ਕਾਰੀ, ਅਤੇ ਭੰਗੜਾ ਸਮਾਗਮ ਦੇ ਮੁੱਖ ਆਕਰਸ਼ਣ ਸਨ।

ਆਖਰੀ ਦਿਨ ਬਠਿੰਡਾ ਮਿਲਟਰੀ ਸਟੇਸ਼ਨ ਦੇ ਚੀਫ ਇੰਜਨੀਅਰ ਬ੍ਰਿਗੇਡੀਅਰ ਆਰ. ਕੇ. ਸਚਦੇਵਾ ਤਰੰਨਮ-2018 ਦੇ ਮੁੱਖ ਮਹਿਮਾਨ ਸਨ ਅਤੇ ਉਨ੍ਹਾਂ ਨੇ 'ਤਰੰਨਮ-2018' ਦਾ ਸੋਵੀਨਾਰ ਰਿਲੀਜ਼ ਕੀਤਾ।ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਨੌਜਵਾਨਾਂ ਦੇ ਦਿਮਾਗਾਂ ਨੂੰ ਰੋਸ਼ਨਾਉਣ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਚਮਕਾਉਣ ਲਈ ਅਜਿਹੇ ਤਕਨੀਕੀ-ਸਭਿਆਚਾਰਕ ਸਮਾਗਮਾਂ ਦੇ ਯੋਗਦਾਨ ਨੂੰ ਉਜਾਗਰ ਕਰਦੇ ਹੋਏ, ਬ੍ਰਿਗੇਡੀਅਰ, ਸ਼੍ਰੀ ਆਰ. ਕੇ. ਸਚਦੇਵਾ ਨੇ ਵਿਦਿਆਰਥੀਆਂ ਨੂੰ ਸਮੁੱਚੇ ਵਿਕਾਸ ਲਈ ਸਹਿ-ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਕੈਂਪਸ ਦੇ ਡਾਇਰੈਕਟਰ, ਪ੍ਰੋ. ਗੁਰਸ਼ਰਨ ਸਿੰਘ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਸੰਗਠਨਾਤਮਕ ਹੁਨਰ ਦੀ ਪ੍ਰਾਪਤੀ ਦੇ ਮਹੱਤਵ 'ਤੇ ਜ਼ੋਰ ਦਿੱਤਾ। ਐਮ.ਆਰ.ਐਸ.ਪੀ.ਟੀ.ਯੂ., ਡੀਨ, ਵਿਦਿਆਰਥੀ ਭਲਾਈ, ਪ੍ਰੋ. ਆਰ.ਕੇ. ਬਾਂਸਲ ਨੇ ਵਿਦਿਆਰਥੀਆਂ, ਭਾਗੀਦਾਰਾਂ, ਵੱਖ-ਵੱਖ ਸਮਾਗਮਾਂ ਦੇ ਜੇਤੂਆਂ ਅਤੇ ਆਯੋਜਕਾਂ ਨੂੰ ਇਸ ਸਮਾਗਮ ਲਈ ਵਧਾਈ ਦਿਤੀ।



ਜਗ ਬਾਣੀ WEDNESDAY • 17.10.2018

# ਯੂਨੀਵਰਸਿਟੀ ਕੈਂਪਸ 'ਚ ਤਰੰਨਮ-2018 ਦਾ ਜਸ਼ਨ ਸ਼ਾਨੋ-ਸ਼ੌਕਤ ਨਾਲ ਸੰਪੰਨ



ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ 'ਚ ਸੰਸਕ੍ਰਿਤੀ ਪ੍ਰੋਗਰਾਮ ਦੌਰਾਨ ਪ੍ਰਦਰਸ਼ਨ ਕਰਦੇ ਵਿਦਿਆਰਥੀ। (ਸਿੱਧੂ)

ਬਠਿੰਡਾ, 16 ਅਕਤੂਬਰ (ਵਰਮਾ)- ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ. ਜ਼ੈੱਡ. ਐੱਸ. ਸੀ. ਸੀ. ਈ. ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.) ਬਠਿੰਡਾ ਕੈਂਪਸ ਵਿਚ ਸਾਲਾਨਾ ਮੈਗਾ ਸੰਸਕ੍ਰਿਤਿਕ-ਸਾਹਿਤਿਕ ਤਕਨੀਕੀ ਫੈਸਟੀਵਲ ਤਰੰਨਮ-2018 ਵੱਖ-ਵੱਖ ਰੰਗ ਬਿਖੇਰ ਕੇ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ।

ਇਸ ਸਮਾਗਮ ਵਿਚ ਵੱਖ-ਵੱਖ ਟੈਕਨੀਕਲ ਪ੍ਰੋਗਰਾਮ, ਰਚਨਾਤਕ ਮੁਕਾਬਲੇ ਅਤੇ ਪ੍ਰਤਿਭਾ ਆਧਾਰਿਤ ਸੰਸਕ੍ਰਿਤਿਕ ਪੇਸ਼ਕਾਰੀ ਸ਼ਾਮਲ ਸੀ। ਵਿਦਿਆਰਥੀਆਂ ਨੇ ਪ੍ਰਦਰਸ਼ਨੀ ਕਲਾ ਵਿਚ ਵੱਖ-ਵੱਖ ਖੇਤਰਾਂ ਵਿਚ ਸੰਸਕ੍ਰਿਤਿਕ ਅਤੇ ਸਮਾਜਿਕ ਪ੍ਰੋਗਰਾਮ ਵਿਚ ਹਿੱਸਾ ਲੈ ਕੇ ਖੂਬ ਆਨੰਦ ਮਾਣਿਆ। ਫੈਸ਼ਨ ਸ਼ੋਅ, ਗਾਣੇ, ਡਾਂਸ, ਰੈਪ, ਬੈਂਡ ਪੇਸ਼ਕਾਰੀ ਅਤੇ ਭੰਗੜਾ ਸਮਾਗਮ ਵਿਚ ਆਕਰਸ਼ਣ ਦਾ ਕੇਂਦਰ ਬਣਿਆ। ਆਖਰੀ ਦਿਨ ਚੀਫ ਇੰਜੀਨੀਅਰ, ਬ੍ਰਿਗੇਡੀਅਰ ਆਰ. ਕੇ. ਸਚਦੇਵਾ ਤਰੰਨਮ-2018 ਦੇ ਮੁੱਖ ਮਹਿਮਾਨਾਂ ਨੇ ਤਰੰਨਮ-2018 ਦਾ ਸਮਾਰੀਕਾ ਜਾਰੀ ਕੀਤਾ। ਆਪਣੇ ਪ੍ਰੇਰਣਾਦਾਇਕ ਭਾਸ਼ਣ ਵਿਚ ਨੌਜਵਾਨਾਂ ਦੇ ਦਿਮਾਗ ਨੂੰ ਰੌਸ਼ਨ ਅਤੇ ਉਨ੍ਹਾਂ ਦੇ ਵਿਅਕਤੀਤਵ ਨੂੰ ਬਿਹਤਰ ਬਣਾਉਣ ਲਈ ਅਜਿਹੇ ਤਕਨੀਕ, ਸੰਸਕ੍ਰਿਤਿਕ ਸਮਾਗਮਾਂ ਦੇ ਯੋਗਦਾਨ ਨੂੰ ਉਜਾਗਰ ਕਰਦਿਆਂ ਬ੍ਰਿਗੇਡੀਅਰ ਆਰ. ਕੇ. ਸਚਦੇਵਾ ਨੇ ਵਿਦਿਆਰਥੀਆਂ ਨੂੰ ਵਿਕਾਸ ਲਈ ਅਜਿਹੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕੈਂਪਸ ਦੇ ਡਾਇਰੈਕਟਰ ਗੁਰਸ਼ਰਨ ਸਿੰਘ ਨੇ ਇਨ੍ਹਾਂ ਗਤੀਵਿਧੀਆਂ ਵਿਚ ਹਿੱਸਾ ਲੈਣ ਅਤੇ ਸੰਗਠਨਾਤਮਕ ਹੁਨਰ ਦੀ ਪ੍ਰਾਪਤੀ ਦੇ ਮਹੱਤਵ 'ਤੇ ਜ਼ੋਰ ਦਿੱਤਾ।

ਐੱਮ. ਆਰ. ਐੱਸ. ਪੀ. ਟੀ. ਯੂ. ਡੀਨ ਵਿਦਿਆਰਥੀਆਂ ਭਲਾਈ ਆਰ. ਕੇ. ਬਾਂਸਲ ਨੇ ਵਿਦਿਆਰਥੀਆਂ, ਭਾਗੀਦਾਰਾਂ ਤੇ ਵੱਖ-ਵੱਖ ਸਮਾਗਮਾਂ ਦੇ ਜਿੱਤੇ ਅਤੇ ਆਯੋਜਕਾਂ ਨੂੰ ਇਸ ਸ਼ਾਨਦਾਰ ਸੰਸਕ੍ਰਿਤੀ ਮੇਲੇ ਨੂੰ ਸਫਲਤਾਪੂਰਵਕ ਆਯੋਜਨ ਲਈ ਵਧਾਈ ਦਿੱਤੀ। ਅੰਤ ਵਿਚ ਮੁੱਖ ਮਹਿਮਾਨ ਅਤੇ ਹੋਰ ਮਹਾਨ ਸ਼ਖਸੀਅਤਾਂ ਨੇ ਜੇਤੂਆਂ ਨੂੰ ਸਨਮਾਨਤ ਕੀਤਾ।

ਅਜੀਤ

ਮੰਗਲਵਾਰ, 16 ਅਕਤੂਬਰ, 2018

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿਖੇ ਨਿਟਕੌਨ ਵਲੋਂ ਸਪਾਂਸਰ ਉਦਯੋਗਪਤੀ ਜਾਗਰੂਕਤਾ ਕੈਂਪ

ਬਠਿੰਡਾ, 15 ਅਕਤੂਬਰ (ਕੰਵਲਜੀਤ ਸਿੰਘ ਸਿੱਧੂ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿਖੇ ਉਦਯੋਗਿਕ ਵਿਕਾਸ ਕਮ ਬਿਜ਼ਨਸ ਇਨਕਿਊਬੇਸ਼ਨ ਸੈਲ (ਈ. ਡੀ. ਬੀ. ਆਈ. ਸੀ.) ਨਿਟਕੌਨ, ਚੰਡੀਗੜ੍ਹ ਅਤੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਲੋਂ ਲਗਾਇਆ ਗਿਆ। ਕੈਂਪ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਕੈਰੀਅਰ ਦੇ ਤੌਰ ਤੇ ਉੱਦਮ ਨੂੰ ਅਪਣਾਉਣ ਦੀ ਮਹੱਤਤਾ ਬਾਰੇ ਜਾਣੂ ਕਰਾਉਣਾ ਸੀ। ਕੈਂਪ ਵਿਚ ਬੀ.ਟੈੱਕ, ਐਮ. ਬੀ. ਏ., ਐਮ.ਫਾਰਮ ਅਤੇ ਐਮ. ਐਸ. ਸੀ. ਦੇ ਵਿਦਿਆਰਥੀਆਂ ਨੇ ਭਾਗ ਲਿਆ। ਸੰਸਥਾ ਦੇ ਮੁੱਖ ਬੁਲਾਰੇ ਪ੍ਰੋ. ਮਨੀਸ਼ ਬਾਂਸਲ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੌਜੂਦਾ ਕਾਰਪੋਰੇਟ ਵਾਤਾਵਰਣ ਦਾ ਅਧਿਐਨ ਕਰਨਾ ਚਾਹੀਦਾ ਹੈ, ਜਿਸ ਨਾਲ ਉਹ ਰੁਜ਼ਗਾਰ ਮੰਗਣ ਦੀ ਬਜਾਏ ਰੁਜ਼ਗਾਰ ਦਾਤਾ ਬਣ ਸਕਦੇ ਹਨ। ਨਿਟਕੌਨ ਦੇ ਜ਼ਿਲ੍ਹਾ ਕੋਆਰਡੀਨੇਟਰ, ਇੰਜ: ਅੰਕੁਸ਼ ਜਿੰਦਲ ਨੇ ਉੱਦਮ ਦੀ ਸ਼ੁਰੂਆਤ ਲਈ ਬੁਨਿਆਦੀ ਤੱਤਾਂ ਨੂੰ ਉਜਾਗਰ ਕੀਤਾ। ਯੂਨੀਵਰਸਿਟੀ, ਈ.ਡੀ.ਬੀ.ਆਈ.ਸੀ., ਚੀਫ਼ ਕੋਆਰਡੀਨੇਟਰ, ਪ੍ਰੋ. ਏ.ਕੇ. ਗੋਇਲ ਨੇ ਉੱਦਮ ਦੀਆਂ ਵਿਸ਼ੇਸ਼ਤਾਵਾਂ 'ਤੇ ਰੌਸ਼ਨੀ ਪਾਈ। ਚੰਚਲ ਕੁਮਾਰ, ਐਮ.ਡੀ., ਪੀ.ਪੀ. ਟਰਾਂਸਫ਼ਾਰਮਰ ਇੰਡਸਟਰੀਜ਼, ਬਠਿੰਡਾ ਨੇ ਵਿਦਿਆਰਥੀਆਂ ਨਾਲ ਉਦਯੋਗੀਕਰਨ ਬਾਰੇ ਆਪਣੀ ਉੱਦਮੀ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ। ਯੂਨੀਵਰਸਿਟੀ, ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸ਼ਰ, ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਅਤੇ ਕੈਂਪਸ ਦੇ ਡਾਇਰੈਕਟਰ, ਪ੍ਰੋ. (ਡਾ) ਗੁਰਸ਼ਰਨ ਸਿੰਘ ਨੇ ਯੂਨੀਵਰਸਿਟੀ ਦੇ ਈ.ਡੀ.ਬੀ.ਆਈ.ਸੀ. ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੇ ਤੌਰ 'ਤੇ ਉੱਦਮ ਨੂੰ ਅਪਣਾਉਣਾ ਵੀ ਸਮੇਂ ਦੀ ਲੋੜ ਹੈ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜੇ.ਐਸ. ਟਿਵਾਣਾ ਅਤੇ ਡਾ. ਪ੍ਰਿਤਪਾਲ ਸਿੰਘ ਭੁਲਰ ਵਲੋਂ ਕੀਤਾ ਗਿਆ। ਡਾ. ਕੇਵਲ ਕੁਮਾਰ ਅਤੇ ਡਾ. ਵੇਦ ਪ੍ਰਕਾਸ਼ ਇਸ ਜਾਗਰੂਕਤਾ ਕੈਂਪ ਦੇ ਕਨਵੀਨਰ ਸਨ।



ਯੂਨੀਵਰਸਿਟੀ, ਬਠਿੰਡਾ ਵਿਖੇ ਕਰਵਾਇਆ ਨਿਟਕੌਨ ਵਲੋਂ ਸਪਾਂਸਰ ਉਦਯੋਗਪਤੀ ਜਾਗਰੂਕਤਾ ਕੈਂਪ ਦੀ ਤਸਵੀਰ। ਤਸਵੀਰ: ਸੰਨੀ ਠਾਕੁਰ

ਰੋਜ਼ਾਨਾ ਸਪੋਕਸਮੈਨ
ਮੰਗਲਵਾਰ, 16 ਅਕਤੂਬਰ 2018

# ਟੈਕਨੀਕਲ ਯੂਨੀਵਰਸਟੀ 'ਚ ਜਾਗਰੂਕਤਾ ਕੈਂਪ




**ਬਠਿੰਡਾ, 15 ਅਕਤੂਬਰ (ਸੁਖਜਿੰਦਰ ਮਾਨ)** : ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਦਯੋਗਿਕ ਵਿਕਾਸ ਕਮ ਬਿਜ਼ਨੇਸ ਇਨਕਿਊਬੇਸ਼ਨ ਸੈਲ (ਈ.ਡੀ.ਬੀ.ਆਈ.ਸੀ.) ਵਲੋਂ ਨਿਟਕੋਨ ਚੰਡੀਗੜ੍ਹ ਅਤੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਲੋਂ ਸਪਾਂਸਰ ਦੋ-ਦਿਨਾਂ ਵਿਸ਼ੇਸ਼ ਉੱਦਮੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮੁੱਖ ਔਦੇਸ਼ ਵਿਦਿਆਰਥੀਆਂ ਨੂੰ ਕੈਰਿਅਰ ਦੇ ਤੌਰ ਤੇ ਉੱਦਮ ਨੂੰ ਅਪਣਾਉਣ ਦੀ ਮਹਤੱਤਾ ਬਾਰੇ ਜਾਣੋ ਕਰਾਉਣਾ ਸੀ। ਇੱਸ ਕੈਂਪ ਵਿੱਚ ਬੀ.ਟੈਕ, ਐਮ.ਬੀ.ਏ., ਐਮ.ਫਾਰਮ ਅਤੇ ਐਮ.ਐੱਸ.ਸੀ. ਦੇ ਵਿਦਿਆਰਥੀਆਂ ਨੇ ਭਾਗ ਲਿਆ। ਮੁੱਖ ਬੁਲਾਰੇ ਪੋ. ਮਨੀਸ਼ ਬਾਂਸਲ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਮੌਜੂਦਾ ਕਾਰਪੋਰੇਟ ਵਾਤਾਵਰਣ ਦਾ ਅਧਿਐਨ ਕਰਨਾ ਚਾਹੀਦਾ ਹੈ, ਜਿਸ ਨਾਲ ਉਹ ਰੁਜ਼ਗਾਰ ਮੰਗਣ ਦੀ ਬਜਾਏ ਰੁਜ਼ਗਾਰ ਦਾਤਾ ਬਣ ਸਕਦੇ ਹਨ। ਯੂਨੀਵਰਸਿਟੀ, ਵਾਈਸ ਚਾਂਸਲਰ, ਪ੍ਰੋ. ਮੋਹਨ ਪਾਲ ਸਿੰਘ ਈਸ਼ਰ, ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਅਤੇ ਕੈਂਪਸ ਦੇ ਡਾਇਰੈਕਟਰ, ਪ੍ਰੋ. (ਡਾ) ਗੁਰਸ਼ਰਨ ਸਿੰਘ ਨੇ ਯੂਨੀਵਰਸਿਟੀ ਦੇ ਈ.ਡੀ.ਬੀ.ਆਈ.ਸੀ. ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੇ ਤੌਰ ਤੇ ਉਦੱਮ ਨੂੰ ਅਪਣਾਉਣਾ ਵੀ ਸਮੇਂ ਦੀ ਲੋੜ ਹੈ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜੇ.ਐਸ. ਟਿਵਾਣਾ ਅਤੇ ਡਾ. ਪ੍ਰਿਤਪਾਲ ਸਿੰਘ ਭੁੱਲਰ ਵੱਲੋਂ ਕੀਤਾ ਗਿਆ। ਡਾ. ਕੇਵਲ ਕੁਮਾਰ ਅਤੇ ਡਾ. ਵੇਦ ਪ੍ਰਕਾਸ਼ ਇਸ ਜਾਗਰੂਕਤਾ ਕੈਂਪ ਦੇ ਕਨਵੀਨਰ ਸਨ।

ਪੰਜਾਬੀ ਜਾਗਰਣ ਜਲੰਧਰ 10 ਅਕਤੂਬਰ 2018



ਜੇਤੂ ਖਿਡਾਰੀ ਮੁੱਖ ਮਹਿਮਾਨ ਅਤੇ ਹੋਰ ਅਧਿਕਾਰੀਆਂ ਨਾਲ।

# ਮਹਾਰਾਜਾ ਰਣਜੀਤ ਸਿੰਘ 'ਵਰਸਿਟੀ 'ਚ ਬੈਡਮਿੰਟਨ ਟੂਰਨਾਮੈਂਟ ਸ਼ੁਰੂ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋਂ ਸਥਾਨਕ ਸਿਵਲ ਲਾਈਨਜ਼ ਕਲੱਬ ਵਿਖੇ ਦੋ ਰੋਜ਼ਾ ਅੰਤਰ-ਕਾਲਜ ਬੈਡਮਿੰਟਨ ਟੂਰਨਾਮੈਂਟ 2018-19 ਦਾ ਆਯੋਜਨ ਕੀਤਾ ਗਿਆ। ਟੂਰਨਾਮੈਂਟ ਲੀਗ ਦੇ ਆਧਾਰ 'ਤੇ ਕਰਵਾਇਆ ਗਿਆ ਸੀ। ਇਸ ਮੌਕੇ ਲੜਕੀਆਂ ਦੇ ਵਰਗ ਵਿੱਚ, ਮੇਜ਼ਬਾਨ ਐਮਆਰਐਸ ਪੀਟੀਯੂ ਦੇ ਮੁੱਖ ਕੈਂਪਸ ਕੁੜੀਆਂ ਦੀ ਟੀਮ ਨੇ 9 ਅੰਕ ਪ੍ਰਾਪਤ ਕਰਕੇ ਇਹ ਮੁਕਾਬਲਾ ਜਿੱਤਿਆ, ਜਦਕਿ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਦਿਓਣ ਨੇ 6 ਅੰਕਾਂ ਨਾਲ ਦੂਜਾ ਸਥਾਨ ਅਤੇ ਲਾਲਾ ਲਾਜਪਤ ਰਾਏ ਕਾਲਜ ਆਫ ਫਾਰਮੇਸੀ, ਮੋਗਾ 3 ਪੁਆਇੰਟ ਦੇ ਨਾਲ ਤੀਜਾ ਸਥਾਨ ਹਾਸਿਲ ਕੀਤਾ। ਮੁੰਡਿਆਂ ਦੇ ਵਰਗ ਵਿੱਚ ਐਲਐਲਆਰਸੀਪੀ ਮੋਗਾ ਟੀਮ ਨੇ 9 ਪੁਆਇੰਟਾਂ ਨਾਲ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਐਮਆਰਐਸ ਪੀਟੀਯੂ ਦੇ ਮੁੱਖ ਕੈਂਪਸ ਦੀ ਟੀਮ ਨੇ 6 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਬੀਐਫਸੀਈਟੀ ਦਿਓਣ ਦੀ ਟੀਮ ਨੇ 3 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਅੱਜ ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ ਡਾਇਰੈਕਟਰ ਖੇਡਾਂ ਅਤੇ ਯੂਥ ਵੈਲਫੇਅਰ ਐਮਆਰਐਸ ਪੀਟੀਯੂ ਦੁਆਰਾ ਕੀਤਾ ਗਿਆ।

ਆਖਰੀ ਦਿਨ ਮੁੱਖ ਮਹਿਮਾਨ ਪ੍ਰੋ. ਕਰਨਵੀਰ ਸਿੰਘ, ਕੰਟਰੋਲਰ ਪ੍ਰੀਖਿਆ, ਐਮਆਰਐਸ ਪੀਟੀਯੂ ਬਠਿੰਡਾ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ, ਸਿਕੰਦਰ ਸਿੰਘ ਸਿੱਧੂ ਸਹਾਇਕ ਡਾਇਰੈਕਟਰ ਖੇਡਾਂ ਨੇ ਜੇਤੂਆਂ ਨੂੰ ਪੁਰਸਕਾਰ ਦਿੱਤੇ। ਇਸ ਮੌਕੇ ਸਪੋਰਟਸ ਅਫਸਰ ਦਿਲਬਾਗ ਸਿੰਘ, ਡਾ. ਸੁਖਵਿੰਦਰ ਸਿੰਘ ਡੀਪੀਈ ਅਤੇ ਹਰਮਨਜੋਤ ਕੌਰ ਡੀਪੀਈ ਹਾਜ਼ਰ ਸਨ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਟੀ ਵਿਖੇ ਕਰਵਾਇਆ ਇੰਟਰ-ਕਾਲਜ ਕਬੱਡੀ ਟੂਰਨਾਮੈਂਟ




ਬਠਿੰਡਾ, 4 ਅਕਤੂਬਰ (ਸੁਖਜਿੰਦਰ ਮਾਨ): ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਵਿਖੇ ਦੋ ਦਿਨਾ ਨੈਸ਼ਨਲ ਸਟਾਈਲ ਅੰਤਰ-ਕਾਲਜ ਕਬੱਡੀ ਟੂਰਨਾਮੈਂਟ 2018-19 ਦਾ ਆਯੋਜਨ ਕੀਤਾ ਗਿਆ, ਜੋ ਅੱਜ ਕੈਂਪਸ ਗਰਾਊਂਡ ਵਿਖੇ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ।

## ● ਮੇਜ਼ਬਾਨ ਯੂਨੀਵਰਸਟੀ ਕੈਂਪਸ ਨੇ ਜਿੱਤਿਆ ਟਾਈਟਲ

ਮੇਜ਼ਬਾਨ ਐਮ.ਆਰ.ਐਸ.ਪੀ.ਟੀ.ਯੂ. ਮੁੱਖ ਕੈਂਪਸ ਦੀ ਟੀਮ ਨੇ ਅੰਤਰ ਕਾਲਜ ਕਬੱਡੀ ਮੁਕਾਬਲਾ ਜਿੱਤਿਆ, ਜਦੋਂ ਕਿ ਕੇ.ਸੀ.ਟੀ.ਸੀ.ਈ.ਟੀ., ਫਤਹਿਗੜ੍ਹ (ਸੰਗਰੂਰ) ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਬੀ.ਜੀ.ਸੀ., ਸਰਦੂਲਗੜ੍ਹ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਫਾਈਨਲ ਮੁਕਾਬਲੇ ਵਿੱਚ ਜੇਤੂ ਕੈਂਪਸ ਟੀਮ ਨੇ ਬੇਹਦ ਰੋਚਕ ਤੇ ਫਸਵੇਂ ਮੁਕਾਬਲੇ ਵਿਚ ਸੰਗਰੂਰ ਦੀ ਟੀਮ ਨੂੰ 61 ਦੇ ਮੁਕਾਬਲੇ 45 ਅੰਕਾ ਨਾਲ ਹਰਾਇਆ। ਇਸ ਮੌਕੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ) ਮੋਹਨ ਪਾਲ ਸਿੰਘ ਈਸ਼ਰ ਨੇ ਵਿਦਿਆਰਥੀਆਂ ਨੂੰ ਮਿਸਾਲੀ ਖਿਡਾਰੀਆਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਨਤੀਜਿਆਂ ਬਾਰੇ ਪਰੇਸ਼ਾਨ ਰਹਿਣ ਤੋਂ ਬਿਨਾਂ ਇਕ ਸੱਚੀ ਖੇਡ ਦੀ ਭਾਵਨਾ ਨਾਲ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ, ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਵੀ ਜੇਤੂਆਂ ਨੂੰ ਵਧਾਈ ਦਿੱਤੀ। ਜੇਤੂਆਂ ਨੂੰ ਟਰਾਫ਼ੀਆਂ ਅਤੇ ਇਨਾਮਾਂ ਨਾਲ ਸਨਮਾਨਤ ਕੀਤਾ। ਇਸ ਮੌਕੇ ਐਮ.ਆਰ.ਐਸ. ਪੀ.ਟੀ.ਯੂ. ਡਾਇਰੈਕਟਰ ਖੇਡਾਂ ਅਤੇ ਯੁਵਕ ਭਲਾਈ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ, ਸਹਾਇਕ ਡਾਇਰੈਕਟਰ, ਖੇਡਾਂ ਇੰਜ: ਸਿਕੰਦਰ ਸਿੰਘ ਸਿੱਧੂ, ਡਾ. ਸੁਖਵਿੰਦਰ ਸਿੰਘ (ਡੀ.ਪੀ.ਈ.) ਅਤੇ ਮਿਸਜ਼ ਹਰਮਨਜੋਤ ਕੌਰ (ਡੀ.ਪੀ.ਈ.) ਸ਼ਾਮਲ ਸਨ।

ਜਲੰਧਰ 5 ਅਕਤੂਬਰ 2018 ਪੰਜਾਬੀ ਜਾਗਰਣ | 3



ਜੇਤੂ ਟਰਾਫੀਆਂ ਨਾਲ ਟੀਮਾਂ।

# ਐੱਮਆਰਐੱਸ ਪੀਟੀਯੂ ਨੇ ਜਿੱਤਿਆ ਕਬੱਡੀ ਮੁਕਾਬਲਾ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਐਮਆਰਐਸਪੀਟੀਯੂ) ਵਿਖੇ ਦੋ ਦਿਨਾ ਨੈਸ਼ਨਲ ਸਟਾਈਲ ਅੰਤਰ-ਕਾਲਜ ਕਬੱਡੀ ਟੂਰਨਾਮੈਂਟ 2018-19 ਕਰਵਾਇਆ ਗਿਆ। ਮੇਜ਼ਬਾਨ ਐਮਆਰਐਸਪੀਟੀਯੂ ਮੁੱਖ ਕੈਂਪਸ ਦੀ ਟੀਮ ਨੇ ਅੰਤਰ ਕਾਲਜ ਕਬੱਡੀ ਮੁਕਾਬਲਾ ਜਿੱਤਿਆ, ਜਦੋਂਕਿ ਕੇਸੀਟੀਸੀਈਟੀ ਫਤਹਿਗੜ੍ਹ (ਸੰਗਰੂਰ) ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਬੀਜੀਸੀ ਸਰਦੂਲਗੜ੍ਹ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਫਾਈਨਲ ਮੁਕਾਬਲੇ ਵਿੱਚ ਜੇਤੂ ਕੈਂਪਸ ਟੀਮ ਨੇ ਬੇਹਦ ਰੌਚਕ ਤੇ ਫਸਵੇਂ ਮੁਕਾਬਲੇ ਵਿਚ ਸੰਗਰੂਰ ਦੀ ਟੀਮ ਨੂੰ 61 ਦੇ ਮੁਕਾਬਲੇ 45 ਅੰਕਾਂ ਨਾਲ ਹਰਾਇਆ। ਇਸ ਤੋਂ ਪਹਿਲਾਂ ਕੇਸੀਟੀਸੀਈਟੀ ਫਤਿਹਗੜ੍ਹ (ਸੰਗਰੂਰ) ਨੇ ਟੂਰਨਾਮੈਂਟ ਦੇ ਪਹਿਲੇ ਮੈਚ ਵਿੱਚ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਦਿਓਣ) ਦੀ ਟੀਮ ਨੂੰ ਹਰਾਇਆ। ਜਦੋਂ ਕਿ ਐਮਆਰਐਸਪੀਟੀਯੂ ਕੈਂਪਸ ਅਤੇ ਬੀਜੀਸੀ ਸਰਦੂਲਗੜ੍ਹ ਦੀਆਂ ਟੀਮਾਂ ਨੇ ਵੀ ਆਪਣੇ-ਆਪਣੇ ਮੈਚ ਜਿੱਤੇ।

ਇਸ ਮੌਕੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ) ਮੋਹਨ ਪਾਲ ਸਿੰਘ ਈਸਰ ਨੇ ਵਿਦਿਆਰਥੀਆਂ ਨੂੰ ਮਿਸਾਲੀ ਖਿਡਾਰੀਆਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਨਤੀਜਿਆਂ ਬਾਰੇ ਪਰੇਸ਼ਾਨ ਰਹਿਣ ਤੋਂ ਬਿਨ੍ਹਾਂ ਇਕ ਸੱਚੀ ਖੇਡ ਦੀ ਭਾਵਨਾ ਨਾਲ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ, ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਵੀ ਜੇਤੂਆਂ ਨੂੰ ਵਧਾਈ ਦਿੱਤੀ। ਪ੍ਰੋ. ਈਸ਼ਰ ,ਡਾ. ਹੁੰਦਲ ਅਤੇ ਹੋਰ ਮਹਿਮਾਨਾਂ ਨੇ ਜੇਤੂਆਂ ਨੂੰ ਟਰਾਫੀਆਂ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਹਾਜਰ ਪ੍ਰਮੁੱਖ ਵਿਅਕਤੀਆਂ ਵਿੱਚ ਐਮਆਰਐਸਪੀਟੀਯੂ, ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ, ਸਹਾਇਕ ਡਾਇਰੈਕਟਰ, ਖੇਡਾਂ, ਇੰਜ: ਸਿਕੰਦਰ ਸਿੰਘ ਸਿੱਧੂ, ਡਾ. ਸੁਖਵਿੰਦਰ ਸਿੰਘ (ਡੀਪੀਈ) ਅਤੇ ਮਿਸਜ ਹਰਮਨਜੋਤ ਕੌਰ (ਡੀਪੀਈ) ਸ਼ਾਮਲ ਸਨ।

# ਅਜੀਤ

ਸ਼ੁੱਕਰਵਾਰ, 5 ਅਕਤੂਬਰ 2018


## ਅੰਤਰ-ਕਾਲਜ ਕਬੱਡੀ ਟੂਰਨਾਮੈਂਟ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਦੀ ਟੀਮ ਨੇ ਜਿੱਤਿਆ

ਬਠਿੰਡਾ, 4 ਅਕਤੂਬਰ (ਅੰਮ੍ਰਿਤਪਾਲ ਸਿੰਘ ਵਲ੍ਹਾਣ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਵਿਖੇ ਚੱਲ ਰਿਹਾ ਅੰਤਰ-ਕਾਲਜ ਨੈਸ਼ਨਲ ਸਟਾਈਲ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਟੂਰਨਾਮੈਂਟ ਵਿਚ ਮੇਜ਼ਬਾਨ ਐਮ.ਆਰ.ਐਸ.ਪੀ.ਟੀ.ਯੂ., ਮੁੱਖ ਕੈਂਪਸ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਅੰਤਰ ਕਾਲਜ ਕਬੱਡੀ ਟੂਰਨਾਮੈਂਟ ਜਿੱਤ ਲਿਆ ਹੈ। ਕੇ.ਸੀ.ਟੀ.ਸੀ.ਈ.ਟੀ, ਫ਼ਤਿਹਗੜ੍ਹ ਛੰਨਾਂ (ਸੰਗਰੂਰ) ਦੀ ਟੀਮ ਨੇ ਦੂਜਾ ਸਥਾਨ ਅਤੇ ਬੀ.ਜੀ.ਸੀ., ਸਰਦੂਲਗੜ੍ਹ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਤੋਂ ਪਹਿਲਾ ਕੇ.ਸੀ.ਟੀ.ਸੀ.ਈ.ਟੀ., ਫ਼ਤਿਹਗੜ੍ਹ ਛੰਨਾ (ਸੰਗਰੂਰ) ਨੇ ਟੂਰਨਾਮੈਂਟ ਦੇ ਪਹਿਲੇ ਮੈਚ ਵਿਚ ਬਾਬਾ ਫ਼ਰੀਦ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨੌਲੋਜੀ (ਦਿਉਣ) ਦੀ ਟੀਮ ਨੂੰ ਹਰਾਇਆ। ਜਦੋਂ ਕਿ ਐਮ.ਆਰ.ਐਸ.ਪੀ.ਟੀ.ਯੂ., ਕੈਂਪਸ ਅਤੇ ਬੀ.ਜੀ.ਸੀ., ਸਰਦੂਲਗੜ੍ਹ ਦੀਆਂ ਟੀਮਾਂ ਨੇ ਵੀ ਆਪਣੇ-ਆਪਣੇ ਮੈਚ ਜਿੱਤੇ। ਇਸ ਮੌਕੇ ਮੁੱਖ ਮਹਿਮਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਖਿਡਾਰੀਆਂ ਨੂੰ ਮਿਸਾਲੀ ਖਿਡਾਰੀਆਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਖਿਡਾਰੀਆਂ ਨੂੰ ਨਤੀਜਿਆਂ ਬਾਰੇ ਨਹੀਂ ਸੋਚਣਾ ਚਾਹੀਦਾ, ਸਿਰਫ਼ ਸੱਚੀ-ਸੁੱਚੀ ਖੇਡ ਦੀ ਭਾਵਨਾ ਨਾਲ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ, ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਵੀ ਜੇਤੂਆਂ ਨੂੰ ਵਧਾਈ ਦਿੱਤੀ। ਪ੍ਰੋ. ਈਸ਼ਰ, ਡਾ. ਹੁੰਦਲ ਅਤੇ ਹੋਰ ਮਹਿਮਾਨਾਂ ਨੇ ਜੇਤੂਆਂ ਨੂੰ ਟਰਾਫ਼ੀਆਂ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਐਮ.ਆਰ.ਐਸ.ਪੀ.ਟੀ.ਯੂ., ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ, ਸਹਾਇਕ ਡਾਇਰੈਕਟਰ, ਖੇਡਾਂ, ਇੰਜ: ਸਿਕੰਦਰ ਸਿੰਘ ਸਿੱਧੂ, ਡਾ. ਸੁਖਵਿੰਦਰ ਸਿੰਘ (ਡੀ.ਪੀ.ਈ.) ਅਤੇ ਮਿਸਿਜ਼ ਹਰਮਨਜੋਤ ਕੌਰ (ਡੀ.ਪੀ.ਈ.) ਆਦਿ ਮੌਜੂਦ ਸਨ।



ਅੰਤਰ-ਕਾਲਜ ਕਬੱਡੀ ਟੂਰਨਾਮੈਂਟ ਦੀ ਜੇਤੂ ਐਮ.ਆਰ.ਐਸ.ਪੀ.ਟੀ.ਯੂ., ਕੈਂਪਸ ਟੀਮ ਨੂੰ ਸਨਮਾਨਿਤ ਕਰਦੇ ਹੋਏ ਵਾਈਸ ਚਾਂਸਲਰ ਪ੍ਰੋ. ਮੋਹਨ ਪਾਲ ਸਿੰਘ ਈਸ਼ਰ ਤੇ ਹੋਰ। ਤਸਵੀਰ: ਸੋਨੀ ਠਾਕੁਰ

दैनिक जागरण लुधियाना/बठिंडा, 26 अक्टूबर 2018

# फेस्टिवल 'महक पंजाब दी' का किया आगाज

जागरण संवाददाता, बठिंडा : महाराजा रणजीत सिंह पंजाब टेक्निकल यूनिवर्सिटी के दो दिवसीय चौथे इंटरनेशनल फेस्टिवल महक पंजाब दी देश भगत फाउंडेशन ग्रुप ऑफ इंस्टीट्यूटशंस मोगा में शुरुआत हुई। कार्यक्रम का उद्देश्य युवाओं में प्रतिभा व सभ्याचार को उत्साहित करना था। यूनिवर्सिटी के वाइस चांसलर डॉ. मोहनपाल इशर ने मेले का उद्घाटन किया।

युवक मेले के पहले दिन गिद्दा, समूह भजन, ग्रुप गीत इंडियन, स्किट, क्लासिकल डांस, लाइट वोकल इंडियन सोलो, क्लासिकल वोकल सोलो, वेस्टर्न वोकल सोलो, वेस्टर्न ग्रुप डांस, क्रिवेटीव राइटिंग, कविता उच्चारण, कोलाज मेकिंग, मेहंदी, रंगोली, आन स्पोट कोरियोग्राफी व पेंटिंग समेत कई सभ्याचारक व गैर

## महाराजा रणजीत सिंह पंजाब टेक्निकल यूनिवर्सिटी में दो दिवसीय कार्यक्रम, विद्यार्थियों ने किया प्रतिभा का प्रदर्शन

सभ्याचारक गतिविधियों का सम्मेलन का आयोजन किया गया। एमआरपीटीयू डायरेक्टर खेल व युवक भलाई भूपिंदर सिंह पाल डोट ने मेहमानों का स्वागत किया। ऑल इंडिया रेडियो, एफएम स्टेशन, डायरेक्टर राजीव अरोड़ा यूनिवर्सिटी की ओर से यूथ फेस्टिवल में विशेष आब्जर्वर रहे। इस मौके पर देशभगत ग्रुप के चेयरमैन दविंदर पाल व डायरेक्टर गौरव गुप्ता, यूनिवर्सिटी के डायरेक्टर, जनसंपर्क हरजिंदर व पीआईटी के डायरेक्टर अमित मनोचा शामिल थे।



महाराजा रणजीत सिंह पंजाब टेक्निकल यूनिवर्सिटी में महक पंजाब दी समागम का आगाज किया करते हुए मुख्य अतिथि व अन्य • जागरण

दैनिक जागरण लुधियाना/बठिंडा, 23 अक्टूबर 2018

आयोजन महाराजा रणजीत सिंह कॉलेज में नए बैच के विद्यार्थियों का किया स्वागत, प्रतियोगिताएं भी करवाई

# पवनप्रीत मिस्टर और वीरपाल कौर बनी मिस फ्रेशर

जागरण संवाददाता, बठिंडा : महाराजा रणजीत सिंह पंजाब टेक्निकल यूनिवर्सिटी के इंटीच्यूट कॉलेज, पंजाब इंटीट्यूट ऑफ टेक्नोलॉजी नंदगढ़ ने बीबीए, बीसीए, बीकॉम, एमकॉम, एमबीए और कोर्सों के नए बैच के विद्यार्थियों का स्वागत करने के लिए फ्रेशर पार्टी 2018 का आयोजन किया। प्रोग्राम की शुरुआत सीनियर विद्यार्थियों व फैकल्टी की ओर से नए दाखिल हुए विद्यार्थियों का स्वागत करने से साथ की गई। इसके बाद गीत मुकाबले, डांस, ग्रुप स्किट व गिद्दे की शानदार प्रस्तुति की गई।

प्रोग्राम में मुख्य आकर्षण फैशन शो रहा। मिस्टर एंड मिसेज फ्रेशर 2018 का चयन किया गया। पवनप्रीत सिंह व वीरपाल कौर को मिस्टर व मिस फ्रेशर घोषित किया गया जबकि मिस चार्मिंग का खिताब रवरीत कौर व मिस्टर पसनेलिटी का खिताब गुरकिरत सिंह को दिया गया। अंत में भंगड़ा प्रदर्शन किया गया।




महाराजा रणजीत सिंह कॉलेज में फ्रेशर पार्टी के दौरान मिस्टर और मिस फ्रेशर को सम्मानित करते कॉलेज प्रबंधक • जागरण

वहीं विजेता को पुरस्कार देकर सम्मानित किया गया। कार्यक्रम के मुख्य अतिथि पीआईटी डायरेक्टर डॉ. बलविंदर सिंह सिद्धू, जूनियर इंजीनियर सतपाल शर्मा ने शिरकत की। इस मौके पर वाइस चांसलर मोहन पाल सिंह इशर, डॉ. जसबीर सिंह हुंदल ने विद्यार्थियों को उनके केरियर के लिए शुभकामनाएं दीं।

दैनिक भास्कर | बठिंडा, मंगलवार 23 अक्टूबर, 2018

# पवनप्रीत मिस्टर व वीरपाल कौर मिस फ्रेशर बने

## पीटीआई नंदगढ़ की फ्रेशर पार्टी में लोकनृत्य भंगड़ा की धमक पर पंडाल झूमा

भास्कर संवाददाता | बठिंडा

महाराजा रंजीत सिंह पंजाब टेक्निकल यूनिवर्सिटी के कंस्टीट्यूट कॉलेज पंजाब इंस्टीट्यूट आफ टेक्नोलॉजी नंदगढ़ ने बीबीए, बीसीए, बीकाम ऑनर्स, एमकाम, एमबीए व अन्य कोर्स के नए बैच के विद्यार्थियों का स्वागत करने के लिए फ्रेशर पार्टी आयोजित की गई। विशेष मेहमान डायरेक्टर डॉ. बलविंदर सिंह सिद्धू ने विद्यार्थियों को शुभकामना दीं, जबकि पावरकाम के जूनियर इंजीनियर सतपाल शर्मा ने उत्साह बढ़ाया। अपने संबोधन में सीनियर स्टूडेंट्स एवं फैकल्टी की ओर से नए दाखिल विद्यार्थियों का स्वागत किया गया। इसके बाद गीत मुकाबले, डांस, ग्रुप स्किट व गिद्दा की शानदार प्रस्तुति की धमाल रही। समारोह का मुख्य आकर्षण फैशन रहा, जिसमें दिलकश फैशन शो में पवन प्रीत सिंह को मिस्टर फ्रेशर जबकि वीरपाल कौर को मिस फ्रेशर घोषित किया गया। वहीं चार्मिंग का खिताब रवरीत कौर व मिस्टर पर्सनेलिटी का खिताब गुरकीरत सिंह को दिया गया। पंजाब के लोकनृत्य भंगड़ा की धमक पर सारा पंडाल झूम उठा। विजेताओं को उपहार देकर सम्मानित किया गया। एकेडमिक इंचार्ज हरमनदीप कौर, सिमरजीत कौर, संदीप कौर व मनप्रीत कौर धालीवाल ने समारोह में विशेष सहयोग दिया। पीटीआई नंदगढ़ के विभागों के मुखी व फैकल्टी मेंबर उपस्थित रहे। वीसी प्रो. मोहन पाल सिंह ईसर व रजिस्ट्रार डॉ. जसबीर सिंह हुंदल ने भी शुभकामना दी।



गुरु काशी की फ्रेशर पार्टी के विजेता बच्चों को सम्मानित करते प्रबंधक।

दैनिक भास्कर बठिंडा, बुधवार 10 अक्टूबर, 2018 | 02

# हॉस्ट कैंपस गर्ल्स टीम ने जीता इंटर कॉलेज बैडमिंटन टूर्नामेंट



अंतर कॉलेज खेल मुकाबले की विजेता टीम को सम्मानित करते प्रबंधक।

**बठिंडा|** महाराजा रंजीत सिंह पंजाब टेक्निकल यूनिवर्सिटी की ओर से सिविल लाइंस क्लब में दो दिवसीय अंतर कॉलेज बैडमिंटन टूर्नामेंट कराया गया। यह टूर्नामेंट लीग के आधार पर करवाया गया। टूर्नामेंट का उद्घाटन विशेष मेहमान खेल व यूथ वेलफेयर के डायरेक्टर प्रो. भूपिंदर पाल सिंह ढोट ने किया जबकि समापन समारोह के विशेष मेहमान एग्जाम कंट्रोल करणवीर सिंह, प्रो. भूपिंदर पाल सिंह ढोट, सहायक डायरेक्टर गेम्स सिकंदर सिंह सिधू ने विजेताओं को पुरस्कार बांटे।

गर्ल्स कैटेगरी में मेजबान एमआरएस पीटीयू के मुख्य कैंपस की गर्ल्स टीम ने 9 अंक हासिल करके यह मुकाबला जीता जबकि बाबा फरीद कॉलेज ऑफ इंजीनियरिंग एंड टेक्नोलॉजी दियोण ने 6 अंक से दूसरेपर रहा। ब्वायज वर्ग में एलएलआरसीपी मोगा टीम 9 प्वाइंट के साथ फर्स्ट, एमआरएस पीटीयू मुख्य कैंपस की टीम 6 अंक से सेकंड व बीएफसीईटी दियोण की टीम 3 अंक से थर्ड रही।

06 अक्तूबर 2018

सरहद केसरी

## महाराजा रणजीत सिंह तकनीकी यूनिवर्सिटी में इंटर कालेज कबड्डी टूर्नामेंट का किया आयोजन

### मेजबान यूनिवर्सिटी कैंपस ने अपने नाम किया टाईटल



**बठिंडा (नीरज कुमार):** महाराजा रणजीत सिंह पंजाब तकनीकी यूनिवर्सिटी (ऐम.आर.ऐस.पी.टी.यू.) में दो दिवसिय नेशनल स्टाइल अंतर-कालेज कबड्डी टूर्नामैंट 2018-19 का आयोजन किया गया जो आज कैंपस ग्राउंड मे शानों शोकत के साथ समाप्त हुआ। मेजवान एमआरएसपीटीयू मुख्य कैंपस की टीम ने अंतर कालेज कबड्डी मुकाबला जीत टाईटल कैंपस की झोली में डाला, जबकि के.सी.टी.सी.ई.टी, फतेहगढ़ (संगरूर) ने दूसरा स्थान प्राप्त किया और बी.जी.सी., सरदूलगढ़ की टीम ने तीसरा स्थान हासिल किया। फाईनल मुकाबले में विजेता कैंपस टीम ने बेहद रोचक और कडे मुकाबले में संगरूर की टीम को 61 के मुकाबले 45 अंकों के साथ हराया। इससे पहलें, के.सी.टी.सी.ई.टी., फतेहगढ़ (संगरूर) ने टूर्नामैंट के पहले मैच में बाबा फरीद कालेज की टीम को हराया। जबकि ऐम.आर.ऐस.पी.टी.यू., कैंपस और बी.जी.सी., सरदूलगढ़ की टीमों ने भी अपने-अपने मैच जीते। इस मौके मुख्य मेहमान यूनिवर्सिटी के वाइस चांसलर; प्रो. (डा) मोहन पाल सिंह ईशर ने विद्यार्थियों को मिसाली खिलाडियों के नक्शे कदमों पर चलने की अपील की। यूनिवर्सिटी रजिस्ट्रार डा. जसबीर सिंह हुन्दल ने भी विजेताओं को बधाई दी। प्रो. ईशर, डा. हुन्दल और दूसरे उपस्थित मेहमानों ने विजेताओं को ट्रोफियां और इनामों के साथ सम्मानित किया। इस मौके उपस्थित प्रमुख मेहमानों में ऐम.आर.ऐस.पी.टी.यू., डायरैक्टर, खेल और युवक भलाई प्रो. भुपिंदर पाल सिंह, सहायक डायरैक्टर, खेल, इंजिनियर सिकंदर सिंह सिद्धू, डा. सुखविंदर सिंह (डी.पी.ई.) और मिसेज हरमनजोत कौर (डी.पी.ई.) शामिल थे।

4 दैनिक जागरण लुधियाना/बठिंडा, 5 अक्टूबर 2018

## एमआरएस पीटीयू की टीम कबड्डी में विजेता

**जागरण संवाददाता, बठिंडा:** महाराजा रणजीत सिंह पंजाब तकनीकी यूनिवर्सिटी में दो दिवसीय नेशनल स्टाइल अंतर कॉलेज कबड्डी टूर्नामेंट का आयोजन किया गया, जिसमें एमआरएस पीटीयू की टीम विजेता रही। जबकि केसीटी सीईटी फतेहगढ़ संगरूर की टीम ने दूसरा व बीजीसी सरदूलगढ़ की टीम ने तीसरा स्थान हासिल किया। फाइनल मुकाबले में कैंपस की टीम ने संगरूर की टीम को 61-45 के अंतर से हराया। इससे पहले केसीटी सीईटी ने टूर्नामेंट के पहले मैच में बाबा फारीद की टीम को हराया, जिसके बाद एमआरएस पीटीयू व बीजीसी सरदूलगढ़ की टीम ने अपने अपने मैच जीते। यूनिवर्सिटी के वाइस चांसलर प्रो.



कबड्डी मुकाबले की विजेता टीम को ट्राफी देकर सम्मानित किया गया • जागरण

डॉ. मोहनपाल ईश्र ने मुख्य मेहमान के तौर पर शामिल होकर अन्य विद्यार्थियों को भी खेलों में भाग लेने के लिए प्रेरित किया। इस मौके पर डायरेक्टर खेल व युवक भलाई प्रो. भुपिंद्रपाल सिंह ढोट, सहायक डायरेक्टर खेल इंजी. सिकंदर सिंह सिद्धू, डॉ. सुखविंदर सिंह डीपीई, हरमनजोत कौर डीपीई आदि उपस्थित थे।

The Tribune
BATHINDA | THURSDAY | 27 SEPTEMBER 2018

INTER-COLLEGE CROSS-COUNTRY CONTEST

# Alpine institute bags first prize

TRIBUNE NEWS SERVICE

BATHINDA, SEPTEMBER 26
The Annual Inter-College Cross Country 2018-19 was organised at Maharaja Ranjit Singh Punjab Technical University (MRSPTU) here on Wednesday.

In the overall team results, Alpine Institute of Information Technology, Rode (Moga), bagged the first prize, Baba Farid College of Engineering and Technology, Bathinda, second and MRSPTU third prize.

In individual events, Amandeep Kaur of Baba Farid College of Engineering and Technology, Bathinda, got the first position and Jaspinder Kaur and Kirandeep Kaur of Alpine Institute of Information Technology secured second and third positions, respectively.

MRSPTU registrar Dr Jasbir Singh Hundal, who was the chief guest on the occasion, inaugurated the championship by flagging off the contest. Dr Hundal said students should play games with the spirit of true sportsmanship without bothering about the results. He said losers should do more hard work to perform well the next time. He gave away prizes to the winners.

MRSPTU vice-chancellor Mohan Paul Singh Ishar congratulated the winners.

Those present on the occasion included Sikander Singh Sidhu, Assistant Director (Sports) and sports officials Dilbag Singh, Dr Sukhwinder Singh (DPE), Harmanjot Kaur (DPE), among others.

The Tribune
BATHINDA | THURSDAY | 27 SEPTEMBER 2018

# World Pharmacists Day observed

TRIBUNE NEWS SERVICE

BATHINDA, SEPTEMBER 26

The department of pharmaceutical sciences & technology, Maharaja Ranjit Singh Punjab Technical University (MRSPTU), Bathinda, observed World Pharmacist Day here on the theme of "Pharmacists: Your Medicines Experts".

Students celebrated the day with enthusiasm. They participated in different events like poetic recitation, delivery of speeches, poster making and performed Nukkad Natak against the drug menace by them.

In the poster-making competition, Vikas secured the first position while Manav Mittal and Raman got second and third positions, respectively. Sachin and Shilpa recited poems while Manmeet Singh, Rupali and Nandni delivered speeches on the subject. A badge distribution ceremony was conducted for Class Ist year students for welcoming them into this profession.

To mark the day, different teams of students conducted a medical survey of university residents regarding their health issues, history of the disease and drug use pattern. An awareness camp was also organised in slums regarding the safe use of drugs and side-effects pertaining to the non-patterned use of drugs.

On the occasion, MRSPTU vice-chancellor Prof Mohan Paul Singh Ishar extended his warm greetings and explained the students about the role and responsibilities of pharmacists in the present scenario.

ਜਲੰਧਰ 28 ਸਤੰਬਰ 2018 ਪੰਜਾਬੀ ਜਾਗਰਣ

## ਮਹਾਰਾਜਾ ਰਣਜੀਤ ਸਿੰਘ ਵਰਸਿਟੀ' 'ਚ ਤਿੰਨ ਰੋਜ਼ਾ ਕਾਨਫਰੰਸ ਸ਼ੁਰੂ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ :** ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਵਿਖੇ ਤਿੰਨ ਦਿਨਾ ਐਜੂਕੇਸ਼ਨ ਪ੍ਰੋਗਰਾਮ ਤਹਿਤ ਫਾਰਮਾਸਿਊਟੀਕਲ ਸਾਇੰਸਜ਼ ਅਤੇ ਆਧੁਨਿਕ ਉਦਯੋਗਿਕ ਪਹੁੰਚ ਵਿਸ਼ੇ 'ਤੇ ਕਾਨਫਰੰਸ ਵੀਰਵਾਰ ਨੂੰ ਸ਼ੁਰੂ ਹੋਈ, ਜਿਸ 'ਚ ਵੱਖ-ਵੱਖ ਯੂਨੀਵਰਸਿਟੀਆਂ ਤੇ ਉਦਯੋਗਿਕ ਅਦਾਰਿਆਂ ਤੋਂ ਪ੍ਰਸਿੱਧ ਮਾਹਿਰ ਫਾਰਮਾਸਿਊਟੀਕਲ ਸਇੰਸਜ਼ 'ਚ ਆ ਰਹੀਆਂ ਤਬਦੀਲੀਆਂ ਬਾਰੇ ਖੋਜ ਪੱਤਰ ਪੇਸ਼ ਕਰਨਗੇ। ਪ੍ਰੋਗਰਾਮ ਦਾ ਉਦਘਾਟਨ ਐਮਆਰਐਸਪੀਟੀਯੂ ਦੇ ਵਾਈਸ ਚਾਂਸਲਰ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਸ਼ਮ੍ਹਾਂ ਰੋਸ਼ਨ ਕਰ ਕੇ ਕੀਤਾ। ਇਸ ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਫਾਰਮਾਸਿਊਟਿਕਲ ਸਾਇੰਸਜ਼ ਅਤੇ ਤਕਨਾਲੋਜੀ ਵਿਭਾਗ ਦੁਆਰਾ ਕੀਤਾ ਗਿਆ, ਜੋ ਕਿ ਫਾਰਮੇਸੀ ਕੌਂਸਲ ਆਫ ਇੰਡੀਆ ਪੀਸੀਆਈ ਵੱਲੋਂ ਸਪਾਂਸਰ ਕੀਤਾ ਗਿਆ। ਪ੍ਰੋ. ਈਸ਼ਰ ਨੇ ਕਿਹਾ ਕਿ ਫਾਰਮਾਸਿਊਟੀਕਲ ਖੇਤਰ ਵਿਚ ਆ ਰਹੀਆਂ ਆਧੁਨਿਕ ਉਦਯੋਗਿਕ ਤਬਦੀਲੀਆਂ ਅਤੇ ਬਦਲਦੇ ਹਲਾਤਾਂ ਮੁਤਾਬਿਕ ਅਧਿਆਪਕਾਂ ਦੇ ਗਿਆਨ ਨੂੰ ਵਿਸਤ੍ਰਿਤ ਅਤੇ ਅੱਪਗ੍ਰੇਡ ਕਰਨਾ, ਪੜ੍ਹਾਉਣ ਦੀਆਂ ਆਧੁਨਿਕ ਤਕਨੀਕਾਂ ਅਪਨਾਉਣਾ ਅਤਿ ਜ਼ਰੂਰੀ ਹੈ। ਕਾਨਫਰੰਸ ਦੌਰਾਨ 30 ਸੰਸਥਾਵਾਂ ਦੇ ਵਿਗਿਆਨੀ ਖੋਜ ਪੱਤਰ ਪੇਸ਼ ਕਰਨਗੇ।

ਪੰਜਾਬੀ ਜਾਗਰਣ ਜਲੰਧਰ 27 ਸਤੰਬਰ 2018

# ਕਰਾਸ ਕੰਟਰੀ ਮੁਕਾਬਲੇ ਕਰਵਾਏ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ**

ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕੈਂਪਸ ਵਿਖੇ ਸਾਲਾਨਾ ਇੰਟਰ-ਕਾਲਜ ਕਰਾਸ ਕੰਟਰੀ 2018-19 ਮੁਕਾਬਲੇ ਕਰਾਏ ਗਏ, ਜਿਸ ਵਿੱਚ ਓਵਰਆਲ ਟੀਮ ਨਤੀਜਿਆਂ ਵਿੱਚ ਐਲਪਾਈਨ ਇੰਸਟੀਚਿਊਟ ਆਫ ਇਨਫੋਰਮੇਸਨ ਟੈਕਨਾਲੋਜੀ, ਰੋਡੇ (ਮੋਗਾ) ਨੂੰ ਪਹਿਲਾ ਸਥਾਨ ਮਿਲਿਆ, ਜਦਕਿ ਬਾਬਾ ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਬਠਿੰਡਾ ਨੇ ਦੂਜਾ ਅਤੇ ਐੱਮਆਰਐੱਸਪੀਟੀਯੂ ਮੇਨ ਕੈਂਪਸ, ਬਠਿੰਡਾ ਨੇ ਤੀਜਾ ਸਥਾਨ ਹਾਸਿਲ ਕੀਤਾ। ਵਿਅਕਤੀਗਤ ਮੁਕਾਬਲਿਆਂ ਵਿਚ ਬਾਬਾ

**ਇੰਟਰ ਕਾਲਜ ਕਰਾਸ ਕੰਟਰੀ ਮੁਕਾਬਲਿਆਂ 'ਚ ਐਲਪਾਈਨ ਇੰਸਟੀਚਿਊਟ ਆਫ ਇਨਫੋਰਮੇਸ਼ਨ ਟੈਕਨਾਲੋਜੀ ਰੋਡੇ ਰਿਹਾ ਮੋਹਰੀ**

ਫਰੀਦ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਅਮਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਐਲਪਾਈਨ ਇੰਸਟੀਚਿਊਟ ਦੀ ਜਸਪਿੰਦਰ ਕੌਰ ਅਤੇ ਕਿਰਨਦੀਪ ਕੌਰ ਨੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਐੱਮਆਰਐੱਸਪੀਟੀਯੂ ਰਜਿਸਟਰਾਰ, ਡਾ. ਜਸਬੀਰ ਸਿੰਘ ਹੁੰਦਲ ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਝੰਡੀ ਲਹਿਰਾ ਕੇ ਖੇਡਾਂ ਦਾ ਉਦਘਾਟਨ ਕੀਤਾ। ਡਾ. ਹੁੰਦਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਤੀਜਿਆਂ ਬਾਰੇ ਪਰੇਸ਼ਾਨ ਰਹਿਣ ਤੋਂ ਬਗੈਰ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਡਾ. ਜਸਬੀਰ ਸਿੰਘ ਹੁੰਦਲ ਨੇ ਅਦਾ ਕੀਤੀ।

ਉਪਰੰਤ ਐਮਆਰਐਸਪੀਟੀਯੂ ਵਾਈਸ ਚਾਂਸਲਰ, ਪ੍ਰੋ. (ਡਾ), ਮੋਹਨ ਪਾਲ ਸਿੰਘ ਈਸਰ ਨੇ ਜੇਤੂਆਂ ਨੂੰ ਵਧਾਈ ਦਿੱਤੀ। ਇਸ ਮੌਕੇ ਇੰਜੀਨੀਅਰ ਸਿਕੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਸਪੋਰਟਸ, ਖੇਡ ਅਧਿਕਾਰੀ ਦਿਲਬਾਗ ਸਿੰਘ, ਡਾ. ਸੁਖਵਿੰਦਰ ਸਿੰਘ (ਡੀਪੀਈ) ਅਤੇ ਹਰਮਜੋਤ ਕੌਰ (ਡੀਪੀਈ) ਸ਼ਾਮਲ ਸਨ।



ਮੁੱਖ ਮਹਿਮਾਨ ਤੇ ਪ੍ਰਬੰਧਕ ਜੇਤੂ ਟੀਮਾਂ ਨਾਲ।

ਰੋਜ਼ਾਨਾ ਸਪੋਕਸਮੈਨ ਵੀਰਵਾਰ, 27 ਸਤੰਬਰ 2018

# ਇੰਟਰ-ਕਾਲਜ ਕਰਾਸ ਕੰਟਰੀ ਮੁਕਾਬਲੇ



**ਬਠਿੰਡਾ, 26 ਸਤੰਬਰ (ਸੁਖਜਿੰਦਰ ਮਾਨ)** : ਮਹਾਰਾਜਾ ਰਣਜੀਤ ਸਿੰਘ ਪੰਜਾਬ
ਟੈਕਨੀਕਲ ਯੂਨੀਵਰਸਿਟੀ ਦੇ ਸਥਾਨਕ ਕੈਂਪਸ ਵਿਖੇ ਸਾਲਾਨਾ ਇੰਟਰ-ਕਾਲਜ
ਕਰਾਸ -ਕੰਟਰੀ 2018-19 ਮੁਕਾਬਲਿਆ ਦਾ ਆਯੋਜਨ ਕੀਤਾ ਗਿਆ।
ਓਵਰਆਲ ਨਤੀਜਿਆ ਵਿੱਚ ਐਲਪਾਈਨ ਇਸਟੀਚਿਊਟ ਆਫ ਇਨਫੋਰਮੇਸ਼ਨ
ਟੈਕਨਾਲੋਜੀ ਰੋਡੇ (ਮੋਗਾ) ਨੂੰ ਪਹਿਲਾ ਸਥਾਨ ਮਿਲਿਆ, ਜਦਕਿ ਬਾਬਾ ਫਰੀਦ
ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਬਠਿੰਡਾ ਨੇ ਦੂਜਾ ਅਤੇ
ਐਮ.ਆਰ.ਐਸ.ਪੀ.ਟੀ.ਯੂ., ਮੇਨ ਕੈਂਪਸ, ਬਠਿੰਡਾ ਨੇ ਤੀਜਾ ਸਥਾਨ ਹਾਸਿਲ
ਕੀਤਾ। ਵਿਅਕਤੀਗਤ ਮੁਕਾਬਲਿਆਂ ਵਿਚ ਬਾਬਾ ਫਰੀਦ ਕਾਲਜ ਆਫ
ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਅਮਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ
ਕੀਤਾ, ਜਦੋਂ ਕਿ ਐਲਪਾਈਨ ਇੰਸਟੀਚਿਊਟ ਦੀ ਜਸਪਿੰਦਰ ਕੌਰ ਅਤੇ ਕਿਰਨਦੀਪ
ਕੌਰ ਨੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ
ਐਮ.ਆਰ.ਐਸ.ਪੀ.ਟੀ.ਯੂ.ਦੇ ਰਜਿਸਟਰਾਰ ਡਾ. ਜਸਬੀਰ ਸਿੰਘ ਹੁੰਦਲ ਨੇ ਜੇਤੂ
ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਡਾ. ਜਸਬੀਰ ਸਿੰਘ ਹੁੰਦਲ ਨੇ ਅਦਾ
ਕੀਤੀ। ਐਮ.ਆਰ.ਐਸ.ਪੀ.ਟੀ.ਯੂ. ਵਾਈਸ ਚਾਂਸਲਰ ਪ੍ਰੋ. (ਡਾ), ਮੋਹਨ ਪਾਲ ਸਿੰਘ
ਈਸ਼ਰ ਨੇ ਜੇਤੂਆਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਮੌਜੂਦ ਹੋਰਨਾਂ 'ਚ ਪ੍ਰਮੁੱਖ
ਤੌਰ 'ਤੇ ਇੰਜੀਨੀਅਰ ਸਿਕੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਸਪੋਰਟਸ, ਖੇਡ
ਅਧਿਕਾਰੀ ਦਿਲਬਾਗ ਸਿੰਘ, ਡਾ. ਸੁਖਵਿੰਦਰ ਸਿੰਘ (ਡੀ.ਪੀ.ਈ.) ਅਤੇ ਮਿਸਿਜ਼
ਹਰਮਜੋਤ ਕੌਰ (ਡੀ.ਪੀ.ਈ.) ਸ਼ਾਮਲ ਸਨ।

# 2019-20

# इंडक्शन प्रोग्राम की शुरुआत की

संस, बठिंडा (वि.) : ज्ञानी जैल सिंह कॉलेज कैंप ऑफ इंजीनियरिंग एंड टेक्नोलॉजी महाराजा रणजीत सिंह पंजाब टेक्निकल यूनिवर्सिटी में तीन हफ्तों के चलने वाले इंडक्शन प्रोग्राम की शुरुआत की गई। इस दौरान विभिन्न प्रदेशों हरियाणा, हिमाचल प्रदेश, राजस्थान, जम्मू-कश्मीर, उत्तर प्रदेश, बिहार, पश्चिमी बंगाल से आए बीटेक व आर्टिटेक के सैकड़ों विद्यार्थियों ने भाग लिया। इस दौरान यूनिवर्सिटी ग्रांट कमिशन व ऑल इंडिया कौंसिल ऑफ टेक्निकल एजुकेशन की जरूरत अनुसार 21 दिनों के लिए लाजमी इंडक्शन प्रोग्राम डॉ. राजीव वर्शनी की अगुवाई में शुरू किया गया। वहीं मुख्य मेहमान एमआरएसपीटीयू के डीन डॉ. राकेश बांसल ने सभी जीजेडएसीसीईटी के इतिहास के बारे में बताया। इस दौरान राकेश के बांसल ने विश्व आर्थिकता को दिशा देने में इंजीनियरिंग व आर्टीटेक्चर की भूमिका के बारे में बताया।



बठिंडा के ज्ञानी जैल सिंह कॉलेज में इंडक्शन प्रोग्राम में हाजिर स्टाफ सदस्य व छात्र • जागरण

BATHINDA Tribune 02
BATHINDA | SUNDAY | 8 MARCH 2020

# 30 MRSPTU pupils get placement

TRIBUNE NEWS SERVICE

BATHINDA, MARCH 7

As many as 30 students of Maharaja Ranjit Singh Punjab Technical University (MRSPTU), Bathinda, were selected by prestigious companies during a campus recruitment drive recently.

A prestigious firm recruited Richa Yadav, Sahil Garg and Sartaz Singh as academic consultants with an annual package of Rs 7 lakh. Luckdeep Singh was selected by Bengaluru-based company PINCLICK as property advisor with a annual package of Rs 5.16 lakh.



The selected students with the MRSPTU Vice-Chancellor and faculty members in Bathinda. TRIBUNE PHOTO

Similarly, prominent Justdial Private Limited Company also recruited 24 students (of BTech and MBA) as certified internet consultants with annual packages of around Rs 3 lakh. Another two students Tanya Garg and Sonakshi (CSE) got placement in CETPA.

While congratulating the students on their success, MRSPTU Vice-Chancellor Dr Mohan Paul Singh Ishar, GZSCCET Campus Director Dr Savina Bansal and registrar Dr Ashish Baldi reiterated their commitment for better employability and employment for the students of the university.

MRSPTU Director (Training and Placement) Harjot Singh Sidhu, along with other faculty members, congratulated the selected students.

ਅਜੀਤ
ਸਨਿਚਰਵਾਰ, 7 ਮਾਰਚ, 2020



ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਪ ਕੁਲਪਤੀ ਪ੍ਰੋ: (ਡਾ:) ਮੋਹਨ ਪਾਲ ਸਿੰਘ ਈਸ਼ਰ, ਕੈਂਪਸ ਡਾਇਰੈਕਟਰ ਡਾ: ਸਵੀਨਾ ਬਾਂਸਲ, ਯੂਨੀਵਰਸਿਟੀ ਰਜਿਸਟਰਾਰ ਡਾ: ਆਸ਼ੀਸ਼ ਬਾਲਦੀ ਅਤੇ ਯੂਨੀਵਰਸਿਟੀ ਦੇ ਹੋਰ ਅਧਿਕਾਰੀ। ਤਸਵੀਰ: ਲਵਲੀ

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ 30 ਵਿਦਿਆਰਥੀਆਂ ਦੀ ਪਲੇਸਮੈਂਟ ਮੁਹਿਮ ਤਹਿਤ ਚੋਣ

ਬਠਿੰਡਾ, 6 ਮਾਰਚ (ਅੰਮ੍ਰਿਤਪਾਲ ਸਿੰਘ ਵਲ੍ਹਾਣ)-ਪਲੇਸਮੈਂਟ ਮੁਹਿਮ ਤਹਿਤ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ 30 ਤੋਂ ਵੱਧ ਵਿਦਿਆਰਥੀਆਂ ਨੂੰ ਨਾਮੀ ਕੰਪਨੀਆਂ ਵਲੋਂ ਭਰਤੀ ਲਈ ਚੁਣਿਆ ਗਿਆ ਹੈ। ਪ੍ਰਸਿੱਧ ਟੌਪਰ ਕੰਪਨੀ ਨੇ ਰਿਚਾ ਯਾਦਵ (ਸੀ. ਐੱਸ. ਈ.), ਸਾਹਿਲ ਗਰਗ ਅਤੇ ਸਰਤਾਜ ਸਿੰਘ (ਮਕੈਨੀਕਲ ਇੰਜੀਨੀਅਰਿੰਗ) ਨੂੰ ਅਕਾਦਮਿਕ ਸਲਾਹਕਾਰ ਦੇ ਤੌਰ 'ਤੇ 7 ਲੱਖ ਰੁਪਏ ਪ੍ਰਤੀ ਸਾਲ ਦੇ ਪੈਕੇਜ ਨਾਲ ਭਰਤੀ ਕੀਤਾ ਹੈ। ਜਦੋਂ ਕਿ ਲਕਦੀਪ ਸਿੰਘ (ਐਮ. ਬੀ. ਏ. ਵਿਦਿਆਰਥੀ) ਨੂੰ 5.16 ਲੱਖ ਰੁਪਏ ਸਾਲਾਨਾ ਪੈਕੇਜ ਨਾਲ ਬੈਂਗਲੌਰ ਸਥਿਤ ਕੰਪਨੀ ਪਿੰਨਕਲਿਕ ਵਲੋਂ ਪ੍ਰਾਪਰਟੀ ਸਲਾਹਕਾਰ ਦੀ ਭੂਮਿਕਾ ਵਜੋਂ ਲਗਾਇਆ ਗਿਆ ਹੈ। ਇਸੇ ਤਰ੍ਹਾਂ ਜਸਟ-ਡਾਇਲ ਪ੍ਰਾਈਵੇਟ ਲਿਮਟਿਡ ਕੰਪਨੀ ਨੇ ਬੀ. ਟੈਕ ਅਤੇ ਐਮ. ਬੀ. ਏ. ਦੇ 24 ਵਿਦਿਆਰਥੀਆਂ ਨੂੰ ਪ੍ਰਮਾਣਿਤ ਇੰਟਰਨੈਟ ਸਲਾਹਕਾਰਾਂ ਵਜੋਂ ਭਰਤੀ ਕੀਤਾ ਹੈ, ਜਿਸ ਵਿਚ ਲਗਭਗ 3 ਲੱਖ ਰੁਪਏ ਪ੍ਰਤੀ ਸਾਲਾਨਾ ਦੇ ਪੈਕੇਜ ਸ਼ਾਮਿਲ ਹਨ। ਚੁਣੇ ਗਏ ਵਿਦਿਆਰਥੀ ਵਿਚ ਤਨਯਾਮ ਮਹਾਜਨ, ਉਮੇਸ਼ ਗਰਗ, ਹੇਮਾਂਕ, ਆਨੰਦ ਕੁਮਾਰ, ਅਨੀਸ਼ ਰਾਜ ਪਰਵਤ, ਸੁਮਿਤ ਵਿਰਦੀ (ਸੀ.ਐਸ.ਈ.), ਨਵਦੀਪ ਮਿੱਤਲ, ਅਮ੍ਰਿਤਪਾਲ ਸਿੰਘ, ਸੁਰੇਂਦਰ ਕੁਮਾਰ, ਗੁਰਪਰਵੇਸ਼ ਸਾਹਿਲ, ਆਯੂਸ਼ ਮਿਸ਼ਰਾ, ਸਾਹਿਲ ਗਰਗ (ਮਕੈਨੀਕਲ), ਦੋ੍ਨ ਕੁਮਾਰ, ਰਵੀ ਕੁਮਾਰ (ਸਿਵਲ ਇੰਜੀਨੀਅਰਿੰਗ), ਬਾਬੂ ਗਿਆਨ ਰਾਜਨ (ਟੈਕਸਟਾਈਲ), ਦੀਪਕ ਸ਼ਰਮਾ, ਲਕਦੀਪ ਸਿੰਘ, ਸੰਜੇ ਗੋਇਲ, ਰਿਤਕਾ ਸਿਗਲ, ਐਸ਼ਵੀਨ ਕੌਰ (ਐਮ.ਬੀ.ਏ.), ਏਕਨਦੀਪ ਕੌਰ (ਐਮ.ਟੈਕ), ਕੀਰਤੀ ਅਤੇ ਨੀਟੂਕਾ ਸ਼ਾਮਿਲ ਹਨ। ਦੋ ਵਿਦਿਆਰਥੀਆਂ ਤਾਨਿਆ ਗਰਗ ਅਤੇ ਸੋਨਾਕਸ਼ੀ (ਸੀ.ਐਸ.ਈ.) ਨੂੰ ਵੀ ਆਕਰਸ਼ਕ ਪੈਕੇਜ 'ਤੇ ਸੀ.ਈ.ਟੀ.ਪੀ.ਏ. ਵਿਚ ਪਲੇਸਮੈਂਟ ਮਿਲੀ ਹੈ। ਐਮ.ਆਰ.ਐਸ.ਪੀ.ਟੀ.ਯੂ. ਦੇ ਉਪ ਕੁਲਪਤੀ, ਪ੍ਰੋ. (ਡਾ.) ਮੋਹਨ ਪਾਲ ਸਿੰਘ ਈਸ਼ਰ, ਜੀ. ਜ਼ੈਡ. ਐੱਸ. ਸੀ. ਸੀ. ਈ. ਟੀ. ਕੈਂਪਸ ਦੇ ਡਾਇਰੈਕਟਰ, ਡਾ. ਸਵੀਨਾ ਬਾਂਸਲ ਅਤੇ ਯੂਨੀਵਰਸਿਟੀ ਰਜਿਸਟਰਾਰ, ਡਾ. ਆਸ਼ੀਸ਼ ਬਾਲਦੀ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਐਮ.ਆਰ.ਐਸ.ਪੀ.ਟੀ.ਯੂ., ਡਾਇਰੈਕਟਰ (ਸਿਖਲਾਈ ਅਤੇ ਪਲੇਸਮੈਂਟ), ਹਰਜੋਤ ਸਿੰਘ ਸਿੱਧੂ, ਮਕੈਨੀਕਲ ਇੰਜੀਨੀਅਰਿੰਗ ਦੇ ਮੁਖੀ ਡਾ. ਬਲਵਿੰਦਰ ਸਿੰਘ, ਮਨੁੱਖੀ ਅਤੇ ਪ੍ਰਬੰਧਨ ਵਿਭਾਗ ਦੇ ਮੁਖੀ, ਡਾ. ਪ੍ਰਿਤਪਾਲ ਸਿੰਘ ਭੁੱਲਰ, ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ, ਡਾ. ਰਾਕੇਸ਼ ਸਿੰਗਲਾ, ਕੰਪਿਊਟਰ ਵਿਗਿਆਨ ਅਤੇ ਇੰਜੀਨੀਅਰਿੰਗ ਵਿਭਾਗ ਦੇ ਡਾ: ਦਿਨੇਸ਼ ਕੁਮਾਰ ਅਤੇ ਪਲੇਸਮੈਂਟ ਸਲਾਹਕਾਰ, ਇੰਜ: ਹਰਅਮ੍ਰਿਤਪਾਲ ਸਿੰਘ ਸਿੱਧੂ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਸ਼ੁੱਭ ਇਛਾਵਾਂ ਦਿੱਤੀਆਂ।

ਬਠਿੰਡਾ, ਪੰਜਾਬੀ ਟ੍ਰਿਬਿਊਨ, ਸ਼ੁੱਕਰਵਾਰ, 6 ਮਾਰਚ 2020

# ਅਥਲੈਟਿਕ ਮੀਟ: ਸੂਰਜ ਚਮਕਿਆ ਤੇ ਕਿਰਨ ਦੀ ਪੂਰੀ ਹੋਈ ਆਸ

ਸੁਖਜੀਤ ਮਾਨ
ਬਠਿੰਡਾ, 5 ਮਾਰਚ

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਅਤੇ ਟੈਕਨੋਲੋਜੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਅਤੇ ਯੂਨੀਵਰਸਿਟੀ ਮੇਨ ਕੈਂਪਸ ਦੀ 27ਵੀਂ ਸਾਲਾਨਾ ਅਥਲੈਟਿਕ ਮੀਟ ਵਿੱਚ ਅਥਲੀਟਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਅਥਲੈਟਿਕ ਮੀਟ ਦਾ ਉਦਘਾਟਨ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ (ਡਾ.) ਮੋਹਨਪਾਲ ਸਿਘ ਈਸ਼ਰ ਨੇ ਝੰਡਾ ਲਹਿਰਾਉਣ ਤੋਂ ਬਾਅਦ ਹਵਾ 'ਚ ਗੁਬਾਰੇ ਛੱਡ ਕੇ ਕੀਤਾ। ਇਸ ਮੌਕੇ 800 ਮੀਟਰ ਪੁਰਸ਼ ਵਰਗ ਵਿੱਚੋਂ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀ ਸੂਰਜ ਨੇ ਪਹਿਲਾ ਤੇ 400 ਮੀਟਰ ਦੇ ਮਹਿਲਾ ਵਰਗ ਵਿੱਚੋਂ ਐੱਮਟੈਕ ਦੀ ਵਿਦਿਆਰਥਣ ਕਿਰਨਜੋਤ ਨੇ ਪਹਿਲਾ ਸਥਾਨ ਹਾਸਲ ਕੀਤਾ। ਨਤੀਜਿਆਂ ਸਬੰਧੀ ਪ੍ਰਾਪਤ ਵੇਰਵਿਆਂ ਅਨੁਸਾਰ ਪੁਰਸ਼ਾਂ ਦੀ 800 ਮੀਟਰ ਦੌੜ ਵਿੱਚੋਂ ਬੀਐੱਸਸੀ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ਨੇ ਦੂਜਾ ਅਤੇ ਈਸੀਈ-2017 ਦੇ ਆਸ਼ੂਤੋਸ਼ ਨੇ ਤੀਜਾ ਸਥਾਨ ਹਾਸਲ ਕੀਤਾ। 400 ਮੀਟਰ ਮਹਿਲਾਵਾਂ ਦੇ ਵਰਗ ਵਿੱਚੋਂ ਡਿੰਪਲ ਨੇ ਦੂਜਾ ਅਤੇ ਪ੍ਰੀਤੀ (ਈਈ 2019) ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਐੱਸਈਈ ਕਲੱਬ ਦੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਵਾਹਨ ਦਾ ਪ੍ਰਦਰਸ਼ਨ ਵੀ ਕੀਤਾ ਗਿਆ।


ਅਥਲੈਟਿਕ ਮੀਟ ਦੌਰਾਨ ਦੌੜ ਮੁਕਾਬਲੇ ਵਿੱਚ ਹਿੱਸਾ ਲੈਂਦੇ ਹੋਏ ਖਿਡਾਰੀ।

# ਤਨੋਰੰਜਨ ਤੋਂ ਪਹਿਲਾਂ ਮਨੋਰੰਜਨ


ਬਠਿੰਡਾ ਵਿੱਚ ਸ਼ੁਰੂ ਤਕਨੀਕੀ ਯੂਨੀਵਰਸਿਟੀ ਅਥਲੈਟਿਕ ਮੀਟ ਦੀ ਸ਼ੁਰੂਆਤ ਮੌਕੇ ਭੰਗੜਾ ਪਾਉਂਦੇ ਹੋਏ ਵਿਦਿਆਰਥੀ।-ਫੋਟੋ : ਮਾਨ

ਸਬੰਧਤ ਖ਼ਬਰ ਸਫ਼ਾ 4 'ਤੇ

ਜਗ ਬਾਣੀ ਸ਼ੁੱਕਰਵਾਰ 6 ਮਾਰਚ, 2020

ਐਥਲੈਟਿਕ ਮੀਟ-2020 ਦੀ ਸ਼ਾਨਦਾਰ ਸ਼ੁਰੂਆਤ

# ਸੂਰਜ ਨੇ 800 ਮੀਟਰ ਅਤੇ ਕਿਰਨਜੋਤ ਨੇ 400 ਮੀਟਰ ਦੌੜ 'ਚ ਜਿੱਤਿਆ ਗੋਲਡ ਮੈਡਲ



ਯੂਨੀਵਰਸਿਟੀ ਦੇ ਉਪ ਕੁਲਪਤੀ, ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਹੋਰ ਪਤਵੰਤੇ ਉਦਘਾਟਨ ਕਰਦੇ ਹੋਏ।

SPORTS UPDATE

ਬਠਿੰਡਾ, 5 ਮਾਰਚ (ਵਰਮਾ)-ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ (ਜੀ. ਜ਼ੈੱਡ. ਐੱਸ. ਸੀ. ਸੀ. ਈ. ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਅਤੇ ਯੂਨੀਵਰਸਿਟੀ ਮੇਨ ਕੈਂਪਸ ਦੀ 27 ਵੀਂ ਸਾਲਾਨਾ ਐਥਲੈਟਿਕ ਮੀਟ-2020 ਦੀ ਸ਼ਾਨਦਾਰ ਸ਼ੁਰੂਆਤ ਅੱਜ ਇਥੇ ਐਥਲੈਟਿਕਸ ਗਰਾਊਂਡ ਵਿਖੇ ਧੂਮ-ਧਾਮ ਨਾਲ ਹੋਈ। ਮੁੱਖ ਮਹਿਮਾਨ ਯੂਨੀਵਰਸਿਟੀ ਦੇ ਉਪ ਕੁਲਪਤੀ, ਪ੍ਰੋਫੈਸਰ (ਡਾ.) ਮੋਹਨ ਪਾਲ ਸਿੰਘ ਈਸ਼ਰ ਨੇ ਝੰਡਾ ਲਹਿਰਾਉਣ ਤੋਂ ਬਾਅਦ ਹਵਾ 'ਚ ਗੁਬਾਰੇ ਛੱਡ ਕੇ ਇਸ ਐਥਲੈਟਿਕ ਮੀਟ ਦਾ ਉਦਘਾਟਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਭਾਗ ਲੈਣ ਵਾਲੀਆਂ ਵੱਖ-ਵੱਖ ਟੀਮਾਂ ਦੇ ਸਮੂਹਾਂ ਦੁਆਰਾ ਪ੍ਰਭਾਵਸ਼ਾਲੀ ਮਾਰਚ ਪਾਸਟ ਨਾਲ ਕੀਤੀ ਗਈ। ਸੈਂਕੜੇ ਐਥਲੀਟਾਂ ਨੇ ਇਸ 'ਚ ਹਿੱਸਾ ਲਿਆ। ਰੰਗਾਰੰਗ ਸੱਭਿਆਚਾਰਕ ਸਮਾਗਮ ਵੀ ਖਿੱਚ ਦਾ ਕੇਂਦਰ ਰਿਹਾ।

ਇਸ ਮੌਕੇ ਬੋਲਦਿਆਂ ਡਾ. ਈਸ਼ਰ ਨੇ ਕਿਹਾ ਕਿ ਖੇਡਾਂ ਅਤੇ ਸਹਿ ਪਾਠਕ੍ਰਮ ਗਤੀਵਿਧੀਆਂ ਇਕ ਵਿਅਕਤੀ ਦੀ ਸ਼ਖਸੀਅਤ ਨੂੰ ਨਿਖਾਰਨ 'ਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਰੇ ਵਿਦਿਅਕ ਸੰਸਥਾਵਾਂ 'ਚ ਖੇਡ ਗਤੀਵਿਧੀਆਂ ਸਿਹਤਮੰਦ ਦਿਮਾਗ, ਚੰਗੀ ਸਿਹਤ ਅਤੇ ਅਨੁਸ਼ਾਸਨ ਸਿਖਾਉਣ ਲਈ ਅਤੀ ਜ਼ਰੂਰੀ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਆਸ਼ੀਸ਼ ਬਾਲਦੀ ਨੇ ਕਿਹਾ ਕਿ ਖੇਡਾਂ ਸਾਨੂੰ ਅਨੁਸ਼ਾਸਨ ਦੀ ਸਿਖਲਾਈ ਦਿੰਦੀਆਂ ਹਨ। ਡੀਨ, ਸਟੂਡੈਂਟਸ ਵੈੱਲਫੇਅਰ, ਡਾ. ਪਰਮਜੀਤ ਸਿੰਘ, ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ, ਡਾ. ਭੁਪਿੰਦਰ ਪਾਲ ਸਿੰਘ ਢੋਟ ਅਤੇ ਖੇਡ ਵਿਭਾਗ ਦੇ ਪ੍ਰਧਾਨ ਸਿਕੰਦਰ ਸਿੰਘ ਸਿੱਧੂ ਨੇ ਸਮਾਗਮ ਦੇ ਆਯੋਜਨ 'ਚ ਮੁੱਖ ਭੂਮਿਕਾ ਨਿਭਾਈ।


ਜੇਤੂਆਂ ਦਾ ਸਨਮਾਨ ਕਰਨ ਸਮੇਂ ਉਪ ਕੁਲਪਤੀ, ਡਾ. ਮੋਹਨ ਪਾਲ ਸਿੰਘ ਈਸ਼ਰ ਅਤੇ ਹੋਰ।


ਐਥਲੈਟਿਕ ਮੀਟ 'ਚ ਭਾਗ ਲੈਂਦੇ ਵਿਦਿਆਰਥੀ।

ਉਨ੍ਹਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਖੇਡ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਐੱਸ. ਈ. ਈ. ਕਲੱਬ ਦੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਵਾਹਨ ਦਾ ਪ੍ਰਦਰਸ਼ਨ ਵੀ ਕੀਤਾ ਗਿਆ।

ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਅਤੇ ਕੈਂਪਸ ਡਾਇਰੈਕਟਰ ਡਾ. ਸਵੀਨਾ ਬਾਂਸਲ, ਡੀਨ ਖੋਜ ਅਤੇ ਵਿਕਾਸ, ਡਾ. ਜਸਬੀਰ ਸਿੰਘ ਹੁੰਦਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ ਅਤੇ ਭਾਰੀ ਗਿਣਤੀ 'ਚ ਵਿਦਿਆਰਥੀ ਸ਼ਾਮਲ ਸਨ। ਮੁਕਾਬਲਿਆਂ ਦੀ ਸ਼ੁਰੂਆਤ 800 ਮੀਟਰ (ਪੁਰਸ਼) ਅਤੇ 400 ਮੀਟਰ (ਔਰਤ ਵਰਗ) ਦੀਆਂ ਦੌੜਾਂ ਨਾਲ ਹੋਈ।

## ਇਹ ਰਹੇ ਨਤੀਜੇ

**800 ਮੀਟਰ ਦੌੜ (ਪੁਰਸ਼ ਸ਼੍ਰੇਣੀ)**

ਇਕ ਦਿਲਚਸਪ ਮੁਕਾਬਲੇ 'ਚ ਸੂਰਜ (2016 ਬੈਚ ਦੇ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀ) ਨੇ 800 ਮੀਟਰ ਦੌੜ 'ਚ ਸੋਨ ਤਮਗਾ ਜਿੱਤਿਆ, ਜਦਕਿ ਗੁਰਪ੍ਰੀਤ ਸਿੰਘ (ਬੀ. ਐੱਸ. ਸੀ.) ਨੇ ਚਾਂਦੀ ਦਾ ਤਮਗਾ ਜਿੱਤਿਆ। ਜਦੋਂ ਕਿ ਆਸ਼ੂਤੋਸ਼ (ਈ. ਸੀ. ਈ. -2017) ਨੇ ਮੁਕਾਬਲੇ 'ਚ ਕਾਂਸੀ ਦਾ ਤਮਗਾ ਜਿੱਤਿਆ।

**400 ਮੀਟਰ ਦੌੜ (ਔਰਤ ਵਰਗ)**

ਕਿਰਨਜੋਤ (ਐੱਮ. ਟੈੱਕ -2017) ਨੇ 400 ਮੀਟਰ ਦੌੜ ਜਿੱਤ ਕੇ ਗੋਲਡ ਮੈਡਲ ਹਾਸਲ ਕੀਤਾ, ਜਦੋਂਕਿ ਡਿੰਪਲ ਦੂਜੇ ਅਤੇ ਪ੍ਰੀਤੀ ਤੀਜੇ ਸਥਾਨ 'ਤੇ ਰਹੀ।

दैनिक भास्कर बठिंडा, सोमवार 09 मार्च, 2020 | 04

# एमआरएसपीटीयू के 30 विद्यार्थियों का नामवर कंपनियों में चयन



**बठिंडा**|एक विशेष प्लेसमेंट ड्राइव में महाराजा रंजीत सिंह पंजाब टेक्निकल यूनिवर्सिटी के 30 विद्यार्थियों को नामवर कंपनियों ने नौकरी के लिए चुना। टॉपर कंपनी ने सीएसई की रिचा यादव, मैकेनिकल इंजीनियरिंग के साहिल गर्ग व सरताज सिंह को एकेडमिक सलाहकार के तौर पर 7 लाख रुपए सालाना पैकेज से भर्ती किया। वहीं एमबीए के लक्षदीप सिंह को 5.16 लाख के सालाना पैकेज से पिन क्लिक की ओर से प्रोपर्टी सलाहकार के तौर पर चुना। वहीं जस्ट डायल प्रा.लि. कंपनी ने बीटेक व एमबीए के 24 विद्यार्थियों को प्रमाणित इंटरनेट सलाहकार के तौर पर चुना। वहीं दो विद्यार्थी तानया गर्ग व सोनाक्षी की सीईटीपी में आकर्षक पैकेज पर प्लेसमेंट हुई।

दैनिक सवेरा टाइम्स
www.dainiksaveratimes.com
जालंधर, शुक्रवार, 6 मार्च 2020

## एमआरएसपीटीयू में 27वीं वार्षिक एथलैटिक मीट का शानदार आगाज

# 800 मीटर दौड़ में सूरज व 400 में किरनजोत अव्वल





एमआरएसपीटीयू में 27वीं वार्षिक एथलैटिक मीट के अलग-अलग दृश्य।

बठिंडा, 5 मार्च (श्रीवास्तव) ज्ञानी जैल सिंह कैंपस कालेज आफ इंजीनियरिंग और टेक्नालोजी, महाराजा रणजीत सिंह पंजाब टैकनिकल यूनिविर्सटी, बठिंडा और यूनिविर्सटी मैन कैंपस की 27 वीं सालाना एथलेटिक मीट-2020 की शानदार शुरूआत वीरवार यहां एथलैटिकस ग्राउंड में धूम-धाम के साथ हुई। मुख्य मेहमान यूनिविर्सटी के उप कुलपति, प्रोफैसर (डा.) मोहन पाल सिंह ईशर ने झंडा लहराने के बाद हवा में गुब्बारे छोड़ कर इस एथलेटिक मीट का उद्घाटन किया। प्रोग्राम की शुरूआत भाग लेने वाली अलग-अलग टीमों के समूहों द्वारा प्रभावशाली मार्च के पास्ट के साथ की गई। सैंकड़ों एथलीटों ने इस में हिस्सा लिया। इस मौके बोलते डा. ईशर ने कहा कि खेल और सह पाठ्यक्रम गतिविधियां एक व्यक्ति की शख्सियत को निखारने में महत्वपूर्ण भूमिका निभाती हैं। उन्होनें कहा कि सभी शैक्षणिक संस्थाओं में खेल गतिविधियां सेहतमंद दिमाग, अच्छी सेहत और अनुशासन सिखाने के लिए अति जरूरी हैं। उन्होंने कहा कि खेल टीम भावना पैदा करके अच्छे समाज की सृजन करना करने में योगदान डालती हैं। इस मौके संबोधित करते यूनिविर्सटी के रजिस्ट्रार, डा. आशीष बालदी ने कहा कि खेल हमें अनुशासन की सिखलाई देती हैं। उन्होनें विद्यार्थियों को खेल के साथ-साथ अपनी पढाई प्रति दृढ, मेहनती और भावुक होने की सलाह दी।

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦਾ 6ਵਾਂ ਅੰਤਰ ਜ਼ੋਨਲ ਯੁਵਕ ਮੇਲਾ 'ਮਾਣ ਵਤਨਾਂ ਦਾ' ਸ਼ਾਨੋ-ਸ਼ੌਕਤ ਨਾਲ ਸਮਾਪਤ

**ਜੀ.ਜ਼ੈਡ.ਐਸ.ਸੀ.ਸੀ.ਈ.ਟੀ, ਐੱਮ.ਆਰ.ਐੱਸ.ਪੀ.ਟੀ.ਯੂ. ਮੁੱਖ ਕੈਂਪਸ ਨੇ ਓਵਰਆਲ ਟਰਾਫ਼ੀ ਜਿਤੀ**



ਬਠਿੰਡਾ, 26 ਨਵੰਬਰ (ਸੁਖਜਿੰਦਰ ਮਾਨ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਬਠਿੰਡਾ ਦਾ 6ਵਾਂ ਅੰਤਰ-ਜ਼ੋਨਲ ਯੁਵਕ ਮੇਲਾ-2021 "ਮਾਣ ਵਤਨਾਂ ਦਾ" ਸਿਰਲੇਖ ਨਾਲ ਪ੍ਰਤਿਭਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ਾਨੋ ਸ਼ੌਕਤ ਨਾਲ ਯੂਨੀਵਰਸਿਟੀ ਕੈਂਪਸ ਵਿਖੇ ਸਮਾਪਤ ਹੋਇਆ। ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਅਤੇ ਐਮ.ਆਰ.ਐਸ.ਪੀ.ਟੀ.ਯੂ. ਮੁੱਖ ਕੈਂਪਸ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫੀ ਹਾਸਲ ਕੀਤੀ, ਜਦੋਂ ਕਿ ਬਾਬਾ ਫਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਦਿਓਣ ਨੇ ਦੂਜਾ ਸਥਾਨ ਹਾਸਿਲ ਕਰਕੇ ਰਨਰਅੱਪ ਟਰਾਫੀ ਹਾਸਲ ਕੀਤੀ। ਜਦੋਂ ਕਿ ਯੰਗ ਸਕਾਲਰਜ਼ ਕਾਲਜ ਹੰਡਿਆਇਆ (ਬਰਨਾਲਾ) ਨੇ ਤੀਜਾ ਸਥਾਨ ਹਾਸਲ ਕੀਤਾ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ.ਐਫ.ਯੂ.ਐਚ.ਐਸ.) ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ, ਜਦਕਿ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਵਧੀਕ ਡਾਇਰੈਕਟਰ, ਡਾ. ਮੋਹਨਬੀਰ ਸਿੰਘ ਸਿੱਧੂ ਅਤੇ ਆਲ ਇੰਡੀਆ ਰੇਡੀਓ, ਬਠਿੰਡਾ ਦੇ ਸਟੇਸ਼ਨ ਡਾਇਰੈਕਟਰ, ਸ. ਰਾਜੀਵ ਅਰੋੜਾ, ਸਮਾਪਤੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸਨ, ਜਿਨ੍ਹਾਂ ਨੇ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕੀਤੀ।" ਮਾਣ ਵਤਨਾਂ ਦਾ " ਥੀਮ ਵਾਲਾ ਯੁਵਕ ਮੇਲਾ, ਜੋ ਮਾਤ ਭੂਮੀ ਲਈ ਮਾਣ ਅਤੇ ਪਿਆਰ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਾ ਹੈ, ਇਸ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਤਕਨੀਕੀ ਸਮਾਗਮ, ਰਚਨਾਤਮਕ ਮੁਕਾਬਲੇ ਅਤੇ ਪ੍ਰਤਿਭਾ ਅਧਾਰਤ ਸੱਭਿਆਚਾਰਕ ਪ੍ਰਦਰਸ਼ਨ ਸ਼ਾਮਲ ਸਨ। ਭਾਗ ਲੈਣ ਵਾਲੇ ਸੰਵਿਧਾਨਕ ਅਤੇ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਸੰਗੀਤ, ਥੀਏਟਰ, ਡਾਂਸ, ਸਾਹਿਤ, ਲਲਿਤ ਕਲਾਵਾਂ ਦੇ ਵੱਖ-ਵੱਖ ਪ੍ਰੋਗਰਾਮਾਂ ਤੋਂ ਇਲਾਵਾ ਪ੍ਰਦਰਸ਼ਨ ਕਲਾ ਦੇ ਵੱਖ-ਵੱਖ ਪਹਿਲੂਆਂ ਵਿੱਚ ਵੱਖ-ਵੱਖ ਸੱਭਿਆਚਾਰਕ, ਤਕਨੀਕੀ ਅਤੇ ਸਾਹਿਤਕ ਸਮਾਗਮਾਂ ਵਿੱਚ ਪ੍ਰਦਰਸ਼ਨ ਕਰਕੇ ਜੀਵਨ ਦੀ ਭਾਵਨਾ ਦਾ ਜਸ਼ਨ ਮਨਾਇਆ; ਸਕਿੱਟ, ਗੀਤ, ਡਾਂਸ, ਸੰਗੀਤ ਪੇਸ਼ਕਾਰੀ, ਗਿੱਧਾ ਅਤੇ ਭੰਗੜਾ ਸਮਾਗਮ ਦੇ ਮੁੱਖ ਆਕਰਸ਼ਣ ਰਹੇ। ਪੰਜਾਬੀ ਲੋਕ ਗਾਇਕਾ ਡਾ. ਕੁਲਦੀਪ ਕੌਰ ਸੰਧੂ ਨੇ ਆਪਣੇ ਪ੍ਰਸਿੱਧ ਗੀਤ "ਚਿੜੀਆਂ ਦਾ ਚੰਬਾ", 'ਮਜਬੂਰੀ' ਅਤੇ ਮਿੱਟੀ ਦਾ ਬਾਵਾ" ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਉਸਨੇ ਪ੍ਰਸਿੱਧ ਪੰਜਾਬੀ ਫਿਲਮਾਂ ਵਿੱਚ ਪਲੇਅ ਬੈਕ ਗਾਇਕ ਵਜੋਂ ਕੰਮ ਕੀਤਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਰਾਜ ਬਹਾਦੁਰ ਨੇ ਕਿਹਾ ਕਿ ਨੌਜਵਾਨਾਂ ਨੂੰ ਕਈ ਗੁਣਾਂ ਦੀ ਬਖਸ਼ਿਸ਼ ਹੁੰਦੀ ਹੈ ਅਤੇ ਉਨ੍ਹਾਂ ਵਿਚੋਂ ਇਕ ਇਹ ਹੈ ਕਿ ਅਜਿਹੇ ਪ੍ਰੋਗਰਾਮਾਂ ਨਾਲ ਉਨ੍ਹਾਂ ਵਿਚ ਟੀਮ ਭਾਵਨਾ ਪੈਦਾ ਹੁੰਦੀ ਹੈ, ਮੁਕਾਬਲਿਆਂ ਦੌਰਾਨ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਹੁੰਦਾ ਹੈ, ਜਿਸ ਨਾਲ ਉਹ ਆਪਣੇ ਜੀਵਨ ਵਿਚ ਉੱਤਮ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਯੁਵਕ ਮੇਲੇ ਨਾ ਸਿਰਫ਼ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਮੁੜ ਸੁਰਜੀਤ ਕਰਦੇ ਹਨ ਬਲਕਿ ਸਾਨੂੰ ਟੀਮ ਵਰਕ ਅਤੇ ਚੰਗੀ ਸਿਹਤ ਦੀ ਭਾਵਨਾ ਪ੍ਰਦਾਨ ਕਰਦੇ ਹਨ। ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਨੌਜਵਾਨ ਪ੍ਰਤਿਭਾ ਲਈ ਇੱਕ ਵਿਲੱਖਣ ਪਲੇਟਫਾਰਮ ਹੈ ਅਤੇ ਨੌਜਵਾਨਾਂ ਦੀ ਸਿਰਜਣਾਤਮਕਤਾ ਅਤੇ ਨਵੀਨਤਾ ਦਾ ਜਸ਼ਨ ਹੈ। ਮੁੱਖ ਮਹਿਮਾਨ ਨੇ ਜੇਤੂ ਟੀਮ ਅਤੇ ਜੇਤੂਆਂ ਨੂੰ ਟਰਾਫੀਆਂ ਵੰਡੀਆਂ। ਇਨਾਮੀ ਸਮਾਰੋਹ ਦੀ ਸਮਾਪਤੀ ਦੌਰਾਨ ਵਾਈਸ ਚਾਂਸਲਰ ਨੇ ਮੇਲੇ ਨੂੰ ਸਫਲਤਾਪੂਰਵਕ ਕਰਵਾਉਣ ਲਈ ਪ੍ਰਬੰਧਕੀ ਟੀਮ ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਯੂਨੀਵਰਸਿਟੀ ਦੀਆਂ ਸੱਭਿਆਚਾਰਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਹਾਇਕ ਪ੍ਰੋਫੈਸਰ ਡਾ. ਸੁਨੀਤਾ ਕੋਤਵਾਲ ਅਤੇ ਅਨੁਮੀਤ ਕੌਰ ਨੇ ਸਟੇਜ ਦਾ ਸੰਚਾਲਨ ਬਾਖੂਬੀ ਢੰਗ ਨਾਲ ਕੀਤਾ ਅਤੇ ਸਰੋਤਿਆਂ ਨੂੰ ਕੀਲ ਕੇ ਰੱਖਿਆ। ਇਸ ਮੌਕੇ ਕੋਆਰਡੀਨੇਟਰ ਸਿਕੰਦਰ ਸਿੰਘ ਸਿੱਧੂ, ਆਰਕੀਟੈਕ ਅਮਨਦੀਪ ਕੌਰ, ਇੰਜ. ਨਵਦੀਪ ਕੌਰ ਖੀਵਾ, ਇੰਜ. ਸੁਖਦੀਪ ਸਿੰਘ, ਡਾ. ਸੁਖਵਿੰਦਰ ਸਿੰਘ ਅਤੇ ਡਾ. ਹਰਮਨ ਜੋਤ ਕੌਰ ਨੇ ਸਮਾਗਮ ਨੂੰ ਸ਼ਾਨਦਾਰ ਬਣਾਉਣ ਲਈ ਬਹੁਤ ਮਿਹਨਤ ਕੀਤੀ। ਸਮਾਗਮ ਵਿੱਚ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ, ਡੀਨਜ਼, ਡਾਇਰੈਕਟਰ ਅਤੇ ਫੈਕਲਟੀ ਹਾਜ਼ਰ ਸਨ।

ਕਰ ਕੇ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਚੁੱਕ ਪਰਿਵਾਰਾਂ ਨੂੰ ਸਿਰ ਢੱਕਣ ਲਈ ਛੱਤ ਪਾਉਣ ਪਿੰਡ ਦੇ ਸਾਰੇ ਹੱਕਦਾਰ ਲੋਕਾਂ ਨੂੰ ਜਗ੍ਹਾ ਦੇਣ ਦੇ ਹੱਕ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

**ਛੇਵਾਂ ਸਮਾਗਮ** | **ਗੁਣਵੱਤਾ ਭਰਪੂਰ ਸਿੱਖਿਆ, ਵਿਗਿਆਨਕ ਤੇ ਨਵੀਨਤਾਕਾਰੀ ਯੋਗਤਾ ਪੈਦਾ ਕਰਨਾ ਸਮੇਂ ਦੀ ਮੰਗ : ਰਾਣਾ ਗੁਰਜੀਤ ਸਿੰਘ**

# ਐੱਮਆਰਐੱਸਪੀਟੀਯੂ ਦਾ ਯੁਵਕ ਮੇਲਾ 'ਮਾਣ ਵਤਨਾਂ ਦਾ' ਆਰੰਭ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਬਠਿੰਡਾ ਦਾ 6ਵਾਂ ਅੰਤਰ-ਜ਼ੋਨਲ ਯੁਵਕ ਮੇਲਾ-2021 "ਮਾਣ ਵਤਨਾਂ ਦਾ" ਦੇ ਸਿਰਲੇਖ ਨਾਲ ਅੱਜ ਇਥੇ ਯੂਨੀਵਰਸਿਟੀ ਕੈਂਪਸ ਵਿਖੇ ਧੂਮਧਾਮ ਨਾਲ ਸ਼ੁਰੂ ਹੋਇਆ। ਯੁਵਕ ਮੇਲੇ ਦਾ ਉਦਘਾਟਨ ਮੁੱਖ ਮਹਿਮਾਨ ਕੈਬਨਿਟ ਮੰਤਰੀ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ ਅਤੇ ਸਿਖਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ ਪੰਜਾਬ ਸਰਦਾਰ ਰਾਣਾ ਗੁਰਜੀਤ ਸਿੰਘ ਵੱਲੋਂ ਕੀਤਾ ਗਿਆ।

ਇਸ ਦੌਰਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ, ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਬਠਿੰਡਾ ਦੇ ਕਾਰਜਕਾਰੀ ਡਾਇਰੈਕਟਰ ਡਾ. ਡੀਕੇ ਸਿੰਘ, ਡਿਪਟੀ ਕਮਿਸ਼ਨਰ ਅਰਵਿੰਦ ਪਾਲ ਸਿੰਘ ਸੰਧੂ, ਐਸਐਸਪੀ ਅਜੇ ਮਲੂਜਾ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਅਤੇ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਰੁਝੇਵਿਆਂ ਦੇ ਬਾਵਜੂਦ, ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਵੀ ਯੂਨੀਵਰਸਿਟੀ ਦੇ ਯੁਵਕ ਮੇਲੇ ਦਾ ਸੰਖੇਪ ਦੌਰਾ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਰਦਾਰ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਮਿਆਰੀ ਤਕਨੀਕੀ ਸਿੱਖਿਆ ਸਮੇਂ ਦੀ ਲੋੜ ਹੈ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਵਿਗਿਆਨਕ ਅਤੇ ਨਵੀਨਤਾਕਾਰੀ ਯੋਗਤਾ ਪੈਦਾ ਕੀਤੀ ਜਾਣੀ ਅਤੀ ਜ਼ਰੂਰੀ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਖੋਜ ਨੂੰ ਹੁਲਾਰਾ ਦਿੱਤਾ ਜਾ ਸਕੇ।




**6ਵੇਂ ਅੰਤਰ ਯੁਵਕ ਮੇਲੇ ਦੌਰਾਨ ਸ਼ਮ੍ਹਾਂ ਰੋਸ਼ਨ ਕਰਦੇ ਹੋਏ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ।** ਪੰਜਾਬੀ ਜਾਗਰਣ

ਉਨ੍ਹਾਂ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿਸ ਕਾਰਨ ਖੇਤੀ ਅਧਾਰਿਤ ਉਦਯੋਗ ਵਿੱਚ ਨਵੀਨਤਾ ਲਿਆਉਣ ਅਤੇ ਖੇਤੀ-ਵਪਾਰ ਨੂੰ ਟਿਕਾਊ ਬਣਾਉਣਾ ਸਮੇਂ ਦੀ ਮੁੱਖ ਜ਼ਰੂਰਤ ਹੈ। ਵੱਡੇ ਪੱਧਰ 'ਤੇ ਤਕਨਾਲੋਜੀ ਉਦਯੋਗ ਤੇ ਖੇਤੀਬਾੜੀ ਖੇਤਰ ਵਿਚ ਭਰੋਸੇਯੋਗ ਨਵੀਨਤਾਕਾਰੀ ਖੋਜਾਂ ਹੀ ਸਾਡੇ ਆਉਣ ਵਾਲੇ ਭਵਿੱਖ ਨੂੰ ਤੈਅ ਕਰਨਗੀਆਂ। ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਨੌਜਵਾਨ ਪ੍ਰਤਿਭਾ ਲਈ ਇਕ ਵਿਲੱਖਣ ਪਲੇਟਫਾਰਮ ਹੈ ਅਤੇ ਨੌਜਵਾਨਾਂ ਦੀ ਸਿਰਜਣਾਤਮਕਤਾ ਤੇ ਨਵੀਨਤਾ ਦਾ ਜਸ਼ਨ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਰਵਪੱਖੀ ਸ਼ਖ਼ਸੀਅਤਾਂ ਬਣਨ, ਨੌਜਵਾਨਾਂ ਦਾ ਸਵੈ-ਮਾਣ ਅਤੇ ਆਤਮ ਵਿਸ਼ਵਾਸ ਪੈਦਾ ਕਰਨ ਲਈ ਸਾਰੇ ਖੇਤਰਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਏਮਜ਼ ਦੇ ਕਾਰਜਕਾਰੀ ਨਿਰਦੇਸ਼ਕ ਡਾ.ਡੀਕੇ. ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਕਈ ਗੁਣਾਂ ਦੀ ਬਖਸ਼ਿਸ਼ ਹੁੰਦੀ ਹੈ ਅਤੇ ਉਨ੍ਹਾਂ ਵਿੱਚੋਂ ਇਕ ਇਹ ਹੈ ਕਿ ਅਜਿਹੇ ਪ੍ਰੋਗਰਾਮਾਂ ਨਾਲ ਉਨ੍ਹਾਂ ਵਿਚ ਟੀਮ ਭਾਵਨਾ ਪੈਦਾ ਕਰਨ, ਮੁਕਾਬਲਿਆਂ ਦੌਰਾਨ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਵਿੱਚ ਮਦਦ ਮਿਲਦੀ ਹੈ, ਜਿਸ ਨਾਲ ਉਹ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹ ਸਕਦੇ ਹਨ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਉਹ ਜਲਦੀ ਹੀ ਇੰਟਰ ਮੈਡੀਕਲ ਇੰਸਟੀਚਿਊਟ ਯੁਵਕ ਮੇਲੇ ਦਾ ਪ੍ਰਬੰਧ ਕਰਨਗੇ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਿਹਾ। ਸਮਾਗਮ ਵਿੱਚ ਪੰਜਾਬ ਸਰਕਾਰ ਦੇ ਹੁਨਰ ਸਲਾਹਕਾਰ ਪਰਦੀਪ ਕੌੜਾ, ਤਕਨੀਕੀ ਸਿੱਖਿਆ ਬੋਰਡ ਦੇ ਰਜਿਟ੍ਰਾਰ ਸਰਦਾਰ ਦਰਸ਼ਨ ਸਿੰਘ ਸਿੱਧੂ ਤੋਂ ਇਲਾਵਾ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ, ਡੀਨਜ਼, ਡਾਇਰੈਕਟਰਾਂ ਅਤੇ ਫੈਕਲਟੀ ਨੇ ਸ਼ਿਰਕਤ ਕੀਤੀ।

ਮੌੜ ਮੰਡੀ
ਬਰਾੜ

# ਮਹਾਰਾਜਾ ਰਣਜੀਤ ਯੂਨੀਵਰਸਿਟੀ ਦਾ ਜੋਨਲ ਯੁਵਕ ਮੇਲਾ 'ਮਾਣ ਵਤਨਾਂ ਦਾ' ਸਮਾਪਤ

ਸਾਂਝੀ ਖਬਰ

ਬਠਿੰਡਾ 27 ਨਵੰਬਰ

( ਅਸ਼ੋਕ ਵਰਮਾ )

'ਮਾਣ ਵਤਨਾ ਦਾ ' ਦੇ ਸਿਰਲੇਖ ਨਾਲ ਸ਼ੁਰੂ ਹੋਏ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦਾ 6ਵਾਂ ਅੰਤਰ-ਜੋਨਲ ਯੁਵਕ ਮੇਲਾ-2021 ਪ੍ਰਤਿਭਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਅਹਿਦ ਨਾਲ ਸਮਾਪਤ ਹੋ ਗਿਆ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਦੇ ਵਾਈਸ ਚਾਂਸਲਰ ਡਾ: ਰਾਜ ਬਹਾਦਰ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਦੇ ਡਾਇਰੈਕਟਰ, ਡਾ: ਮੋਹਨਬੀਰ ਸਿੰਘ ਸਿੱਧੂ ਅਤੇ ਅਕਾਸ਼ਵਾਣੀ ਬਠਿੰਡਾ ਦੇ ਸਟੇਸ਼ਨ ਡਾਇਰੈਕਟਰ ਰਾਜੀਵ ਅਰੋੜਾ ਇਨਾਮ ਵੰਡ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸਨ। ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਅਤੇ ਯੂਨੀਵਰਸਿਟੀ ਨੇ ਪਹਿਲੇ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫੀ ਹਾਸਲ ਕੀਤੀ। ਬਾਬਾ ਫਰੀਦ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ



ਦਿਓਣ ਨੂੰ ਰਨਰਅੱਪ ਟਰਾਫੀ ਦਿੱਤੀ ਗਈ ਅਤੇ ਯੰਗ ਸਕਾਲਰਜ਼ ਕਾਲਜ ਹੰਡਿਆਇਆ (ਬਰਨਾਲਾ) ਤੀਜੇ ਸਥਾਨ ਤੇ ਰਿਹਾ ਹੈ। 'ਮਾਣ ਵਤਨਾਂ ਦਾ ' ਥੀਮ ਵਾਲਾ ਯੁਵਕ ਮੇਲਾ, ਜੋ ਮਾਤ ਭੂਮੀ ਲਈ ਮਾਣ ਅਤੇ ਪਿਆਰ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਾ ਹੈ, ਇਸ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਤਕਨੀਕੀ ਸਮਾਗਮ, ਰਚਨਾਤਮਕ ਮੁਕਾਬਲੇ ਅਤੇ ਪ੍ਰਤਿਭਾ ਅਧਾਰਤ ਸੱਭਿਆਚਾਰਕ ਪ੍ਰਦਰਸ਼ਨ ਸ਼ਾਮਲ ਸਨ। ਸੰਵਿਧਾਨਕ ਅਤੇ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਸੰਗੀਤ, ਥੀਏਟਰ, ਡਾਂਸ, ਸਾਹਿਤ, ਲਲਿਤ ਕਲਾਵਾਂ ਦੇ ਵੱਖ-ਵੱਖ ਪਹਿਲੂਆਂ ਰਾਹੀਂ ਸੱਭਿਆਚਾਰਕ, ਤਕਨੀਕੀ ਅਤੇ ਸਾਹਿਤਕ ਸਮਾਗਮਾਂ ਵਿੱਚ ਪ੍ਰਦਰਸ਼ਨ ਕਰਕੇ ਜੀਵਨ ਦੀ ਭਾਵਨਾ ਦਾ ਜਸ਼ਨ ਮਨਾਇਆ। ਸਕਿੱਟ, ਗੀਤ, ਡਾਂਸ, ਸੰਗੀਤ ਦੀ ਪੇਸ਼ਕਾਰੀ, ਗਿੱਧਾ ਅਤੇ ਭੰਗੜਾ ਸਮਾਗਮ ਦੌਰਾਨ ਮੁੱਖ ਤੌਰ ਤੇ ਖਿਚ ਦਾ ਕੇਂਦਰ ਰਹੇ। ਪੰਜਾਬੀ ਲੋਕ ਗਾਇਕਾ ਅਤੇ ਪੰਜਾਬੀ ਫਿਲਮਾਂ ਦੀ ਪਲੇਬੈਕ ਸਿੰਗਰ ਡਾ. ਕੁਲਦੀਪ ਕੌਰ ਸੰਧੂ ਨੇ ਆਪਣੇ ਪ੍ਰਸਿੱਧ ਗੀਤ 'ਚਿੜੀਆਂ ਦਾ ਚੰਬਾ', 'ਮਜਬੂਰੀ' ਅਤੇ 'ਮਿੱਟੀ ਦਾ ਬਾਵਾ' ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ: ਰਾਜ ਬਹਾਦੁਰ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਨਾਲ ਨੌਜਵਾਨਾਂ ਵਿਚ ਟੀਮ ਭਾਵਨਾ ਪੈਦਾ ਹੁੰਦੀ ਹੈ ਜਿਸ ਸਦਕਾ ਉਹ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹ ਸਕਦੇ ਹਨ। ਉਨਾਂ ਕਿਹਾ ਕਿ ਯੁਵਕ ਮੇਲੇ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਮੁੜ ਸੁਰਜੀਤ ਕਰਦੇ ਹਨ। ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਦੀ ਪ੍ਰਤਿਭਾ ਨਿਖਾਰਨ ਲਈ ਵਿਲੱਖਣ ਪਲੇਟਫਾਰਮ ਹਨ। ਉਨਾਂ ਮੇਲੇ ਨੂੰ ਸਫਲਤਾਪੂਰਵਕ ਕਰਵਾਉਣ ਲਈ ਪ੍ਰਬੰਧਕੀ ਟੀਮ ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰਪਾਲ ਸਿੰਘ ਬਰਾੜ ਨੇ ਸਭਨਾ ਦਾ ਧੰਨਵਾਦ ਦਾ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਹਾਇਕ ਪ੍ਰੋਫੈਸਰ ਡਾ: ਸੁਨੀਤਾ ਕੋਤਵਾਲ ਅਤੇ ਅਨੁਮੀਤ ਕੌਰ ਨੇ ਸਟੇਜ ਦਾ ਸੰਚਾਲਨ ਕੀਤਾ।

# ਮਹਾਰਾਜਾ ਰਣਜੀਤ ਯੂਨੀਵਰਸਿਟੀ ਦਾ ਜੋਨਲ ਯੁਵਕ ਮੇਲਾ ' ਮਾਣ ਵਤਨਾਂ ਦਾ' ਸਮਾਪਤ





ਅਸ਼ੋਕ ਵਰਮਾ

ਬਠਿੰਡਾ,27ਨਵੰਬਰ2021:'ਮਾਣ ਵਤਨਾ ਦਾ ' ਦੇ ਸਿਰਲੇਖ ਨਾਲ ਸ਼ੁਰੂ ਹੋਏ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦਾ 6ਵਾਂ ਅੰਤਰ-ਜ਼ੋਨਲ ਯੁਵਕ ਮੇਲਾ-2021 ਪ੍ਰਤਿਭਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਅਹਿਦ ਨਾਲ ਸਮਾਪਤ ਹੋ ਗਿਆ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਦੇ ਵਾਈਸ ਚਾਂਸਲਰ ਡਾ: ਰਾਜ ਬਹਾਦਰ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਦੇ ਡਾਇਰੈਕਟਰ, ਡਾ: ਮੋਹਨਬੀਰ ਸਿੰਘ ਸਿੱਧੂ ਅਤੇ ਅਕਾਸ਼ਵਾਣੀ ਬਠਿੰਡਾ ਦੇ ਸਟੇਸ਼ਨ ਡਾਇਰੈਕਟਰ ਰਾਜੀਵ ਅਰੋੜਾ ਇਨਾਮ ਵੰਡ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸਨ। ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਅਤੇ ਯੂਨੀਵਰਸਿਟੀ ਨੇ ਪਹਿਲੇ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫੀ ਹਾਸਲ ਕੀਤੀ। ਬਾਬਾ ਫਰੀਦ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦਿਓਣ ਨੂੰ ਰਨਰਅੱਪ ਟਰਾਫੀ ਦਿੱਤੀ ਗਈ ਅਤੇ ਯੰਗ ਸਕਾਲਰਜ਼ ਕਾਲਜ ਹੰਡਿਆਇਆ (ਬਰਨਾਲਾ) ਤੀਜੇ ਸਥਾਨ ਤੇ ਰਿਹਾ ਹੈ। 'ਮਾਣ ਵਤਨਾਂ ਦਾ ' ਥੀਮ ਵਾਲਾ ਯੁਵਕ ਮੇਲਾ, ਜੋ ਮਾਤ ਭੂਮੀ ਲਈ ਮਾਣ ਅਤੇ ਪਿਆਰ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਾ ਹੈ, ਇਸ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਤਕਨੀਕੀ ਸਮਾਗਮ, ਰਚਨਾਤਮਕ ਮੁਕਾਬਲੇ ਅਤੇ ਪ੍ਰਤਿਭਾ ਅਧਾਰਤ ਸੱਭਿਆਚਾਰਕ ਪ੍ਰਦਰਸ਼ਨ ਸ਼ਾਮਲ ਸਨ। ਸੰਵਿਧਾਨਕ ਅਤੇ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਸੰਗੀਤ, ਥੀਏਟਰ, ਡਾਂਸ, ਸਾਹਿਤ, ਲਲਿਤ ਕਲਾਵਾਂ ਦੇ ਵੱਖ-ਵੱਖ ਪਹਿਲੂਆਂ ਰਾਹੀਂ ਸੱਭਿਆਚਾਰਕ, ਤਕਨੀਕੀ ਅਤੇ ਸਾਹਿਤਕ ਸਮਾਗਮਾਂ ਵਿੱਚ ਪ੍ਰਦਰਸ਼ਨ ਕਰਕੇ ਜੀਵਨ ਦੀ ਭਾਵਨਾ ਦਾ ਜਸ਼ਨ ਮਨਾਇਆ। ਸਕਿੱਟ, ਗੀਤ, ਡਾਂਸ, ਸੰਗੀਤ ਦੀ ਪੇਸ਼ਕਾਰੀ, ਗਿੱਧਾ ਅਤੇ ਭੰਗੜਾ ਸਮਾਗਮ ਦੌਰਾਨ ਮੁੱਖ ਤੌਰ ਤੇ ਖਿਚ ਦਾ ਕੇਂਦਰ ਰਹੇ। ਪੰਜਾਬੀ ਲੋਕ ਗਾਇਕਾ ਅਤੇ ਪੰਜਾਬੀ ਫਿਲਮਾਂ ਦੀ ਪਲੇਬੈਕ ਸਿੰਗਰ ਡਾ. ਕੁਲਦੀਪ ਕੌਰ ਸੰਧੂ ਨੇ ਆਪਣੇ ਪ੍ਰਸਿੱਧ ਗੀਤ 'ਚਿੜੀਆਂ ਦਾ ਚੰਬਾ', 'ਮਜਬੂਰੀ' ਅਤੇ 'ਮਿੱਟੀ ਦਾ ਬਾਵਾ' ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ: ਰਾਜ ਬਹਾਦੁਰ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਨਾਲ ਨੌਜਵਾਨਾਂ ਵਿਚ ਟੀਮ ਭਾਵਨਾ ਪੈਦਾ ਹੁੰਦੀ ਹੈ ਜਿਸ ਸਦਕਾ ਉਹ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹ ਸਕਦੇ ਹਨ। ਉਨਾਂ ਕਿਹਾ ਕਿ ਯੁਵਕ ਮੇਲੇ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਮੁੜ ਸੁਰਜੀਤ ਕਰਦੇ ਹਨ। ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਦੀ ਪ੍ਰਤਿਭਾ ਨਿਖਾਰਨ ਲਈ ਵਿਲੱਖਣ ਪਲੇਟਫਾਰਮ ਹਨ। ਉਨਾਂ ਮੇਲੇ ਨੂੰ ਸਫਲਤਾਪੂਰਵਕ ਕਰਵਾਉਣ ਲਈ ਪ੍ਰਬੰਧਕੀ ਟੀਮ ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰਪਾਲ ਸਿੰਘ ਬਰਾੜ ਨੇ ਸਭਨਾ ਦਾ ਧੰਨਵਾਦ ਦਾ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਹਾਇਕ ਪ੍ਰੋਫੈਸਰ ਡਾ: ਸੁਨੀਤਾ ਕੋਤਵਾਲ ਅਤੇ ਅਨੁਮੀਤ ਕੌਰ ਨੇ ਸਟੇਜ ਦਾ ਸੰਚਾਲਨ ਕੀਤਾ।

ਗੋਲਡ ਸਟਾਰ

ਰੌਣਕ ਮੇਲਾ

ਐੱਮਆਰਐੱਸ ਪੀਟੀਯੂ ਮੁੱਖ ਕੈਂਪਸ ਨੇ ਓਵਰਆਲ ਟਰਾਫੀ 'ਤੇ ਕੀਤਾ ਕਬਜ਼ਾ

# ਯੁਵਕ ਮੇਲਾ 'ਮਾਣ ਵਤਨਾਂ ਦਾ' ਸ਼ਾਨੋ ਸ਼ੌਕਤ ਨਾਲ ਸਮਾਪਤ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦਾ 6ਵਾਂ ਅੰਤਰ-ਜ਼ੋਨਲ ਯੁਵਕ ਮੇਲਾ-2021 'ਮਾਣ ਵਤਨਾਂ ਦਾ' ਸਿਰਲੇਖ ਨਾਲ ਪ੍ਰਤਿਭਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ਾਨੋ ਸ਼ੌਕਤ ਨਾਲ ਯੂਨੀਵਰਸਿਟੀ ਕੈਂਪਸ ਵਿਖੇ ਸਮਾਪਤ ਹੋਇਆ। ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਅਤੇ ਐੱਮਆਰਐੱਸਪੀਟੀਯੂ ਮੁੱਖ ਕੈਂਪਸ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫੀ ਹਾਸਲ ਕੀਤੀ, ਜਦੋਂ ਕਿ ਬਾਬਾ ਫਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦਿਓਣ ਨੇ ਦੂਜਾ ਸਥਾਨ ਹਾਸਲ ਕਰਕੇ ਰਨਰਅੱਪ ਟਰਾਫੀ ਹਾਸਲ ਕੀਤੀ।

ਯੰਗ ਸਕਾਲਰਜ਼ ਕਾਲਜ ਹੰਡਿਆਇਆ (ਬਰਨਾਲਾ) ਨੇ ਤੀਜਾ ਸਥਾਨ ਹਾਸਲ ਕੀਤਾ। ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ, ਜਦਕਿ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ



ਓਵਰਆਲ ਟਰਾਫ਼ੀ ਨਾਲ ਜੇਤੂ ਵਿਦਿਆਰਥੀ ਤੇ ਪਤਵੰਤੇ ਸੱਜਣ। ਪੰਜਾਬੀ ਜਾਗਰਣ

ਵਧੀਕ ਡਾਇਰੈਕਟਰ ਡਾ. ਮੋਹਨਬੀਰ ਸਿੰਘ ਸਿੱਧੂ ਅਤੇ ਆਲ ਇੰਡੀਆ ਰੇਡੀਓ ਬਠਿੰਡਾ ਦੇ ਸਟੇਸ਼ਨ ਡਾਇਰੈਕਟਰ ਰਾਜੀਵ ਅਰੋੜਾ ਸਮਾਪਤੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸਨ, ਜਿਨ੍ਹਾਂ ਨੇ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕੀਤੀ। 'ਮਾਣ ਵਤਨਾਂ ਦਾ' ਥੀਮ ਵਾਲੇ ਯੁਵਕ ਮੇਲਾ ਵਿਚ ਵੱਖ-ਵੱਖ ਸੱਭਿਆਚਾਰਕ ਅਤੇ ਤਕਨੀਕੀ ਸਮਾਗਮ, ਰਚਨਾਤਮਕ ਮੁਕਾਬਲੇ ਅਤੇ ਪ੍ਰਤਿਭਾ ਅਧਾਰਤ ਸੱਭਿਆਚਾਰਕ ਪ੍ਰਦਰਸ਼ਨ ਸ਼ਾਮਲ ਸਨ। ਇਸ ਮੌਕੇ ਭਾਗ ਲੈਣ ਵਾਲੇ ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਸੰਗੀਤ, ਥੀਏਟਰ, ਡਾਂਸ, ਸਾਹਿਤ, ਲਲਿਤ ਕਲਾਵਾਂ ਦੇ ਵੱਖ-ਵੱਖ ਪ੍ਰੋਗਰਾਮਾਂ ਤੋਂ ਇਲਾਵਾ ਪ੍ਰਦਰਸ਼ਨ ਕਲਾ ਦੇ ਵੱਖ-ਵੱਖ ਪਹਿਲੂਆਂ ਵਿਚ ਵੱਖ-ਵੱਖ ਸੱਭਿਆਚਾਰਕ, ਤਕਨੀਕੀ ਅਤੇ ਸਾਹਿਤਕ ਸਮਾਗਮਾਂ ਵਿਚ ਪ੍ਰਦਰਸ਼ਨ ਕਰਕੇ ਜੀਵਨ ਦੀ ਭਾਵਨਾ ਦਾ ਜਸ਼ਨ ਮਨਾਇਆ। ਸਕਿੱਟ, ਗੀਤ, ਡਾਂਸ, ਸੰਗੀਤ ਪੇਸ਼ਕਾਰੀ, ਗਿੱਧਾ ਅਤੇ ਭੰਗੜਾ ਸਮਾਗਮ ਦੇ ਮੁੱਖ ਆਕਰਸ਼ਣ ਰਹੇ। ਇਸ ਮੌਕੇ ਪੰਜਾਬੀ ਲੋਕ ਗਾਇਕਾ ਡਾ. ਕੁਲਦੀਪ ਕੌਰ ਸੰਧੂ ਨੇ ਆਪਣੇ ਪ੍ਰਸਿੱਧ ਗੀਤ 'ਚਿੜੀਆਂ ਦਾ ਚੰਬਾ', 'ਮਜ਼ਬੂਰੀ' ਅਤੇ 'ਮਿੱਟੀ ਦਾ ਬਾਵਾ' ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਰਾਜ ਬਹਾਦੁਰ ਨੇ ਕਿਹਾ ਕਿ ਇਹ ਯੁਵਕ ਮੇਲੇ ਨਾ ਸਿਰਫ਼ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਮੁੜ ਸੁਰਜੀਤ ਕਰਦੇ ਹਨ ਬਲਕਿ ਸਾਨੂੰ ਟੀਮ ਵਰਕ ਅਤੇ ਚੰਗੀ ਸਿਹਤ ਦੀ ਭਾਵਨਾ ਪ੍ਰਦਾਨ ਕਰਦੇ ਹਨ। ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਨੌਜਵਾਨ ਪ੍ਰਤਿਭਾ ਲਈ ਇਕ ਵਿਲੱਖਣ ਪਲੇਟਫਾਰਮ ਹੈ। ਇਸ ਮੌਕੇ ਮੁੱਖ ਮਹਿਮਾਨ ਨੇ ਜੇਤੂਆਂ ਨੂੰ ਟਰਾਫੀਆਂ ਵੰਡੀਆਂ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਸਹਾਇਕ ਪ੍ਰੋਫੈਸਰ ਡਾ. ਸੁਨੀਤਾ ਕੋਤਵਾਲ ਅਤੇ ਅਨੁਮੀਤ ਕੌਰ ਨੇ ਸਟੇਜ ਦਾ ਸੰਚਾਲਨ ਬਾਖੂਬੀ ਢੰਗ ਨਾਲ ਕੀਤਾ। ਇਸ ਮੌਕੇ ਕੋਆਰਡੀਨੇਟਰ ਸਿਕੰਦਰ ਸਿੰਘ ਸਿੱਧੂ, ਆਰਕੀਟੈਕ ਅਮਨਦੀਪ ਕੌਰ, ਇੰਜ ਨਵਦੀਪ ਕੌਰ ਧੀਵਾ, ਇੰਜ. ਸੁਖਦੀਪ ਸਿੰਘ, ਡਾ. ਸੁਖਵਿੰਦਰ ਸਿੰਘ ਅਤੇ ਡਾ. ਹਰਮਨ ਜੋਤ ਕੌਰ ਨੇ ਸਮਾਗਮ ਨੂੰ ਸ਼ਾਨਦਾਰ ਬਣਾਉਣ ਲਈ ਬਹੁਤ ਮਿਹਨਤ ਕੀਤੀ। ਸਮਾਗਮ ਵਿਚ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ, ਡੀਨਜ਼, ਡਾਇਰੈਕਟਰ ਅਤੇ ਫੈਕਲਟੀ ਹਾਜ਼ਰ ਸਨ।

# MRSPTU's 6th Inter Zonal Youth Festival 2021 'Maan Watna Da' concludes

**ANIL VERMA**
**BATHINDA, NOV 28**



Maharaja Ranjit Singh Punjab Technical University (MRSPTU) Bathinda's 6th Inter-Zonal Youth Festival-2021 titled as "Maan Watna Da" aimed to promote talent and culture concluded amidst much fanfare at university campus on Friday evening . Giani Zail Singh Campus College of Engineering and Technology and MR-SPTU main Campus secured first position and bagged the overall trophy, whereas BabaFarid College of Engineering and Technology, Deon bagged the first runner-up trophy. Whereas Young Scholars College, Handiaya (Barnala) secured third position. Baba Farid University of Health Sciences (BFUHS), Vice Chancellor, Dr. Raj Bahadur was chief guest on the veladictory cermony, while Technical Education and Industrial Training , Additional Director, Dr. Mohanbir Singh Sidhu and All India Radio, Bathinda Station Director, Rajiv Arora, were guests of honour at the closing ceremony, who presided over the prize distribution function.More than 600 students of participating Constituent and affiliated colleges to the University celebrated the spirit of life by performing in various events of music, theatre, dance, literature, fine arts, besides various cultural, technical and literary events in various dimensions of performing arts; skits, song, dances, music Performance, Giddha and Bhangra were the main attractions of the event.Punjabi folk singer Dr. Kuldip Kaur Sandhu regaled the audience with her popular songs "Chidian Da Chamba" , Mazboori and Mitti Da Bawa.

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ 'ਚ ਅੰਤਰ ਜੋਨਲ ਯੁਵਕ ਮੇਲਾ ' ਮਾਣ ਵਤਨਾਂ ਦਾ ' ਕਰਵਾਇਆ

ਸਾਂਝੀ ਖਬਰ

ਬਠਿੰਡਾ 25 ਨਵੰਬਰ

( ਅਸ਼ੋਕ ਵਰਮਾ )

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦਾ 6ਵਾਂ ਅੰਤਰ-ਜੋਨਲ ਯੁਵਕ ਮੇਲਾ-2021 "ਮਾਣ ਵਤਨਾਂ ਦਾ" ਅੱਜ ਯੂਨੀਵਰਸਿਟੀ ਕੈਂਪਸ ਵਿਖੇ ਧੂਮ-ਧਾਮ ਨਾਲ ਸ਼ੁਰੂ ਹੋਇਆ ਜਿਸ ਦਾ ਉਦਘਾਟਨ ਮੁੱਖ ਮਹਿਮਾਨ ਕੈਬਨਿਟ ਮੰਤਰੀ, ਰਾਣਾ ਗੁਰਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ, ਏਮਜ਼ ਦੇ ਕਾਰਜਕਾਰੀ ਡਾਇਰੈਕਟਰ, ਡਾ.ਡੀ.ਕੇ. ਸਿੰਘ, ਡਿਪਟੀ ਕਮਿਸ਼ਨਰ ਬਠਿੰਡਾ ਅਰਵਿੰਦ ਪਾਲ ਸਿੰਘ ਸੰਧੂ, ਐਸ.ਐਸ.ਪੀ ਅਜੇ ਮਲੂਜਾ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਤੇ ਪ੍ਰਮੁੱਖ ਸਖਸ਼ੀਅਤਾਂ ਹਾਜ਼ਿਰ ਸਨ। ਰੁਝੇਵਿਆਂ ਦੇ ਬਾਵਜੂਦ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਕੁੱਝ ਸਮੇਂ ਲਈ ਯੁਵਕ ਮੇਲੇ 'ਚ ਸ਼ਾਮਲ ਹੋਏ। ਮੇਲੇ ਦੌਰਾਨ ਵਿਦਿਆਰਥੀਆਂ ਵੱਲੋਂ ਗਿੱਧਾ ਭੰਗੜਾ ਅਤੇ ਹੋਰ ਵੱਖ ਵੱਖ ਸੱਭਿਆਚਾਰਕ ਪੇਸ਼ ਕੀਤੇ ਗਏ ਜਿੰਨਾਂ ਨੂੰ ਹਾਜਰੀਨ ਨੇ ਖੂਬ ਸਲਾਹਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਮਿਆਰੀ ਤਕਨੀਕੀ ਸਿੱਖਿਆ ਸਮੇਂ ਦੀ ਲੋੜ ਹੈ




ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਵਿਗਿਆਨਕ ਅਤੇ ਨਵੀਨਤਾਕਾਰੀ ਯੋਗਤਾ ਪੈਦਾ ਕੀਤੀ ਜਾਣੀ ਅਤੀ ਜ਼ਰੂਰੀ ਹੈ ਤਾਂ ਜੋ ਜਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਖੋਜ ਨੂੰ ਹੁਲਾਰਾ ਦਿੱਤਾ ਜਾ ਸਕੇ। ਉਨਾਂ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿਸ ਕਾਰਨ ਖੇਤੀ ਅਧਾਰਿਤ ਉਦਯੋਗ ਵਿੱਚ ਨਵੀਨਤਾ ਲਿਆਉਣ ਅਤੇ ਖੇਤੀ-ਵਪਾਰ ਨੂੰ ਟਿਕਾਊ ਬਣਾਉਣਾਂ ਸਮੇਂ ਦੀ ਮੁੱਖ ਜ਼ਰੂਰਤ ਹੈ। ਉਹਨਾਂ ਕਿਹਾ ਕਿ ਵੱਡੇ ਪੱਧਰ 'ਤੇ ਤਕਨਾਲੋਜੀ ਉਦਯੋਗ ਅਤੇ ਖੇਤੀਬਾੜੀ ਖੇਤਰ ਵਿਚ ਨਵੀਆਂ ਖੋਜਾਂ ਹੀ ਆਉਣ ਵਾਲੇ ਭਵਿੱਖ ਨੂੰ ਤੈਅ ਕਰਨਗੀਆਂ। ਲੋੜ ਅਧਾਰਿਤ ਸਿੱਖਿਆ ਅਤੇ ਮੰਗ-ਅਧਾਰਿਤ ਹੁਨਰ ਕੋਰਸਾਂ ਦੀ ਸ਼ੁਰੂਆਤ 'ਤੇ ਜੋਰ ਦਿੰਦਿਆਂ ਰਾਣਾ ਗੁਰਜੀਤ ਸਿੰਘ ਨੇ ਯੂਨੀਵਰਸਿਟੀ ਦੇ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਵੱਡੇ ਪੱਧਰ ਤੇ ਵਾਤਾਵਰਨ ਤਬਦੀਲੀਆਂ, ਸਾਫ ਊਰਜਾ, ਕੁਦਰਤੀ ਸਰੋਤਾਂ ਦੀ ਬੱਚਤ, ਪਾਣੀ ਦੀ ਕਮੀ ਅਤੇ ਰਹਿੰਦ-ਖੂੰਹਦ ਪ੍ਰਬੰਧਨ, ਆਫਤ ਪ੍ਰਬੰਧਨ, ਸੂਰਜੀ ਊਰਜਾ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਕਾਇਮ ਰੱਖਣ ਵਰਗੀਆਂ ਖਾਸ ਸਮੱਸਿਆਵਾਂ ਦੇ ਹੱਲ ਲੱਭਣਾ ਉਹਨਾਂ ਲਈ ਮੁੱਖ ਚੁਣੌਤੀ ਹੈ। ਇਸ ਮੌਕੇ ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਨੌਜਵਾਨ ਪ੍ਰਤਿਭਾ ਲਈ ਇੱਕ ਵਿਲੱਖਣ ਪਲੇਟਫਾਰਮ ਹੈ। ਉਨਵਿਦਿਆਰਥੀਆਂ ਨੂੰ ਸਰਵਪੱਖੀ ਸਖਸੀਅਤਾਂ ਬਣਨ, ਨੌਜਵਾਨਾਂ ਦਾ ਸਵੈ-ਮਾਣ ਅਤੇ ਆਤਮ ਵਿਸ਼ਵਾਸ਼ ਪੈਦਾ ਕਰਨ ਲਈ ਸਾਰੇ ਖੇਤਰਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰੋ: ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਰਾਸਟਰੀ ਅਤੇ ਅੰਤਰਰਾਸਟਰੀ ਪੱਧਰ 'ਤੇ ਸੰਗੀਤ, ਨ੍ਰਿਤ, ਥੀਏਟਰ ਅਤੇ ਹੋਰ ਖੇਤਰ ਵਿਚ ਵੱਖ-ਵੱਖ ਗਤੀਵਿਧੀਆਂ ਲਈ ਨੌਜਵਾਨਾਂ ਨੂੰ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਨੌਜਵਾਨਾਂ ਦੀ ਭਰਪੂਰ ਊਰਜਾ ਨੂੰ ਦੇਸ਼ ਦੀ ਬਿਹਤਰੀ ਲਈ ਵਰਤਣ ਦੀ ਲੋੜ ਹੈ, ਜਿਸ ਲਈ ਅਜਿਹੇ ਯੁਵਕ ਮੇਲੇ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨਾਂ ਖੋਜ ਅਤੇ ਨਵੀਨਤਾ ਵਿੱਚ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ ਦੇ ਨਾਲ-ਨਾਲ ਵਿਸਵ ਨੂੰ ਆਕਾਰ ਦੇਣ ਵਿੱਚ ਵਿਗਿਆਨ ਅਤੇ ਇੰਜੀਨੀਅਰਿੰਗ ਦੀ ਭੂਮਿਕਾ ਬਾਰੇ ਵੀ ਚਾਨਣਾ ਪਾਇਆ। ਏਮਜ਼ ਦੇ ਡਾ.ਡੀ.ਕੇ. ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਨਾਲ ਨੌਜਵਾਨ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹ ਸਕਦੇ ਹਨ। ਉਨਾਂ ਜਲਦੀ ਹੀ ਇੰਟਰ ਮੈਡੀਕਲ ਇਸਟੀਚਿਊਟ ਯੁਵਕ ਮੇਲੇ ਕਰਵਾਉਣ ਦਾ ਐਲਾਨ ਕੀਤਾ। ਯੁਵਕ ਮੇਲੇ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਪ੍ਰਤਿਭਾ ਅਧਾਰਿਤ ਪ੍ਰਦਰਸ਼ਨ, ਰਚਨਾਤਮਕ ਮੁਕਾਬਲੇ ਅਤੇ ਤਕਨੀਕੀ ਸਮਾਗਮ ਸਾਮਲ ਹਨ, ਜਿਸ ਵਿਚ ਯੂਨੀਵਰਸਿਟੀ ਦੇ ਐਫੀਲਿਏਟਡ ਅਤੇ ਕੰਸਟੀਚਿਊਐਂਟ ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲੈ ਰਹੇ ਹਨ। ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਯੂਨੀਵਰਸਿਟੀ ਦੀਆਂ ਸੱਭਿਆਚਾਰਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਮਾਗਮ ਵਿੱਚ ਪੰਜਾਬ ਸਰਕਾਰ ਦੇ ਹੁਨਰ ਸਲਾਹਕਾਰ ਪਰਦੀਪ ਕੌੜਾ, ਤਕਨੀਕੀ ਸਿੱਖਿਆ ਬੋਰਡ ਦੇ ਰਜਿਟਰਾਰ ਦਰਸ਼ਨ ਸਿੰਘ ਸਿੱਧੂ ਤੋਂ ਇਲਾਵਾ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ, ਡੀਨਜ਼, ਡਾਇਰੈਕਟਰਾਂ ਅਤੇ ਫੈਕਲਟੀ ਨੇ ਸ਼ਿਰਕਤ ਕੀਤੀ।



# एमआरएस पीटीयू में 6वां इंटर जोनल यूथ फेस्टीवल धूमधाम से हुआ संपन्न

भास्कर न्यूज़ | बठिंडा

महाराजा रणजीत सिंह पंजाब टेक्निकल यूनिवर्सिटी बठिंडा में 6वां इंटर-जोनल यूथ फेस्टीवल -2021 मान वतनां दा कैंपस में धूमधाम से संपन्न हुआ। ज्ञानी जैल सिंह कैंपस कॉलेज ऑफ इंजीनियरिंग एंड टेक्नोलॉजी और महाराजा रणजीत सिंह पंजाब टेक्निकल यूनिवर्सिटी मुख्य कैंपस ने पहला स्थान हासिल करके ओवरऑल ट्रॉफी जीती, जबकि बाबा फरीद कॉलेज ऑफ इंजीनियरिंग एंड टेक्नोलॉजी, दियोण ने दूसरा स्थान हासिल कर उपविजेता ट्रॉफी हासिल की। यंग स्कॉलर्स कॉलेज हंडिआया (बरनाला) ने तीसरा स्थान हासिल किया। समापन समारोह में डॉ. राज बहादुर, उप कुलपति बाबा फरीद स्वास्थ्य विज्ञान विश्वविद्यालय (बीएफयूएचएस) मुख्य अतिथि, जबकि डॉ. मोहनबीर सिंह सिद्धू, अतिरिक्त निदेशक, तकनीकी शिक्षा और औद्योगिक प्रशिक्षण और ऑल इंडिया रेडियो स्टेशन निदेशक राजीव अरोड़ा विशेष मेहमान के तौर पर उपस्थित हुए।

यूथ फेस्टीवल में विभिन्न सांस्कृतिक और तकनीकी कार्यक्रम, रचनात्मक प्रतियोगिताएं और प्रतिभा आधारित सांस्कृतिक प्रदर्शन शामिल थे। संगीत, रंगमंच, नृत्य, साहित्य, ललित कला में विभिन्न कार्यक्रमों के अलावा प्रदर्शन कला के विभिन्न पहलुओं में भाग लेने वाले संवैधानिक और विश्वविद्यालय से मान्यता प्राप्त कॉलेजों के 600 से अधिक छात्रों ने विभिन्न सांस्कृतिक, तकनीकी और साहित्यिक कार्यक्रमों में भाग लिया। समारोह के समापन पर उप कुलपति ने मेले को सफल बनाने के लिए प्रबंधन टीम की सराहना की।

# महाराजा रणजीत सिंह पंजाब टैकनिकल यूनिवर्सिटी का 6वां अंतर जोनल युवक मेला 'मान वतनां दा' का शानदार आगाज







**● गुणवत्ता भरपूर शिक्षा, विद्यार्थियों में वैज्ञानिक और नवीनताकारी योग्यता पैदा करना समय की जरूरत: राना गुरजीत सिंह**

**बठिंडा (नीरज कुमार):** महाराजा रणजीत सिंह पंजाब टैकनिकल यूनिवर्सिटी (एमआरएसपीटीयू) बठिंडा का 6वें अंतर-जोनल युवक मेला-2021 मान वतनां दा के शीर्षक के साथ आज यहां यूनिवर्सिटी कैंपस में धूम-धाम के साथ शुरू हुआ। युवक मेले का उद्घाटन मुख्य मेहमान कैबिनेट मंत्री, तकनीकी शिक्षा और औद्योगिक प्रशिक्षण, रोजगार जोन और प्रशिक्षण, बागबानी, भूमि और जल संभाल, पंजाब, राणा गुरजीत सिंह की तरफ से किया गया। इस मौके यूनिवर्सिटी के वाइस चांसलर प्रो. बूटा सिंह सिद्धू, आल इंडिया इंस्टीट्यूट आफ मैडीकल साईसज, बठिंडा के कार्यकारी डायरैक्टर, डा.डी.के. सिंह, डिप्टी कमिशनर बठिंडा अरविन्द पाल सिंह संधू, एसएसपी अजय मलूजा और यूनिवर्सिटी के सीनियर अधिकारी और प्रमुख सख्शियतें हाजिर थे। व्यस्तताओं के बावजूद, पंजाब के वित्त और योजना मंत्री मनप्रीत सिंह बादल ने भी यूनिवर्सिटी के युवक मेले का संक्षिप्त दौरा किया। इस मौके विद्यार्थियों को संबोधन करते राणा गुरजीत सिंह ने कहा कि मानक तकनीकी शिक्षा समय की जरूरत है और विद्यार्थियों और अध्यापकों में वैज्ञानिक और नवीनताकारी योग्यता पैदा की जानी अति जरूरी है। उन्होंने कहा कि पंजाब एक खेती प्रधान सूबा है, जिस कारण खेती अधारित उद्योग में नविनता लाने और खेती-व्यापार को टिकाऊ बनाना समय की मुख्य जरूरत है। उन्होंने कहा कि बड़े स्तर पर प्रौद्योगिकी उद्योग और कृषि क्षेत्र में भरोसेयोग्य नवीनताकारी खोज ही हमारे आने वाले भविष्य को तय करेंगी। जरूरत अधारित शिक्षा और मांग-अधारित हुनर पाठ्यक्रमों की शुरुआत पर जोर देते हुए, राणा गुरजीत सिंह ने यूनिवर्सिटी के फेकल्टी और विद्यार्थियों से अपील की कि बड़े स्तर पर वातावरण तब्दीलियां, साफ ऊर्जा, कुदरती स्रोतों की बचत, पानी की कमी और अवशेष-खूंहद प्रबंधन, आपदा प्रबंधन, सौर ऊर्जा और धरती निचले पानी के स्तर को कायम रखें जैसी खास समस्यों के हल ढूंढना उनके लिए मुख्य चुनौती है। इस मौके पर बोलते वाइस चांसलर, प्रो. बूटा सिंह सिद्धू ने कहा कि युवक

शेष पेज 7 पर



# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ 6ਵਾਂ ਅੰਤਰ ਜ਼ੋਨਲ ਯੁਵਕ ਮੇਲਾ 'ਮਾਣ ਵਤਨਾਂ ਦਾ' ਦਾ ਸ਼ਾਨਦਾਰ ਆਗਾਜ਼

**• ਗੁਣਵੱਤਾ ਭਰਪੂਰ ਸਿੱਖਿਆ, ਵਿਦਿਆਰਥੀਆਂ ਵਿੱਚ ਵਿਗਿਆਨਕ ਅਤੇ ਨਵੀਨਤਾਕਾਰੀ ਯੋਗਤਾ ਪੈਦਾ ਕਰਨਾ ਸਮੇਂ ਦੀ ਲੋੜ: ਰਾਣਾ ਗੁਰਜੀਤ ਸਿੰਘ**

## ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਰਵਾਈ ਸ਼ੁਰੂਆਤ




**ਬਠਿੰਡਾ** : ਕੈਬਨਿਟ ਮੰਤਰੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ, ਰਾਣਾ ਗੁਰਜੀਤ ਸਿੰਘ, ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਅਤੇ ਪਤਵੰਤੇ 6ਵੇਂ ਅੰਤਰ-ਜੋਨਲ ਯੁਵਕ ਮੇਲੇ-2021 ਦਾ ਉਦਘਾਟਨ ਕਰਦੇ ਹੋਏ। **ਤਸਵੀਰ : ਸੱਚ ਕਹੂੰ ਨਿਊਜ਼**

ਸੁਖਨਾਮ
**ਬਠਿੰਡਾ, 25 ਨਵੰਬਰ।**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਬਠਿੰਡਾ ਦਾ 6ਵਾਂ ਅੰਤਰ-ਜੋਨਲ ਯੁਵਕ ਮੇਲਾ-2021 ਮਾਣ ਵਤਨਾਂ ਦਾ ਅੱਜ ਇਥੇ ਯੂਨੀਵਰਸਿਟੀ ਕੈਂਪਸ ਵਿਖੇ ਧੂਮ-ਧਾਮ ਨਾਲ ਸ਼ੁਰੂ ਹੋਇਆ। ਯੁਵਕ ਮੇਲੇ ਦਾ ਉਦਘਾਟਨ ਮੁੱਖ ਮਹਿਮਾਨ ਕੈਬਨਿਟ ਮੰਤਰੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜਗਾਰ ਉਤਪਤੀ ਅਤੇ ਸਿਖਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਪੰਜਾਬ, ਰਾਣਾ ਗੁਰਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਬੂਟਾ ਸਿੰਘ ਸਿੱਧੂ, ਆਲ ਇੰਡੀਆ ਇਸਟੀਚਿਊਟ ਆਫ ਮੈਡੀਕਲ ਸਾਇੰਸਜ਼, ਬਠਿੰਡਾ ਦੇ ਕਾਰਜਕਾਰੀ ਡਾਇਰੈਕਟਰ, ਡਾ. ਡੀ.ਕੇ. ਸਿੰਘ, ਡਿਪਟੀ ਕਮਿਸ਼ਨਰ ਬਠਿੰਡਾ ਅਰਵਿੰਦ ਪਾਲ ਸਿੰਘ ਸੰਧੂ, ਐਸ.ਐਸ.ਪੀ ਅਜੇ ਮਲੂਜਾ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਅਤੇ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਯੂਨੀਵਰਸਿਟੀ ਦੇ ਯੁਵਕ ਮੇਲੇ ਦਾ ਸੰਖੇਪ ਦੌਰਾ ਕੀਤਾ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਮਿਆਰੀ ਤਕਨੀਕੀ ਸਿੱਖਿਆ ਸਮੇਂ ਦੀ ਲੋੜ ਹੈ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਵਿਗਿਆਨਕ ਅਤੇ ਨਵੀਨਤਾਕਾਰੀ ਯੋਗਤਾ ਪੈਦਾ ਕੀਤੀ ਜਾਣੀ ਅਤੀ ਜ਼ਰੂਰੀ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਖੋਜ ਨੂੰ ਹੁਲਾਰਾ ਦਿੱਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿਸ ਕਾਰਨ ਖੇਤੀ ਅਧਾਰਿਤ ਉਦਯੋਗ ਵਿੱਚ ਨਵੀਨਤਾ ਲਿਆਉਣ ਅਤੇ ਖੇਤੀ-ਵਪਾਰ ਨੂੰ ਟਿਕਾਊ ਬਣਾਉਣਾ ਸਮੇਂ ਦੀ ਮੁੱਖ ਜ਼ਰੂਰਤ ਹੈ । ਉਨ੍ਹਾਂ ਕਿਹਾ ਕਿ ਵੱਡੇ ਪੱਧਰ 'ਤੇ ਤਕਨਾਲੋਜੀ ਉਦਯੋਗ ਅਤੇ ਖੇਤੀਬਾੜੀ ਖੇਤਰ ਵਿਚ ਭਰੋਸੇਯੋਗ ਨਵੀਨਤਾਕਾਰੀ ਖੋਜਾਂ ਹੀ ਸਾਡੇ ਆਉਣ ਵਾਲੇ ਭਵਿੱਖ ਨੂੰ ਤੈਅ ਕਰਨਗੀਆਂ ।ਇਸ ਮੌਕੇ ਬੋਲਦਿਆਂ ਵਾਈਸ ਚਾਂਸਲਰ, ਪ੍ਰੋ: ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੁਵਕ ਮੇਲਾ ਨੌਜਵਾਨ ਪ੍ਰਤਿਭਾ ਲਈ ਇੱਕ ਵਿਲੱਖਣ ਪਲੇਟਫਾਰਮ ਹੈ ਅਤੇ ਨੌਜਵਾਨਾਂ ਦੀ ਸਿਰਜਣਾਤਮਕਤਾ ਅਤੇ ਨਵੀਨਤਾ ਦਾ ਜਸ਼ਨ ਹੈ।ਏਮਜ਼ ਦੇ ਕਾਰਜਕਾਰੀ ਨਿਰਦੇਸ਼ਕ ਡਾ.ਡੀ.ਕੇ. ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਕਈ ਗੁਣਾਂ ਦੀ ਬਖਸ਼ਸ਼ਿ ਹੁੰਦੀ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਅਜਿਹੇ ਪ੍ਰੋਗਰਾਮਾਂ ਨਾਲ ਉਨ੍ਹਾਂ ਵਿੱਚ ਟੀਮ ਭਾਵਨਾ ਪੈਦਾ ਕਰਨ, ਮੁਕਾਬਲਿਆਂ ਦੌਰਾਨ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਵਿੱਚ ਮਦਦ ਮਿਲਦੀ ਹੈ, ਜਿਸ ਨਾਲ ਉਹ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹ ਸਕਦੇ ਹਨ । ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਉਹ ਜਲਦੀ ਹੀ ਇੰਟਰ ਮੈਡੀਕਲ ਇਸਟੀਚਿਊਟ ਯੁਵਕ ਮੇਲੇ ਦਾ ਆਯੋਜਨ ਕਰਨਗੇ।ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਯੂਨੀਵਰਸਿਟੀ ਦੇ ਡਾਇਰੈਕਟਰ, ਖੇਡਾਂ ਅਤੇ ਯੁਵਕ ਭਲਾਈ ਅਤੇ ਮੁੱਖ ਕੋਆਰਡੀਨੇਟਰ ਭੁਪਿੰਦਰ ਪਾਲ ਸਿੰਘ ਢੋਟ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਯੂਨੀਵਰਸਿਟੀ ਦੀਆਂ ਸੱਭਿਆਚਾਰਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਮਾਗਮ ਵਿੱਚ ਪੰਜਾਬ ਸਰਕਾਰ ਦੇ ਹੁਨਰ ਸਲਾਹਕਾਰ ਪਰਦੀਪ ਕੌੜਾ, ਤਕਨੀਕੀ ਸਿੱਖਿਆ ਬੋਰਡ ਦੇ ਰਜਿਟਰਾਰ ਦਰਸ਼ਨ ਸਿੰਘ ਸਿੱਧੂ ਤੋਂ ਇਲਾਵਾ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ, ਡੀਨਜ਼, ਡਾਇਰੈਕਟਰਾਂ ਅਤੇ ਫੈਕਲਟੀ ਨੇ ਸ਼ਿਰਕਤ ਕੀਤੀ।

# SOCIAL OUTREACH

# News Compilation

2018-21

# 2018-19

ਜਲੰਧਰ 25 ਅਗਸਤ 2018 ਪੰਜਾਬੀ ਜਾਗਰਣ



ਕੈਂਪ ਦੌਰਾਨ ਖ਼ੂਨਦਾਨ ਕਰਦੇ ਹੋਏ ਵਿਦਿਆਰਥੀ।

# ਵਿਦਿਆਰਥੀਆਂ ਨੇ ਸਵੈ ਇੱਛਾ ਨਾਲ ਕੀਤਾ ਖ਼ੂਨਦਾਨ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿਖੇ ਸ਼ੁੱਕਰਵਾਰ ਨੂੰ ਇੱਕ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ 120 ਵਿਦਿਆਰਥੀਆਂ ਨੇ ਖ਼ੂਨ ਦਾਨ ਕੀਤਾ। ਕੈਂਪ ਦਾ ਆਯੋਜਨ ਯੂਨੀਵਰਸਿਟੀ ਦੀ ਨੈਸ਼ਨਲ ਸਰਵਿਸ ਸਕੀਮ (ਐੱਨਐੱਸਐੱਸ) ਵਿੰਗ ਵਲੋਂ ਵਿਭਾਗ ਵਲੋਂ ਸਿਵਲ ਹਸਪਤਾਲ, ਬਠਿੰਡਾ ਤੋਂ ਸਿਹਤ ਵਿਭਾਗ ਦੀ ਇੱਕ ਟੀਮ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਮੁੱਖ ਮਹਿਮਾਨ ਕੈਂਪਸ ਡਾਇਰੈਕਟਰ ਡਾ. ਗੁਰਸ਼ਰਨ ਸਿੰਘ ਨੇ ਖ਼ੂਨਦਾਨ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਡਾ. ਇੰਦਰਦੀਪ ਸਿੰਘ ਸਰਾਂ, ਇੰਚਾਰਜ ਬਲੱਡ ਬੈਂਕ, ਸਿਵਲ ਹਸਪਤਾਲ ਬਠਿੰਡਾ ਅਤੇ ਐੱਮਆਰਐੱਸਪੀਟੀਯੂ ਹਸਪਤਾਲ ਦੇ ਮੁਖੀ ਡਾ. ਐੱਚਐੱਮ ਗਰਗ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ, ਡਾ. ਗੁਰਸ਼ਰਨ ਸਿੰਘ ਨੇ ਖ਼ੂਨ-ਦਾਨ ਨੂੰ ਸਮਾਜ ਦੀ ਸੇਵਾ ਕਰਨ ਦਾ ਵਧੀਆ ਢੰਗ ਦੱਸਦੇ ਹੋਏ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕਰਨਾ ਮਹੱਤਵਪੂਰਨ ਹੈ, ਕਿਉਂਕਿ ਯੁਵਾ ਪੀੜ੍ਹੀ ਨੂੰ ਸਮਾਜ ਨਾਲ ਜੁੜਨ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਖ਼ੂਨਦਾਨ ਕਰਨਾ ਸਭ ਤੋਂ ਵਧੀਆ ਤਰੀਕਾ ਹੈ । ਡਾ. ਇੰਦਰਦੀਪ ਸਿੰਘ ਸਰਾਂ ਨੇ ਕੀਮਤੀ ਮਨੁੱਖੀ ਜੀਵਨ ਨੂੰ ਬਚਾਉਣ ਲਈ ਖ਼ੂਨਦਾਨ ਦੇ ਮਹੱਤਵ ਬਾਰੇ ਚਾਨ੍ਹਣਾ ਪਾਇਆ। ਇਸ ਮੌਕੇ ਹਾਜ਼ਰ ਪ੍ਰਮੁੱਖ ਸਖਸ਼ੀਅਤਾਂ ਵਿੱਚ ਪ੍ਰੋਗਰਾਮ ਅਫਸਰ, ਇੰਜ: ਐੱਸਐੱਸ ਬਾਠ, ਇੰਜ: ਵਿਵੇਕ ਕੌਂਦਲ, ਇੰਜ: ਦਿਨੇਸ਼ ਕੁਮਾਰ, ਡਾ. ਰਾਜੀਵ ਵਾਰਸਨੀ, ਇੰਜ: ਮਨਪ੍ਰੀਤ ਕੌਰ, ਤੇਜਿੰਦਰ ਸਿੰਘ, ਪ੍ਰਿਤਪਾਲ ਸਿੰਘ ਔਲਖ ਅਤੇ ਏਆਰ ਰਣਜੀਤ ਕੌਰ ਸ਼ਾਮਲ ਸਨ।

दैनिक भास्कर
बठिंडा, शनिवार 25 अगस्त, 2018 | 02

## ज्ञानी जैल सिंह कॉलेज में लगाया रक्तदान कैंप




**बठिंडा** | ज्ञानी जैल सिंह कैंपस कॉलेज ऑफ इंजीनियरिंग एंड टेक्नोलॉजी में शुक्रवार को खूनदान कैंप लगाया गया जिसमें 120 विद्यार्थियों ने खूनदान किया। नेशनल सर्विसेज स्कीम विंग की ओर से सिविल अस्पताल की टीम के सहयोग से लगाए कैंप में विशेष मेहमान डायरेक्टर डॉ. गुरशरण सिंह ने उद्घाटन किया। इस मौके पर ब्लड बैंक इंचार्ज डॉ. इंद्रदीप सिंह सरां व महाराजा रंजीत सिंह पंजाब टेक्निकल यूनिवर्सिटी अस्पताल के मुखी डॉ. एचएम गर्ग, प्रोग्राम अफसर इंजी. एसएस बाठ, इंजी. विवेक कौदल, इंजी. दिनेश कुमार, डॉ. राजीव वार्सनी, इंजी. मनप्रीत कौर, तेजिंदर सिंह, प्रीतपाल सिंह औलख व एआर रंजीत कौर उपस्थित रहे।

ਪੰਜਾਬੀ ਜਾਗਰਣ ਜਲੰਧਰ 15 ਫਰਵਰੀ 2019

# ਨਸ਼ਿਆਂ ਖ਼ਿਲਾਫ਼ ਸਹਿਯੋਗ ਦੇਣ ਲੋਕ : ਐੱਸਐੱਸਪੀ

### ਨਸ਼ਾਖੋਰੀ ਦੀ ਸਮੱਸਿਆ ਤੇ ਟ੍ਰੈਫਿਕ ਜਾਗਰੂਕਤਾ ਬਾਰੇ ਸੈਮੀਨਾਰ ਕਰਵਾਇਆ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਆਈਟੀਆਈ ਨੰਦਗੜ੍ਹ ਵਿਖੇ ਨਸ਼ਿਆਂ ਦੀ ਸਮੱਸਿਆ ਅਤੇ ਟ੍ਰੈਫਿਕ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇਕ ਸੈਮੀਨਾਰ ਕੀਤਾ ਗਿਆ। ਇਸ ਮੌਕੇ 'ਤੇ ਬਠਿੰਡਾ ਦੇ ਸੀਨੀਅਰ ਪੁਲਿਸ ਕਪਤਾਨ ਡਾ. ਨਾਨਕ ਸਿੰਘ ਮੁੱਖ ਮਹਿਮਾਨ ਸਨ। ਇਸ ਮੌਕੇ ਬੋਲਦਿਆਂ ਡਾ. ਨਾਨਕ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਾਖੋਰੀ ਅਤੇ ਉਸਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਣੂ ਕਰਾਇਆ।

ਉਨ੍ਹਾਂ ਨਸ਼ਿਆਂ ਦੀ ਰੋਕਥਾਮ ਲਈ ਸਿਹਤ ਵਿਭਾਗ ਦੇ ਨਾਲ-ਨਾਲ ਪੁਲਿਸ ਵਿਭਾਗ ਰੋਲ ਬਾਰੇ ਚਾਨਣਾ ਪਾਇਆ । ਉਨ੍ਹਾਂ ਕਿਹਾ ਕਿ ਸਮਾਜ ਵਿਚੋਂ ਨਸ਼ਾਖੋਰੀ ਦੀ ਬੁਰਾਈ ਨੂੰ ਖਤਮ ਕਰਨ ਲਈ ਲੋਕਾਂ ਦਾ ਸਹਿਯੋਗ ਬੇਹਦ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਪੁਲਿਸ ਜਨਤਾ ਦੇ ਸਮਰਥਨ ਨਾਲ ਇਸ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰ ਸਕਦੀ ਹੈ।

ਉਨ੍ਹਾਂ ਨੇ ਇਸ ਬਾਰੇ ਹੋਰ ਚਰਚਾ ਕਰਦਿਆਂ ਕਿਹਾ ਕਿ ਕਿਵੇਂ ਆਧੁਨਿਕ ਸਮਾਜ ਅਤੇ ਵਿਅਕਤੀਗਤ ਜੀਵਨ ਦਾ ਦਬਾਅ ਨੌਜਵਾਨਾਂ ਲਈ ਇੱਕ ਚੁਣੌਤੀ ਬਣਦਾ ਜਾ ਰਿਹਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਅਤੇ ਪੁਲਿਸ ਵਲੋਂ ਇਸ ਦੇ ਖਾਤਮੇ ਲਈ ਚਲਾਈ ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ। ਡਾ. ਨਾਨਕ ਸਿੰਘ ਨੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਸੂਚਨਾ ਦੇਣ ਵਾਲੇ, ਸਾਵਧਾਨੀ ਅਤੇ ਜਰੂਰੀ ਸਿਗਨਲਾਂ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਟ੍ਰੈਫਿਕ ਨਿਯਮਾਂ ਬਾਰੇ ਸੰਖੇਪ ਰੂਪ ਵਿਚ ਵਿਆਖਿਆ ਕੀਤੀ ਤਾਂ ਜੋ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ। ਇਸ ਤੋਂ ਪਹਿਲਾਂ ਪੀਆਈਟੀ, ਡਾਇਰੈਕਟਰ, ਡਾ. ਬਲਵਿੰਦਰ ਸਿੰਘ ਸਿੱਧੂ ਨੇ ਮਹਿਮਾਨਾਂ ਦਾ ਸਵਾਗਤ ਕੀਤਾ।

ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਵਿਚੋਂ ਨਸ਼ੇ ਦੀ ਲਾਹਣਤ ਨੂੰ ਖਤਮ ਕਰਨ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤਿ ਜ਼ਰੂਰੀ ਹੈ। ਇਸ ਮੌਕੇ 'ਤੇ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਦੇ ਵਿਦਿਆਰਥੀਆਂ ਦੇ ਨਾਲ-ਨਾਲ ਸਟਾਫ ਮੈਂਬਰਾਂ ਨੇ ਵੀ ਵੱਖ ਵੱਖ ਪਹਿਲੂਆਂ ਤੇ ਵੀ ਐਸਐਸਪੀ ਨਾਲ ਗੱਲਬਾਤ ਕੀਤੀ। ਆਖੀਰ ਵਿੱਚ ਚੀਫ ਕੋਆਰਡੀਨੇਟਰ ਮਨਪ੍ਰੀਤ ਕੌਰ ਧਾਲੀਵਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਪ੍ਰੋਗਰਾਮ ਵਿਚ ਸਾਰੇ ਫੈਕਲਟੀ ਮੈਂਬਰ, ਪ੍ਰਸ਼ਾਸ਼ਨਿਕ ਸਟਾਫ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ।



ਬਠਿੰਡਾ ਦੇ ਐੱਸਐੱਸਪੀ, ਡਾ. ਨਾਨਕ ਸਿੰਘ ਨੂੰ ਪੀਆਈਟੀ, ਨੰਦਗੜ੍ਹ ਵਿਚ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।

ਜਗ ਬਾਣੀ FRIDAY ●15.2.2019

# ਨਸ਼ਾਖੋਰੀ ਦੀ ਸਮੱਸਿਆ ਤੇ ਟ੍ਰੈਫਿਕ ਜਾਗਰੂਕਤਾ ਸਬੰਧੀ ਸੈਮੀਨਾਰ



ਬਠਿੰਡਾ ਦੇ ਐੱਸ. ਐੱਸ. ਪੀ. ਡਾ. ਨਾਨਕ ਸਿੰਘ ਨੂੰ ਪੀ. ਆਈ. ਟੀ. ਨੰਦਗੜ੍ਹ ਵਿਚ ਸਨਮਾਨਤ ਕੀਤੇ ਜਾਣ ਦਾ ਦ੍ਰਿਸ਼।

ਬਠਿੰਡਾ, 14 ਫਰਵਰੀ (ਵਰਮਾ)- ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀ. ਆਈ. ਟੀ.), ਨੰਦਗੜ੍ਹ ਵਿਖੇ ਨਸ਼ਿਆਂ ਦੀ ਸਮੱਸਿਆ ਅਤੇ ਟ੍ਰੈਫਿਕ ਸਬੰਧੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਠਿੰਡਾ ਦੇ ਸੀਨੀਅਰ ਪੁਲਸ ਕਪਤਾਨ (ਐੱਸ. ਐੱਸ. ਪੀ.) ਡਾ. ਨਾਨਕ ਸਿੰਘ ਮੁੱਖ ਮਹਿਮਾਨ ਸਨ। ਇਸ ਸਮੇਂ ਡਾ. ਨਾਨਕ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਾਖੋਰੀ ਅਤੇ ਉਸ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਸੂਚਨਾ ਦੇਣ ਵਾਲੇ, ਸਾਵਧਾਨੀ ਅਤੇ ਜ਼ਰੂਰੀ ਸਿਗਨਲਾਂ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਟ੍ਰੈਫਿਕ ਨਿਯਮਾਂ ਬਾਰੇ ਸੰਖੇਪ ਤੌਰ 'ਤੇ ਵਿਆਖਿਆ ਕੀਤੀ ਤਾਂ ਜੋ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ।

ਇਸ ਤੋਂ ਪਹਿਲਾਂ ਪੀ. ਆਈ. ਟੀ. ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ 'ਚੋਂ ਨਸ਼ੇ ਦੀ ਲਾਹਨਤ ਨੂੰ ਖਤਮ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਅਖੀਰ 'ਚ ਚੀਫ ਕੋਆਰਡੀਨੇਟਰ, ਮਿਸਿਜ਼ ਮਨਪ੍ਰੀਤ ਕੌਰ ਧਾਲੀਵਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਪ੍ਰੋਗਰਾਮ 'ਚ ਸਾਰੇ ਫੈਕਲਟੀ ਮੈਂਬਰ, ਪ੍ਰਸ਼ਾਸਨਿਕ ਸਟਾਫ ਅਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

ਰੋਜ਼ਾਨਾ ਸਪੋਕਸਮੈਨ ਸ਼ੁਕਰਵਾਰ, 15 ਫ਼ਰਵਰੀ 2019

# ਨਸ਼ਾਖੋਰੀ ਦੀ ਸਮੱਸਿਆ ਅਤੇ ਟ੍ਰੈਫ਼ਿਕ ਜਾਗਰੂਕਤਾ ਬਾਰੇ ਸੈਮੀਨਾਰ



**ਬਠਿੰਡਾ, 14 ਫ਼ਰਵਰੀ (ਸੁਖਜਿੰਦਰ ਮਾਨ)** : ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀ.ਆਈ.ਟੀ.), ਨੰਦਗੜ੍ਹ ਵਿਖੇ ਨਸ਼ਿਆਂ ਦੀ ਸਮੱਸਿਆ ਅਤੇ ਟ੍ਰੈਫਿਕ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਪੁੱਜੇ।

ਇਸ ਮੌਕੇ ਬੋਲਦਿਆਂ ਡਾ. ਨਾਨਕ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਾਖੋਰੀ ਅਤੇ ਉਸਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਣੂ ਕਰਾਇਆ। ਉਨ੍ਹਾਂ ਨਸ਼ਿਆਂ ਦੀ ਰੋਕਥਾਮ ਲਈ ਸਿਹਤ ਵਿਭਾਗ ਦੇ ਨਾਲ-ਨਾਲ ਪੁਲਿਸ ਵਿਭਾਗ ਰੋਲ ਬਾਰੇ ਚਾਨਣਾ ਪਾਇਆ।

ਡਾ. ਨਾਨਕ ਸਿੰਘ ਨੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਸੂਚਨਾ ਦੇਣ ਵਾਲੇ, ਸਾਵਧਾਨੀ ਅਤੇ ਜ਼ਰੂਰੀ ਸਿਗਨਲਾਂ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਟ੍ਰੈਫਿਕ ਨਿਯਮਾਂ ਬਾਰੇ ਸੰਖੇਪ ਰੂਪ ਵਿਚ ਵਿਆਖਿਆ ਕੀਤੀ ਤਾਂ ਜੋ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ।

ਇਸ ਤੋਂ ਪਹਿਲਾਂ ਪੀ.ਆਈ.ਟੀ. ਡਾਇਰੈਕਟਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਵਿਚੋਂ ਨਸ਼ੇ ਦੀ ਲਾਹਣਤ ਨੂੰ ਖਤਮ ਕਰਨ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤਿ ਜ਼ਰੂਰੀ ਹੈ।

ਇਸ ਮੌਕੇ ਤੇ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਦੇ ਵਿਦਿਆਰਥੀਆਂ ਦੇ ਨਾਲ-ਨਾਲ ਸਟਾਫ ਮੈਂਬਰਾਂ ਨੇ ਵੀ ਵੱਖ-ਵੱਖ ਪਹਿਲੂਆਂ ਤੇ ਵੀ ਐਸ.ਐਸ.ਪੀ. ਨਾਲ ਗੱਲਬਾਤ ਕੀਤੀ।

ਆਖੀਰ ਵਿੱਚ, ਚੀਫ ਕੋਆਰਡੀਨੇਟਰ, ਮਿਸਜ਼ ਮਨਪ੍ਰੀਤ ਕੌਰ ਧਾਲੀਵਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਪ੍ਰੋਗਰਾਮ ਵਿਚ ਸਾਰੇ ਫੈਕਲਟੀ ਮੈਂਬਰ, ਪ੍ਰਸ਼ਾਸਨਿਕ ਸਟਾਫ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ।

दैनिक जागरण लुधियाना/बठिंडा, 15 फरवरी 2019



बठिंडा के पंजाब इंस्टीट्यूट ऑफ टेक्नोलॉजी में एसएसपी डॉ. नानक सिंह को सम्मानित करते हुए डायरेक्टर डॉ. बलविंदर सिंह सिद्धू व अन्य • जागरण

# नशा खत्म करने को लोगों का साथ जरूरी : डॉ. नानक

संवाद सहयोगी, बठिंडा : पंजाब इंस्टीट्यूट ऑफ टेक्नोलॉजी (पीआईटी) नंदगढ़ में नशों की समस्या और ट्रैफिक बारे में जागरुकता पैदा करने के मकसद से एक सेमिनार आयोजित किया गया। इस मौके पर एसएसपी बठिंडा डॉ. नानक सिंह ने मुख्य मेहमान के तौर पर शिरकत की। इस मौके पर संबोधित करते हुए डॉ. नानक सिंह ने विद्यार्थियों को नशाखोरी और उसके नुकसानदायक प्रभावों बारे जानकारी दी।

उन्होंने कहा कि समाज में से नशाखोरी की बुराई को खत्म करने के लिए लोगों का सहयोग बहुत महत्वपूर्ण हैं। उन्होंने कहा कि पुलिस जनता के समर्थन के साथ इस बुराई को जड़ से खत्म करने के लिए प्रभावशाली तरीके के साथ काम कर सकती हैं। उन्होंने विद्यार्थियों को नशों को जड़ से खत्म करने और पुलिस की ओर से चलाई मुहिम में बढ़चढ़ कर सहयोग देने की अपील की।

डॉ. नानक सिंह ने विद्यार्थियों को ट्रैफिक नियमों संबंधी भी जानकारी दी। इस मौके पीआईटी के डायरेक्टर डॉ. बलविंदर सिंह सिद्धू, मनप्रीत कौर धालीवाल सहित बड़ी संख्या में विद्यार्थी और स्टाफ हाजिर था।

4 | ਪੰਜਾਬੀ ਜਾਗਰਣ ਜਲੰਧਰ 16 ਜਨਵਰੀ 2019

# 18 ਨੂੰ ਪੁੱਜੇਗੀ ਸਟਾਰਟ-ਅੱਪ ਭਾਰਤ ਯਾਤਰਾ ਵੈਨ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਸਟਾਰਟ-ਅੱਪ ਭਾਰਤ ਪੰਜਾਬ ਯਾਤਰਾ ਵੈਨ 18 ਜਨਵਰੀ ਨੂੰ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀਜੈਡਐੱਸਸੀਸੀਈਟੀ) ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮਆਰਐਸਪੀਟੀਯੂ) ਵਿਖੇ ਪਹੁੰਚੇਗੀ। ।ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਉਦਯੋਗਿਕ ਨੀਤੀ ਅਤੇ ਪ੍ਰੋਮੋਸ਼ਨ ਵਿਭਾਗ ਦੇ ਸਹਿਯੋਗ ਨਾਲ ਰਾਜ ਭਰ ਵਿੱਚ "ਸਟਾਰਟ-ਅੱਪ ਇੰਡੀਆ ਪੰਜਾਬ ਯਾਤਰਾ ਦਾ ਕੱਢੀ ਜਾ ਰਹੀ ਹੈ, ਜੋ ਕਿ "ਸਟਾਰਟ-ਅੱਪ ਇੰਡੀਆ ਸਕੀਮ" ਦੁਆਰਾ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰੇਗੀ। ਅੱਜ ਇਥੇ ਜਾਰੀ ਇੱਕ ਪ੍ਰੈਸ ਰਿਲੀਜ਼ ਵਿਚ ਯੂਨੀਵਰਸਿਟੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਹ ਯਾਤਰਾ 16 ਜਨਵਰੀ ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਵੇਗੀ ਅਤੇ 18 ਜਨਵਰੀ ਨੂੰ ਦੁਪਹਿਰ ਵੇਲੇ (12:30 ਵਜੇ) ਗਿਆਨੀ ਜ਼ੈਲ ਸਿੰਘ ਕਾਲਜ ਕੈਂਪਸ, ਵਿਖੇ ਪਹੁੰਚੇਗੀ। ਇਹ ਯਾਤਰਾ ਨਾ ਸਿਰਫ ਨਵੇਂ ਸ਼ੁਰੂਆਤੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਨਾ ਦੇਵੇਗੀ, ਸਗੋਂ ਉੱਭਰਦੇ ਉਦਮੀਆਂ ਨੂੰ ਸਹਾਰਾ ਦੇਣ ਲਈ ਇੱਕ ਪਲੇਟਫਾਰਮ ਵੀ ਪ੍ਰਦਾਨ ਕਰੇਗੀ ਤਾਂ ਜੋ ਉਹ ਆਪਣੇ ਸ਼ੁਰੂਆਤੀ ਸੁਪਨਿਆਂ ਨੂੰ ਸਮਝ ਸਕਣ, ਅਤੇ ਇਸ ਸਕੀਮ ਦੀ ਸਹਾਇਤਾ ਨਾਲ ਆਪਣੇ ਸੁਪਨਿਆਂ ਨੂੰ ਅਮਲੀ ਜਾਮਾ ਪਹਿਨਾ ਸਕਣ।

ਰੋਜ਼ਾਨਾ ਸਪੋਕਸਮੈਨ ਬੁਧਵਾਰ, 30 ਜਨਵਰੀ 2019

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਖੇ ਜ਼ਿਲ੍ਹਾ ਯੁਵਕ ਪਾਰਲੀਮੈਂਟ ਦਾ ਆਯੋਜਨ



**ਬਠਿੰਡਾ, 29 ਜਨਵਰੀ (ਸੁਖਜਿੰਦਰ ਮਾਨ)** : ਭਾਰਤ ਸਰਕਾਰ ਦੇ ਨਿਰਦੇਸ਼ਾਂ ਤਹਿਤ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਖੇ ਬਠਿੰਡਾ, ਮਾਨਸਾ ਅਤੇ ਮੁਕਤਸਰ ਲਈ ਜ਼ਿਲ੍ਹਾ ਯੁਵਕ ਪਾਰਲੀਮੈਂਟ(ਡੀ.ਵਾਈ.ਪੀ.) ਦਾ ਆਯੋਜਨ ਕੀਤਾ ਗਿਆ, ਜਿੱਥੇ ਚੁਣੇ ਹੋਏ ਉਮੀਦਵਾਰਾਂ ਨੇ ਆਧੁਨਿਕ ਭਾਰਤ ਦੇ ਨਿਰਮਾਣ ਲਈ ਆਪਣੇ ਵਿਚਾਰ ਦਿੱਤੇ ਗਏ ਵਿਸ਼ਿਆਂ 'ਤੇ ਪ੍ਰਗਟ ਕੀਤੇ ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਮੰਤਰਾਲੇ ਦੇ ਸਹਿਯੋਗ ਨਾਲ ਬਠਿੰਡਾ, ਮਾਨਸਾ ਅਤੇ ਮੁਕਤਸਰ ਦੇ ਪਾਰਲੀਮੈਂਟ ਫੈਸਟੀਵਲ ਦਾ ਆਯੋਜਨ ਯੂਨੀਵਰਸਿਟੀ ਵਿਖੇ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨੌਜਵਾਨਾਂ ਨੂੰ ਆਧੁਨਿਕ ਭਾਰਤ ਦੀ ਆਵਾਜ਼ ਬਣਾਉਣ ਅਤੇ ਨੀਤੀ ਨਿਰਮਾਣ ਦਾ ਇਕ ਹਿੱਸਾ ਬਣਨ ਲਈ ਸਪੱਸ਼ਟ ਅਪੀਲ ਕੀਤੀ ਸੀ ਤਾਂ ਜੋ ਭਾਰਤੀ ਰਾਜਨੀਤੀ ਵਿਚ ਸਕਾਰਾਤਮਕ ਬਦਲਾਅ ਕੀਤਾ ਜਾ ਸਕੇ।

ਪ੍ਰਮੁੱਖ ਸੰਸਥਾਵਾਂ ਸੈਂਟਰਲ ਯੂਨੀਵਰਸਿਟੀ ਪੰਜਾਬ, ਗੁਰੂ ਕਾਸ਼ੀ ਯੂਨੀਵਰਸਿਟੀ, ਐਮ.ਆਰ ਐਸ.ਪੀ.ਟੀ.ਯੂ., ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ.ਜ਼ੈਡ.ਐਸ.ਸੀ. ਸੀ.ਈ.ਟੀ.), ਐਸ.ਐਸ.ਡੀ. ਕਾਲਜ, ਪੀ.ਆਈ.ਟੀ. ਨੰਦਗੜ੍ਹ ਸਮੇਤ ਅਹਿਮ ਸੰਸਥਾਵਾਂ ਨੇ ਇਸ ਸਕ੍ਰੀਨਿੰਗ ਵਿਚ ਹਿੱਸਾ ਲਿਆ।

ਇਸ ਯੂਥ ਪਾਰਲੀਮੈਂਟ ਵਿਚ 18 ਤੋਂ 25 ਸਾਲ ਤੱਕ ਉਮਰ ਦੇ ਵਿਅਕਤੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਦੀ ਸਕ੍ਰੀਨਿੰਗ ਨੂੰ ਦੋ ਭਾਗਾਂ, ਡਿਜੀਟਲ ਅਤੇ ਵਾਕ-ਇਨ ਵਿਚ ਕੀਤਾ ਗਿਆ ਸੀ।

ਇਸ ਜ਼ਿਲ੍ਹਾ ਯੁਵਕ ਪਾਰਲੀਮੈਂਟ ਵਿੱਚ ਬਠਿੰਡਾ, ਮਾਨਸਾ ਅਤੇ ਮੁਕਤਸਰ ਤੋਂ ਕੁੱਲ 84 ਉਮੀਦਵਾਰਾਂ ਦੀ ਚੋਣ ਕੀਤੀ ਗਈ।

ਜੱਜਾਂ ਦੇ ਪੈਨਲ ਵਲੋਂ ਹਿੱਸਾ ਲੈਣ ਵਾਲੇ ਨੌਜਵਾਨਾਂ ਵਲੋਂ ਵਿਚਾਰ ਪੇਸ਼ ਕਰਨ ਦਾ ਅੰਦਾਜ਼, ਵਿਸ਼ੇ ਦਾ ਗਿਆਨ ਅਤੇ ਵਿਚਾਰਾਂ ਦੀ ਸਪੱਸ਼ਟਤਾ ਆਦਿ ਦੇ ਆਧਾਰ ਤੇ ਚੋਣ ਕੀਤੀ ਗਈ। ਇਸ ਮੁਕਾਬਲੇ ਦੇ ਜੱਜਾਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਦੇ ਡਾਇਰੈਕਟਰ, ਡਾ. ਜਤਿੰਦਰ ਸਿੰਘ ਬਰਾੜ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੋਜ ਕੇਂਦਰ ਬਠਿੰਡਾ ਦੇ ਸਾਬਕਾ ਡਾਇਰੈਕਟਰ, ਡਾ. ਵੀ.ਪੀ. ਮਿੱਤਲ, ਕਰਨਲ ਵਰਿੰਦਰ ਕੁਮਾਰ, ਐਮ.ਆਰ.ਐਸ.ਪੀ.ਟੀ.ਯੂ., ਬਠਿੰਡਾ ਦੇ ਡਾਇਰੈਕਟਰ ਕਾਲਜ ਡਿਵੈਲਪਮੈਂਟ ਕਾਂਸਲ, ਪ੍ਰੋ. ਏ.ਕੇ. ਗੋਇਲ, ਡਾਇਰੈਕਟਰ, ਟਰੇਨਿੰਗ ਐਂਡ ਪਲੇਸਮੈਂਟ, ਹਰਜੋਤ ਸਿੰਘ ਸਿੱਧੂ, ਪ੍ਰੋ. ਜੀ.ਐਸ.ਬਾਠ, ਆਲ ਇੰਡੀਆ ਰੇਡਿਓ, ਬਠਿੰਡਾ ਤੋਂ ਮਿਸ ਖੁਸ਼ਵੀਰ ਸਿੱਧੂ, ਅਤੇ ਮਾਤਾ ਸਾਹਿਬ ਕੌਰ ਕਾਲਜ ਤੋਂ ਮਿਸ ਸ਼ਾਲੀਨੀ ਸੇਠ ਸ਼ਾਮਿਲ ਸਨ।

ਇਸ ਮੌਕੇ ਤੇ ਮੁੱਖ ਮਹਿਮਾਨ, ਐਮ.ਆਰ.ਐਸ.ਪੀ.ਟੀ.ਯੂ., ਰਜਿਸਟਰਾਰ, ਪ੍ਰੋ. (ਡਾ.) ਜਸਬੀਰ ਸਿੰਘ ਹੁੰਦਲ ਨੇ ਕਿਹਾ ਕਿ ਸਰਕਾਰ ਦੀ ਇਹ ਪਹਿਲਕਦਮੀ ਦੇਸ਼ ਦੇ ਭਵਿੱਖ ਦੇ ਨੇਤਾਵਾਂ ਲਈ ਰਾਹ ਤਿਆਰ ਕਰੇਗੀ।

दैनिक जागरण लुधियाना/बठिंडा, 30 जनवरी 2019

# जिला युवक पार्लियामेंट में पांच का स्टेट के लिए हुआ चयन

**संस, बठिंडा :** भारत सरकार के निर्देशों के तहत महाराजा रणजीत सिंह पंजाब टेक्निकल यूनिवर्सिटी बठिंडा, मानसा, मुक्तसर जिले के लिए जिला युवक पार्लियामेंट का आयोजन किया गया। चुने गए उम्मीदवारों के आधुनिक भारत के निर्माण के लिए अपने विचार व्यक्त किए। इस दौरान सेंट्रल यूनिवर्सिटी पंजाब, गुरुकाशी यूनिवर्सिटी, एमआरएस पीटीयू, ज्ञानी जैल सिंह कैंपस ऑफ इंजीनियरिंग एंड टेक्नालॉजी, एसएसडी कॉलेज, पीआईटी नंदगढ़ समेत कई संस्थाओं ने सक्रनिंग में भाग लिया। कुल 84 भागीदारों में से केवल पांच स्टेट युवा पार्लियामेंट में हिस्सा लेंगे। इस मौके पर डॉ. जतिंदर सिंह बराड़, प्रो ऐके गोयल, हरजोत सिंह सिद्धू, प्रो. जीएस बाठ, खुशवीर सिद्धू आदि उपस्थित थे।



महाराजा रणजीत सिंह यूनिवर्सिटी में युवा पार्लियामेंट के दौरान मौजूद जिलों के युवा

ਪੰਜਾਬੀ ਜਾਗਰਣ ਜਲੰਧਰ 27 ਮਾਰਚ 2019

# ਵਾਹਨ ਚਾਲਕਾਂ ਨੂੰ ਟਰੈਫਿਕ ਨਿਯਮ ਸਮਝਾਏ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀਜ਼ੈਡਐਸੱਸੀਸੀਈਟੀ) ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਕੌਮੀ ਸੇਵਾ ਯੋਜਨਾ (ਐਨਐਸਐਸ) ਵਿੰਗ ਵਲੋਂ ਸ਼ਹਿਰ ਵਿਚ ਟਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਵਿਸ਼ੇ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਤਹਿਤ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਹਿਰ ਦੇ ਭਾਰੀ ਟ੍ਰੈਫਿਕ ਵਾਲੇ ਪੁਆਇੰਟਾ ਬੱਸ ਸਟੈਂਡ, ਗੋਲ ਡਿੱਗੀ ਅਤੇ ਤਿੰਨ ਕੋਣੀ ਵਿਖੇ ਰਾਹਗੀਰਾਂ ਨੂੰ ਬਿਹਤਰ ਸੁਰੱਖਿਆ ਲਈ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਵਿਦਿਆਰਥੀਆਂ ਨੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪੈਂਫਲੇਟ ਵੰਡੇ, ਜਿਨ੍ਹਾਂ ਵਿਚ ਸੁਰੱਖਿਅਤ ਡਰਾਈਵਿੰਗ ਅਤੇ ਗੱਡੀਆਂ ਦੀ ਸਵਾਰੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਤੇਜ਼ ਗੱਡੀ ਚਲਾਉਣ ਅਤੇ ਗੱਡੀ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾਲ ਜੁੜੇ ਜ਼ੋਖ਼ਮ ਬਾਰੇ ਵੀ ਸੁਚੇਤ ਕੀਤਾ।



ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਵਿਦਿਆਰਥੀ ਤੇ ਸਟਾਫ਼।

ਉਨ੍ਹਾਂ ਨੇ ਘਾਤਕ ਦੁਰਘਟਨਾਵਾਂ ਤੋਂ ਬਚਣ ਲਈ ਹੈਲਮੇਟ ਪਹਿਨਣ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ। ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਸਵੀਨਾ ਬਾਂਸਲ ਨੇ ਐਨਐਸਐਸ ਵਾਲੰਟੀਅਰਾਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਬੱਸ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਕੀਮਤੀ ਜਾਨਾਂ ਬਚਾਉਣ ਲਈ ਸੜਕ ਸੁਰੱਖਿਆ ਸਮੇਂ ਦੀ ਮੁੱਖ ਜ਼ਰੂਰਤ ਹੈ। ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਮਨਜੀਤ ਬਾਂਸਲ ਨੇ ਭਰੋਸਾ ਦਿੱਤਾ ਕਿ ਆਵਾਜਾਈ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮ ਆਉਣ ਵਾਲੇ ਦਿਨ੍ਹਾਂ ਵਿਚ ਵੀ ਜਾਰੀ ਰਹਿਣਗੇ। ਆਰਕੀਟੈਕਟ ਰਣਜੀਤ ਕੌਰ (ਕੋਆਰਡੀਨੇਟਰ ਐਨਐਸਐਸ, ਐਮਆਰਐਸਪੀਟੀਯੂ), ਇੰਜ. ਗੁਰਪ੍ਰੀਤ ਸਿੰਘ ਬਾਠ, ਐਸੋਸੀਏਟ ਪ੍ਰੋਫੈਸਰ (ਐਨਐਸਐਸ ਇੰਚਾਰਜ), ਇੰਜ. ਸੁਨੀਤਾ ਕੋਤਵਾਲ (ਐਨਐਸਐਸ ਕੋ-ਇੰਚਾਰਜ), ਅਸਿਸਟੈਂਟ ਪ੍ਰੋਫੈਸਰ ਸਿਵਲ ਇੰਜੀਨੀਅਰਿੰਗ ਵਿਭਾਗ ਨੇ ਕੈਂਪ ਵਿਚ ਅਹਿਮ ਭੂਮਿਕਾ ਨਿਭਾਈ।

**ਅਜੀਤ**

ਬੁੱਧਵਾਰ, 27 ਮਾਰਚ, 2019

## ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿਮ ਸ਼ੁਰੂ

ਬਠਿੰਡਾ, 26 ਮਾਰਚ (ਕੰਵਲਜੀਤ ਸਿੰਘ ਸਿੱਧੂ)-ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ. ਜ਼ੈਡ. ਐਸ. ਸੀ. ਸੀ. ਈ. ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਕੌਮੀ ਸੇਵਾ ਯੋਜਨਾ (ਐਨ. ਐਸ. ਐਸ.) ਵਿੰਗ ਵਲੋਂ ਬਠਿੰਡਾ ਸ਼ਹਿਰ 'ਚ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਵਿਸ਼ੇ ਮੁਹਿਮ ਸ਼ੁਰੂ ਕੀਤੀ। ਕੈਂਪਸ ਡਾਇਰੈਕਟਰ ਪ੍ਰੋਫੈਸਰ ਡਾ: ਸਵੀਨਾ ਬਾਂਸਲ ਨੇ ਐਨ. ਐਸ. ਐਸ. ਵਲੰਟੀਅਰਾਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਬੱਸ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਕੀਮਤੀ ਜਾਨਾਂ ਬਚਾਉਣ ਲਈ ਸੜਕ ਸੁਰੱਖਿਆ ਸਮੇਂ ਦੀ ਮੁੱਖ ਜ਼ਰੂਰਤ ਹੈ, ਸਿਵਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਬਠਿੰਡਾ ਸ਼ਹਿਰ ਦੇ ਭਾਰੀ ਟ੍ਰੈਫਿਕ ਵਾਲੇ ਪੁਆਇੰਟਾਂ ਬੱਸ ਅੱਡੇ, ਗੋਲ ਡਿੱਗੀ ਤੇ ਤਿੰਨ ਕੋਣੀ ਵਿਖੇ ਰਾਹਗੀਰਾਂ ਨੂੰ ਬਿਹਤਰ ਸੁਰੱਖਿਆ ਲਈ ਆਵਾਜਾਈ ਨਿਯਮਾਂ ਬਾਰੇ ਵੀ ਸੁਚੇਤ ਕੀਤਾ।

ਉਨ੍ਹਾਂ ਨੇ ਘਾਤਕ ਦੁਰਘਟਨਾਵਾਂ ਤੋਂ ਬਚਣ ਲਈ ਹੈਲਮਟ ਪਹਿਨਣ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ। ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਮਨਜੀਤ ਬਾਂਸਲ ਨੇ ਭਰੋਸਾ ਦਿੱਤਾ ਕਿ ਆਵਾਜਾਈ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰਹਿਣਗੇ। ਆਰਕੀਟੈਕਟ ਰਣਜੀਤ ਕੌਰ (ਕੋਆਰਡੀਨੇਟਰ ਐਨ. ਐਸ. ਐਸ., ਐਮ. ਆਰ. ਐਸ. ਪੀ. ਟੀ. ਯੂ.), ਇੰਜ. ਗੁਰਪ੍ਰੀਤ ਸਿੰਘ ਬਾਠ, ਐਸੋਸੀਏਟ ਪ੍ਰੋਫੈਸਰ (ਐਨ. ਐਸ. ਐਸ. ਇੰਚਾਰਜ), ਇੰਜ. ਸੁਨੀਤਾ ਕੋਤਵਾਲ (ਐਨ. ਐਸ. ਐਸ. ਕੋ-ਇੰਚਾਰਜ), ਅਸਿਸਟੈਂਟ ਪ੍ਰੋਫੈਸਰ, ਸਿਵਲ ਇੰਜੀਨੀਅਰਿੰਗ ਵਿਭਾਗ ਨੇ ਕੈਂਪ ਦੇ ਆਯੋਜਨ 'ਚ ਅਹਿਮ ਭੂਮਿਕਾ ਨਿਭਾਈ।



ਕੈਂਪਸ ਦੇ ਡਾਇਰੈਕਟਰ, ਪ੍ਰੋਫੈਸਰ ਡਾ: ਸਵੀਨਾ ਬਾਂਸਲ ਤੇ ਪ੍ਰੋਫੈਸਰ ਮਨਜੀਤ ਬਾਂਸਲ, ਐਨ. ਐਸ. ਐਸ. ਵਲੰਟੀਅਰਾਂ ਦੇ ਨਾਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੀ ਸ਼ੁਰੂਆਤ ਕਰਦੇ ਹੋਏ। ਤਸਵੀਰ : ਸੰਨੀ ਠਾਕੁਰ

ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਰਚੇ ਵੰਡੇ, ਜਿਨ੍ਹਾਂ 'ਚ ਸੁਰੱਖਿਅਤ ਡਰਾਈਵਿੰਗ ਤੇ ਗੱਡੀਆਂ ਦੀ ਸਵਾਰੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਤੇਜ਼ ਗੱਡੀ ਚਲਾਉਣ ਤੇ ਗੱਡੀ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਦੀ ਵਰਤੋਂ ਨਾਲ ਜੁੜੇ ਜੋਖ਼ਮ


**ਅਜੀਤ**

ਬੁੱਧਵਾਰ, 27 ਮਾਰਚ, 2019

ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਮੁਹਿਮ ਸ਼ੁਰੂ

ਬਠਿੰਡਾ, 26 ਮਾਰਚ (ਕੰਵਲਜੀਤ ਸਿੰਘ ਸਿੱਧੂ)-ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਜੀ. ਜ਼ੈਡ. ਐਸ. ਸੀ. ਸੀ. ਈ. ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਕੌਮੀ ਸੇਵਾ ਯੋਜਨਾ (ਐਨ. ਐਸ. ਐਸ.) ਵਿੰਗ ਵਲੋਂ ਬਠਿੰਡਾ ਸ਼ਹਿਰ 'ਚ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਵਿਸ਼ੇ ਮੁਹਿਮ ਸ਼ੁਰੂ ਕੀਤੀ। ਕੈਂਪਸ ਡਾਇਰੈਕਟਰ ਪ੍ਰੋਫੈਸਰ ਡਾ: ਸਵੀਨਾ ਬਾਂਸਲ ਨੇ ਐਨ. ਐਸ. ਐਸ. ਵਲੰਟੀਅਰਾਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਬੱਸ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਕੀਮਤੀ ਜਾਨਾਂ ਬਚਾਉਣ ਲਈ ਸੜਕ ਸੁਰੱਖਿਆ ਸਮੇਂ ਦੀ ਮੁੱਖ ਜ਼ਰੂਰਤ ਹੈ, ਸਿਵਲ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਨੇ ਬਠਿੰਡਾ ਸ਼ਹਿਰ ਦੇ ਭਾਰੀ ਟ੍ਰੈਫਿਕ ਵਾਲੇ ਪੁਆਇੰਟਾਂ ਬੱਸ ਅੱਡੇ, ਗੋਲ ਡਿੱਗੀ ਤੇ ਤਿੰਨ ਕੋਣੀ ਵਿਖੇ ਰਾਹਗੀਰਾਂ ਨੂੰ ਬਿਹਤਰ ਸੁਰੱਖਿਆ ਲਈ ਆਵਾਜਾਈ ਨਿਯਮਾਂ ਬਾਰੇ ਵੀ ਸੁਚੇਤ ਕੀਤਾ।

ਉਨ੍ਹਾਂ ਨੇ ਘਾਤਕ ਦੁਰਘਟਨਾਵਾਂ ਤੋਂ ਬਚਣ ਲਈ ਹੈਲਮਟ ਪਹਿਨਣ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ। ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਮਨਜੀਤ ਬਾਂਸਲ ਨੇ ਭਰੋਸਾ ਦਿੱਤਾ ਕਿ ਆਵਾਜਾਈ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰਹਿਣਗੇ। ਆਰਕੀਟੈਕਟ ਰਣਜੀਤ ਕੌਰ (ਕੋਆਰਡੀਨੇਟਰ ਐਨ. ਐਸ. ਐਸ., ਐਮ. ਆਰ. ਐਸ. ਪੀ. ਟੀ. ਯੂ.), ਇੰਜ. ਗੁਰਪ੍ਰੀਤ ਸਿੰਘ ਬਾਠ, ਐਸੋਸੀਏਟ ਪ੍ਰੋਫੈਸਰ (ਐਨ. ਐਸ. ਐਸ. ਇੰਚਾਰਜ), ਇੰਜ. ਸੁਨੀਤਾ ਕੋਤਵਾਲ (ਐਨ. ਐਸ. ਐਸ. ਕੋ-ਇੰਚਾਰਜ), ਅਸਿਸਟੈਂਟ ਪ੍ਰੋਫੈਸਰ, ਸਿਵਲ ਇੰਜੀਨੀਅਰਿੰਗ ਵਿਭਾਗ ਨੇ ਕੈਂਪ ਦੇ ਆਯੋਜਨ 'ਚ ਅਹਿਮ ਭੂਮਿਕਾ ਨਿਭਾਈ।





ਕੈਂਪਸ ਦੇ ਡਾਇਰੈਕਟਰ, ਪ੍ਰੋਫੈਸਰ ਡਾ: ਸਵੀਨਾ ਬਾਂਸਲ ਤੇ ਪ੍ਰੋਫੈਸਰ ਮਨਜੀਤ ਬਾਂਸਲ, ਐਨ. ਐਸ. ਐਸ. ਵਲੰਟੀਅਰਾਂ ਦੇ ਨਾਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੀ ਸ਼ੁਰੂਆਤ ਕਰਦੇ ਹੋਏ। ਤਸਵੀਰ : ਸੰਨੀ ਠਾਕੁਰ

ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਰਚੇ ਵੰਡੇ, ਜਿਨ੍ਹਾਂ 'ਚ ਸੁਰੱਖਿਅਤ ਡਰਾਈਵਿੰਗ ਤੇ ਗੱਡੀਆਂ ਦੀ ਸਵਾਰੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਤੇਜ਼ ਗੱਡੀ ਚਲਾਉਣ ਤੇ ਗੱਡੀ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਦੀ ਵਰਤੋਂ ਨਾਲ ਜੁੜੇ ਜੋਖ਼ਮ


**दैनिक जागरण** लुधियाना/बठिंडा, 27 मार्च 2019

## ट्रैफिक नियमों के बारे में किया जागरूक

संस, बठिंडा : ज्ञानी जैल सिंह कैंपस कॉलेज ऑफ इंजीनियरिंग एंड टेक्नोलॉजी महाराजा रणजीत सिंह पंजाब टेक्निकल यूनिवर्सिटी के सिविल इंजीनियरिंग विभाग के राष्ट्रीय सेवा योजना विंग की ओर से शहर में ट्रैफिक नियमों के बारे में जागरूकता मुहिम का आयोजन किया गया। इस दौरान कैंपस डायरेक्टर प्रो. सवीना बांसल ने एनएसएस वालंटियर्स को ट्रैफिक नियमों के बारे में जागरूक करने के लिए बस को हरी झंडी दिखाकर रवाना किया। इस प्रोग्राम के तहत सिविल इंजीनियरिंग विभाग के विद्यार्थियों ने ट्रैफिक प्वाइंट बस स्टेंड, गोल डिग्गी, तीन कोनी में राहगीरों की सुरक्षा के लिए आने जाने के नियमों की पालना करने के लिए प्रेरित किया। इस दौरान आर्किटेक्ट रणजीत कौर, इंचार्ज गुरप्रीत सिंह बाठ उपस्थित थे।



बठिंडा की महाराजा रणजीत सिंह यूनिवर्सिटी में ट्रैफिक जागरूकता अभियान के तहत करवाए गए कार्यक्रम के दौरान भाग लेने वाले विद्यार्थी • जागरण

**दैनिक जागरण** लुधियाना/बठिंडा, 9 मार्च 2019

## महिलाओं को अधिकारों से अवगत करवाया



बठिंडा के महाराजा रणजीत सिंह टेक्निकल यूनिवर्सिटी में विश्व महिला दिवस पर आयोजित कार्यक्रम की शुरुआत करते हुए मुख्य मेहमान • जागरण



ओरेन की ओर से महिला दिवस पर आयोजित कार्यक्रम के दौरान उपस्थित स्टाफ और विद्यार्थी।



बठिंडा में 99 ब्यूटी इंस्टीट्यूट की ओर से विश्व महिला दिवस पर जागरूकता रैली निकाली गई।

संवाद सहयोगी, बठिंडा : महाराजा रणजीत सिंह टेक्निकल यूनिवर्सिटी में अंतरराष्ट्रीय महिला दिवस उत्साह पूर्वक मनाया गया। जिसमें 200 से अधिक स्टाफ व विद्यार्थियों ने भाग लिया। इस समागम में सीजीएम मनीला चुघ ने मुख्य मेहमान के तौर पर शिरकत की।

कैंपस डायरेक्टर प्रो. सवीना बांसल ने कार्यक्रम की अध्यक्षता की। इस मौके मुख्य मेहमान मनीला चुघ ने कहा कि संसार भर में हर साल 8 मार्च को समाज में महिलाओं के अधिकारों बारे जागरुकता बढ़ाने के लिए पूरे संसार में बहुत उत्साह से विश्व महिला दिवस मनाया जाता है। इस मौके लिडा सिंह सहित समूह स्टाफ हाजिर था। उधर, ब्यूटी कंपनी ओरेन की ओर से सेंटर डायरेक्टर जूली की अगुवाई में महिला दिवस पर एक कार्यक्रम का आयोजन किया गया। इस मौके केक काटकर महिला दिवस की बधाई दी गई और महिलाओं को सम्मानित भी किया गया। इस मौके समूह स्टाफ और विद्यार्थी हाजिर थे।

इसी तरह 99 ब्यूटी इंस्टीट्यूट की ओर से विश्व महिला दिवस पर जागरुकता रैली निकाली गई। इस दौरान डीएसपी गुरजीत सिंह रोमाना और सुनील सिंगला ने महिलाओं को विश्व महिला दिवस की बधाई दी। रैली के दौरान डायरेक्टर शबनम गोयल सहित समूह स्टाफ और विद्यार्थी हाजिर थे।

4 दैनिक जागरण लुधियाना/बठिंडा, 1 मार्च 2019

# भाषण प्रतियोगिता में रूपाली अव्वल

जागरण संवाददाता, बठिंडा : महाराजा रणजीत सिंह पंजाब टेक्निकल यूनिवर्सिटी में फार्मासियूटिकल साइंसेज एंड टेक्नालॉजी विभाग की ओर से साइंस इन दी डेवलपमेंट ऑफ ह्यूमन रेस के विषय पर आधारित नेशनल साइंस दिवस को समर्पित कार्यक्रम का आयोजन किया गया।



कार्यक्रम के दौरान मुकाबले के विजेता विद्यार्थियों को इनाम देते हुए विभाग के मुखी ● जागरण

भाषण मुकाबले में रुपाली ने पहला व नंदनी ने दूसरा और भूमिका अदाकारी में पवनप्रीत कौर ने पहला, जतिन ने दूसरा व आदित्य ने तीसरा स्थान हासिल किया। इसी प्रकार पोस्टर मेकिंग में शेखर व संजना की टीम ने पहला, आदित्य व हनी की टीम ने दूसरा व और जूही व रुचि की टीम ने तीसरा स्थान हासिल किया। इस मौके पर प्रो. आशीष बालदी, डॉ. पुनीत बांसल, डॉ. उत्तम कुमार, डॉ. राहुल देशमुख व डॉ. अमित भाटिया भी मौजूद थे।

दैनिक भास्कर बठिंडा, गुरुवार 02 मई, 2019 | 03

# शिकागो के शहीदों को किया याद,



महाराजा रंजीत सिंह स्टेट टेक्निकल यूनिवर्सिटी में मजदूर दिवस मनाते कर्मचारी।

## महाराजा रंजीत सिंह पंजाब टेक्निकल यूनिवर्सिटी में करवाया समागम

बठिंडा|महाराजा रंजीत सिंह पंजाब टेक्निकल यूनिवर्सिटी में अंतर्राष्ट्रीय मजदूर दिवस मनाया गया। संस्था की कर्मचारी यूनियनों ने विशेष प्रोग्राम आयोजित करके झंडा लहराने की रस्म करके शिकागो के शहीदों को श्रद्धांजलि दी।विशेष मेहमान वीसी प्रो. मोहन पाल सिंह ईसर ने कहा कि मई दिवस मजदूरों व वर्किंग क्लास का जश्न है जोकि अंतर्राष्ट्रीय मजदूर लहर का हिस्सा है। देश के विकास के लिए मजदूर का बेहद महत्वपूर्ण योगदान है और इसके अनमोल योगदान का सम्मान करना चाहिए। रजिस्ट्रार डॉ. आशीष बालजीत ने यूनिवर्सिटी के विकास में मजदूरों के योगदान की प्रशंसा करते हुए मजदूर यूनियनों को यूनिवर्सिटी के विकास के लिए काम करने को प्रेरित किया। इस अवसर पर कैंपस डायरेक्टर डॉ. सवीना बांसल, डीन रिसर्च एंड डेवलपमेंट डॉ. जसबीर सिंह हुंदल व कर्मचारी यूनियन ने भी संबोधित किया।

ਪੰਜਾਬੀ ਜਾਗਰਣ ਜਲੰਧਰ 28 ਸਤੰਬਰ 2018

# ਮਹਾਰਾਜਾ ਰਣਜੀਤ ਸਿੰਘ 'ਵਰਸਿਟੀ 'ਚ ਵਿਸ਼ਵ ਫਾਰਮਾਸਿਸਟ ਦਿਵਸ ਮਨਾਇਆ

**ਪੰਜਾਬੀ ਜਾਗਰਣ ਪ੍ਰਤੀਨਿਧੀ, ਬਠਿੰਡਾ** : ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸਜ ਐਂਡ ਟੈਕਨਾਲੌਜੀ ਵਿਭਾਗ ਵਲੋਂ ਵਿਸ਼ਵ ਫ਼ਾਰਮਾਸਿਸਟ ਦਿਵਸ ਮਨਾਇਆ ਗਿਆ, ਜੋ ਕਿ ਫਾਰਮਾਸਿਸਟ ਤੁਹਾਡੇ ਮੈਡੀਸਿਨਜ ਮਾਹਿਰ ਵਿਸ਼ੇ 'ਤੇ ਕੇਂਦਰਿਤ ਸੀ। ਇਸ ਸਮਾਗਮ 'ਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਕਵਿਤਾ ਉਚਾਰਨ, ਭਾਸ਼ਨ ਮੁਕਾਬਲੇ, ਪੋਸਟਰ ਬਣਾਉਣ ਤੋਂ ਇਲਾਵਾ ਨੁੱਕੜ ਨਾਟਕਾਂ ਰਾਹੀਂ ਨਸ਼ਾਖੋਰੀ ਦੀ ਬੁਰਾਈ ਦੇ ਖਿਲਾਫ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ। ਇਸ ਦੌਰਾਨ ਪੋਸਟਰ ਬਣਾਉਣ ਦੀ ਪ੍ਰਤੀਯੋਗਤਾ 'ਚ ਵਿਕਾਸ ਨੂੰ ਪਹਿਲਾ ਸਥਾਨ ਮਿਲਿਆ ਹੈ, ਜਦਕਿ ਮਾਨਵ ਮਿੱਤਲ ਅਤੇ ਰਮਨ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚ ਸਚਿਨ ਅਤੇ ਸ਼ਲਿਪਾ ਨੇ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ, ਜਦਕਿ ਮਨਮੀਤ ਸਿੰਘ, ਰੂਪਾਲੀ ਅਤੇ ਨੰਦਨੀ ਨੇ ਭਾਸ਼ਣ ਮੁਕਾਬਲਿਆਂ ਵਿੱਚ ਇਨਾਮ ਹਾਸਿਲ ਕੀਤੇ। ਪਹਿਲੇ ਸਾਲ ਦੇ ਵਿਦਿਆਰਥੀਆਂ ਦਾ ਇਸ ਪੇਸ਼ੇ ਵਿੱਚ ਰਸਮੀ ਸਵਾਗਤ ਕਰਨ ਲਈ ਬੈਜ ਵੰਡ ਦੀ ਰਸਮ ਅਦਾ ਕੀਤੀ ਗਈ। ਇਸ ਤੋਂ ਇਲਾਵਾ ਝੁੱਗੀ-ਝੌਂਪੜੀਆਂ 'ਚ ਜਾਗਰੂਕਤਾ ਕੈਂਪ ਵੀ ਲਗਾਇਆ ਗਿਆ, ਜਿਸ ਦੇ ਤਹਿਤ ਦਵਾਈਆਂ ਦੀ ਸੁਰੱਖਿਅਤ ਵਰਤੋਂ ਅਤੇ ਆਪ ਮੁਹਾਰੇ ਦਵਾਈਆਂ ਲੈਣ ਦੇ ਬੁਰੇ ਪ੍ਰਭਾਵ ਤੋਂ ਜਾਣੂ ਕਰਵਾਇਆ ਗਿਆ।

# 2019-20

ਰੋਜ਼ਾਨਾ ਸਪੋਕਸਮੈਨ | ਸ਼ੁਕਰਵਾਰ, 9 ਅਗੱਸਤ 2019

# ਐਗਰੀ ਫ਼ੂਡ ਅਤੇ ਸਟਾਰਟ-ਅਪ ਨੂੰ ਉਤਸ਼ਾਹਤ ਕਰਨ ਲਈ ਅਕਾਦਮਿਕ ਮਾਹਿਰਾਂ ਅਤੇ ਉਦਯੋਗਪਤੀਆਂ ਦੀ ਮੀਟਿੰਗ



ਬਠਿੰਡਾ, 8 ਅਗੱਸਤ (ਸੁਖਜਿੰਦਰ ਮਾਨ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਫ਼ੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਲੋਂ ਪੰਜਾਬ ਸਟੇਟ ਕਾਉਂਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਸਹਿਯੋਗ ਨਾਲ ਐਗਰੀ ਫ਼ੂਡ ਸੈਕਟਰ ਅਤੇ ਸਟਾਰਟ-ਅਪ ਉਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਅਕਾਦਮਿਕ ਮਾਹਿਰਾਂ ਅਤੇ ਉਦਯੋਗਪਤੀਆਂ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚੋਂ ਫੂਡ ਪ੍ਰੋਸੈਸਿੰਗ ਉਦਯੋਗਾਂ ਅਤੇ ਉੱਦਮੀਆਂ ਨੂੰ ਦਰਪੇਸ਼ ਵੱਖ ਵੱਖ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉਹਨਾਂ ਦੇ ਹੱਲ ਲਈ ਸੰਜੀਦਾ ਸੁਝਾਅ ਪੇਸ਼ ਕੀਤੇ ਗਏ।

ਮੀਟਿੰਗ ਦਾ ਉਦੇਸ਼ ਪੰਜਾਬ ਵਿੱਚ ਸੈਕੰਡਰੀ ਖੇਤੀਬਾੜੀ ਫ਼ੂਡ ਪ੍ਰੋਸੈਸਿੰਗ ਉੱਦਮੀ ਨੈਟਵਰਕ ਸਥਾਪਤ ਕਰਨਾ ਹੈ। ਇਸ ਦਾ ਮਕਸਦ ਕਿਸਾਨਾਂ ਦੀ ਆਮਦਨੀ ਵਧਾਉਣਾ, ਫਸਲੀ ਵਿਭਿੰਨਤਾ ਅਤੇ ਨਵੇਂ ਉੱਦਮੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਸੈਕੰਡਰੀ ਖੇਤੀਬਾੜੀ ਸੈਕਟਰ ਵਿੱਚ ਮੌਜੂਦਾ ਉਦਯੋਗਾਂ ਨੂੰ ਸਮਰਥਨ ਦੇਣ ਤੋਂ ਇਲਾਵਾ ਰਾਜ ਦੇ ਵਾਤਾਵਰਣ ਦੀ ਸੰਭਾਲ ਲਈ ਸੁਦੱਜੀ ਖੇਤੀਬਾੜੀ ਤਕਨਾਲੋਜੀ ਵਿਕਸਤ ਕਰਨ ਲਈ ਸੁਹਿਰਦ ਯਤਨ ਕਰਨਾ ਹੈ। ਇਸ ਬੈਠਕ ਵਿੱਚ ਯੂਨੀਵਰਸਿਟੀ ਦੇ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਮਾਹਿਰ ਪੀ.ਐਸ.ਸੀ.ਐਸ.ਟੀ. ਦੇ ਅਧਿਕਾਰੀ, ਸੈਂਟਰ ਫਾਰ ਇਨੋਵੇਟਿਵ ਐਂਡ ਅਪਲਾਈਡ ਬਾਇਓ-ਪ੍ਰੋਸੈਸਿੰਗ (ਸੀ.ਆਈ.ਏ.ਬੀ.), ਬਾਇਓਨੇਸਟ (ਪੰਜਾਬ ਯੂਨੀਵਰਸਿਟੀ) ਅਤੇ ਨੈਸ਼ਨਲ ਐਗਰੀ-ਬਾਇਓਟੈਕਨਾਲੋਜੀ ਇਸਟੀਚਿਊਟ (ਐਨ.ਏ.ਬੀ.ਆਈ.), ਫੂਡ ਪ੍ਰੋਸੈਸਿੰਗ ਉਦਯੋਗ ਦੇ ਹਿੱਸੇਦਾਰ, ਮਾਲਵਾ ਖੇਤਰ ਤੋਂ ਖਾਸ ਕਰਕੇ ਪੰਜਾਬ ਦੇ ਬਠਿੰਡਾ, ਮਾਨਸਾ ਅਤੇ ਬਰਨਾਲਾ ਜ਼ਿਲ੍ਹਿਆਂ ਦੇ ਫੂਡ ਪ੍ਰੋਸੈਸਿੰਗ ਉਦਯੋਗਾਂ ਦੇ ਉਦਮੀਆਂ ਨੂੰ ਦਰਪੇਸ਼ ਵੱਖ-ਵੱਖ ਭੱਖਦੇ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿਚ ਭੋਜਨ ਅਧਾਰਤ ਉਦਯੋਗਾਂ ਦੇ ਨੁਮਾਇੰਦਿਆਂ ਵਿਚ ਐਸ? ਫੂਡਜ਼, ਪ੍ਰੀਮੀਜ਼ ਨੈਸ਼ਨਲ ਬੇਕਰਜ਼, ਏ?ਵੀ? ਫੂਡਜ਼, ਗਿੱਲ ਰਾਈਸ ਮਿੱਲਜ਼, ਮਾਲਵਾ ਰਾਈਸ ਮਿੱਲਜ਼, ਸ਼ਸ਼ੀ ਫੂਡਜ਼ ਪ੍ਰਮੁੱਖ ਤੌਰ ਤੇ ਸ਼ਾਮਲ ਸਨ।

ਡਾ. ਕਵਲਜੀਤ ਸਿੰਘ ਸੰਧੂ, ਮੁਖੀ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ, ਐਮ.ਆਰ.ਐਸ.ਪੀ.ਟੀ.ਯੂ., ਬਠਿੰਡਾ ਨੇ ਉਦਯੋਗ ਦੇ ਲੋਕਾਂ ਨੂੰ ਵਿਭਾਗ ਵਿੱਚ ਉਪਲਬਧ ਵੱਖ-ਵੱਖ ਕਿਸਮ ਦੀਆਂ ਸਹੂਲਤਾਂ ਬਾਰੇ ਜਾਣੂ ਕਰਵਾਉਂਦਿਆਂ ਵਿਸਥਾਰ ਵਿਚ ਦੱਸਿਆ ਕਿ ਉਹ ਤਕਨੀਕੀ ਸਹਾਇਤਾ ਤੋਂ ਕਿਵੇਂ ਲਾਭ ਲੈ ਸਕਦੇ ਹਨ।

ਉਦਯੋਗ ਦੇ ਲੋਕਾਂ ਨੂੰ ਯੂਨੀਵਰਸਿਟੀ ਤੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੰਦੇ ਹੋਏ ਯੂਨੀਵਰਸਿਟੀ ਦੇ ਰਜਿਸਟਰਾਰ, ਪ੍ਰੋ? ਆਸ਼ੀਸ਼ ਬਾਲਦੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕਿਵੇਂ ਮੁੱਲ ਨਾਲ ਜੁੜੇ ਉਤਪਾਦਾਂ ਦੇ ਵਿਕਾਸ ਲਈ ਤਕਨਾਲੋਜੀ ਦੀ ਵਰਤੋਂ ਸੈਕੰਡਰੀ ਖੇਤੀ-ਫੂਡ ਉਦਯੋਗ ਲਈ ਲਾਭਦਾਇਕ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਤਕਨਾਲੋਜੀ ਦੇ ਦਆਲੇ ਉੱਦਮ ਨੂੰ ਵਿਕਸਤ ਕਰਨਾ ਸਮੇਂ ਦੀ ਮੁੱਖ ਲੋੜ ਹੈ,।

ਬਠਿੰਡਾ, 11 ਨਵੰਬਰ (ਕੰਵਲਜੀਤ ਸਿੰਘ ਸਿੱਧੂ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉੱਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਯੂਨੀਵਰਸਿਟੀ ਨਾਲ ਜੁੜੇ ਵੱਖ-ਵੱਖ ਨਿੱਜੀ ਕਾਲਜਾਂ ਦੇ ਚੇਅਰਮੈਨ/ਡਾਇਰੈਕਟਰਾਂ ਤੇ ਯੂਨੀਵਰਸਿਟੀ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਹੋਈ। ਇਸ ਮੌਕੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਸਹਿਯੋਗ ਨਾਲ ਡਿਸਟੈਂਸ ਅਤੇ ਆਨ-ਲਾਈਨ ਐਜੂਕੇਸ਼ਨ ਨੂੰ ਉਤਸ਼ਾਹਿਤ ਕਰਨ ਲਈ ਵਿਚਾਰ-ਵਟਾਂਦਰੇ ਕੀਤੇ। ਉੱਪ ਕੁਲਪਤੀ ਸ. ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਬਦਲਦੇ ਹਾਲਾਤ ਅਤੇ ਕੋਵਿਡ ਵਰਗੀ ਮਹਾਂਮਾਰੀ ਦੇ ਚੱਲਦੇ ਵੱਧ ਤੋਂ ਵੱਧ ਉੱਚ ਸਿੱਖਿਆ ਸੰਸਥਾਵਾਂ ਆਪਣੇ ਵਿਦਿਆਰਥੀਆਂ ਤੱਕ ਪਹੁੰਚਣ ਲਈ ਡਿਸਟੈਂਸ ਅਤੇ ਆਨ-ਲਾਈਨ ਐਜੂਕੇਸ਼ਨ ਨੂੰ ਉੱਚ ਸਿੱਖਿਆ ਦੇ ਖੇਤਰ 'ਚ ਇਕ ਵਿਕਲਪਿਕ ਅਤੇ ਵਿਹਾਰਕ ਢੰਗ ਵਜੋਂ ਵਿਕਸਿਤ ਕਰ ਰਹੀਆਂ ਹਨ। ਇਸ ਦੇ ਮੱਦੇਨਜ਼ਰ ਹੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਅਤੇ ਇਸ ਨਾਲ ਜੁੜੇ ਪ੍ਰਾਈਵੇਟ ਐਫੀਲਿਏਟਡ ਕਾਲਜਾਂ ਨੇ ਵੀ ਡਿਸਟੈਂਸ ਅਤੇ ਆਨ-ਲਾਈਨ ਐਜੂਕੇਸ਼ਨ ਨੂੰ ਉਤਸ਼ਾਹਿਤ ਕਰਨ ਅਤੇ ਹੁਨਰ ਵਿਕਾਸ ਦੇ ਕੋਰਸਾਂ ਨੂੰ ਬਿਹਤਰ ਬਣਾਉਣ ਲਈ ਸਾਂਝੇ ਯਤਨਾਂ ਤੇ ਤਾਲਮੇਲ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਉੱਪ ਕੁਲਪਤੀ ਨੇ ਕਿਹਾ ਕਿ ਡਿਸਟੈਂਸ ਅਤੇ ਆਨ-ਲਾਈਨ ਐਜੂਕੇਸ਼ਨ ਦੀ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਲੋਕਾਂ ਤੱਕ ਵਿਆਪਕ ਪਹੁੰਚ ਹੈ ਅਤੇ ਸਮਾਂ ਆ ਗਿਆ ਹੈ ਕਿ ਇਸ ਨੂੰ ਇਕ ਵਿਕਲਪ ਵਜੋਂ ਉਤਸ਼ਾਹਿਤ ਕੀਤਾ ਜਾਵੇ। ਮੀਟਿੰਗ ਦੌਰਾਨ ਆਨ-ਲਾਈਨ ਤੇ ਹੁਨਰ ਵਿਕਾਸ ਦੇ ਕੋਰਸਾਂ ਵਿਚ ਸੁਧਾਰ ਕਰਨ ਤੋਂ ਇਲਾਵਾ ਦਾਖਲਾ ਅਭਿਆਨ ਅਤੇ ਆਉਣ ਵਾਲੇ ਅਕਾਦਮਿਕ ਸੈਸ਼ਨਾਂ ਦੀ ਰਣਨੀਤੀ ਬਾਰੇ ਵੀ ਵਿਚਾਰ-ਵਟਾਂਦਰੇ ਕੀਤੇ ਗਏ। ਉਦਯੋਗ ਅਤੇ ਸਮਾਜ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਇਕ ਏਕੀਕ੍ਰਿਤ ਅਤੇ ਟੈਕਨਾਲੋਜੀ ਮੁਖੀ ਸਿੱਖਿਆ ਦੇ ਨਾਲ ਤਕਨੀਕੀ ਤੌਰ 'ਤੇ ਹੁਨਰਮੰਦ ਮਨੁੱਖੀ ਸ਼ਕਤੀ ਪੈਦਾ ਕਰਨ ਲਈ ਵਧੀਆ ਪ੍ਰਤਿਭਾ ਲਿਆਉਣ ਲਈ ਇਕ ਵਿਧੀ ਸਥਾਪਤ ਕਰਨ ਦਾ ਵੀ ਫ਼ੈਸਲਾ ਲਿਆ ਗਿਆ। ਪ੍ਰਚਾਰ ਦੀਆਂ ਗਤੀਵਿਧੀਆਂ ਅਤੇ ਸਿਖਲਾਈ ਅਤੇ ਪਲੇਸਮੈਂਟ ਸੈੱਲ ਨੂੰ ਗਤੀਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਯੂਨੀਵਰਸਿਟੀ ਨਾਲ ਜੁੜੇ ਤਕਨੀਕੀ ਸਿੱਖਿਆ ਕਾਲਜਾਂ ਨੇ ਪੂਰੇ ਦਿਲੋਂ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਇਸ ਮੌਕੇ ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਸਵੀਨਾ ਬਾਂਸਲ, ਡਾਇਰੈਕਟਰ, ਕਾਲਜ ਵਿਕਾਸ ਕੌਂਸਲ, ਪ੍ਰੋਫੈਸਰ (ਡਾ.) ਅਸ਼ੋਕ ਕੁਮਾਰ ਗੋਇਲ ,ਡਾ. ਗੁਰਪ੍ਰੀਤ ਸਿੰਘ ਬਾਠ (ਸਿਵਲ ਇੰਜੀਨੀਅਰਿੰਗ), ਪ੍ਰੋਫੈਸਰ ਇੰਚਾਰਜ ਵਿੱਤ, ਡਾ: ਸੰਦੀਪ ਕਾਂਸਲ, ਕੰਟਰੋਲਰ ਪ੍ਰੀਖਿਆ, ਪ੍ਰੋ. ਕਰਨਵੀਰ ਸਿੰਘ, ਹਰਜਿੰਦਰ ਸਿੰਘ ਸਿੱਧੂ, ਡਾਇਰੈਕਟਰ, ਲੋਕ ਸੰਪਰਕ ਸ਼ਾਮਿਲ ਸਨ। ਡਾ. ਗੁਰਮੀਤ ਸਿੰਘ ਧਾਲੀਵਾਲ, ਚੇਅਰਮੈਨ, ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਦਿਓਣ, ਬਠਿੰਡਾ, ਸ੍ਰੀ ਦਵਿੰਦਰਪਾਲ ਸਿੰਘ, ਡਾਇਰੈਕਟਰ, ਦੇਸ਼ ਭਗਤ ਫਾਉਂਡੇਸ਼ਨ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਮੋਗਾ, ਸ੍ਰੀ ਐੱਚ. ਐੱਲ. ਸ਼ਰਮਾ, ਚੇਅਰਮੈਨ, ਫ਼ਿਰੋਜ਼ਪੁਰ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨੌਲੋਜੀ, ਫਿਰੋਜ਼ਸ਼ਾਹ, ਫ਼ਿਰੋਜ਼ਪੁਰ, ਸ੍ਰੀ ਗੁਰਤੇਜ ਸਿੰਘ ਬਰਾੜ, ਚੇਅਰਮੈਨ, ਆਕਲੀਆ ਐਜੂਕੇਸ਼ਨਲ ਐਂਡ ਰਿਸਰਚ ਸੁਸਾਇਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਆਕਲੀਆ ਕਲਾਂ, ਸ੍ਰੀ ਆਰ. ਕੇ. ਗੁਪਤਾ, ਚੇਅਰਮੈਨ, ਆਰੀਆਭੱਟ ਗਰੁੱਪ, ਬਰਨਾਲਾ, ਸ੍ਰੀ ਮੌਂਟੀ ਗਰਗ, ਚੇਅਰਮੈਨ, ਕੇ. ਸੀ. ਟੀ. ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨੌਲੋਜੀ, ਸੰਗਰੂਰ, ਸ੍ਰੀ ਪੀ. ਕੇ. ਗਰਗ, ਚੇਅਰਮੈਨ, ਆਈ. ਐੱਸ. ਐੱਫ., ਮੋਗਾ, ਡਾ. ਅਜੈ ਮਿੱਤਲ, ਡਾਇਰੈਕਟਰ, ਆਰਿਆਭੱਟ ਗਰੁੱਪ, ਬਰਨਾਲਾ, ਸ੍ਰੀ ਵਿਕਾਸ ਗੋਇਲ, ਪ੍ਰਿੰਸੀਪਲ, ਆਸਰਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੌਜੀ, ਸੰਗਰੂਰ, ਸ੍ਰੀ ਮਨੋਜ ਗੋਇਲ, ਡੀਨ, ਕੇ. ਸੀ. ਟੀ. ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੌਜੀ, ਸੰਗਰੂਰ ਅਤੇ ਸ੍ਰੀ ਰਾਜਿੰਦਰ ਐੱਸ. ਧਨੋਆ, ਸਹਾਇਕ ਡਾਇਰੈਕਟਰ (ਐਡਮਿਨ), ਬੀ. ਐੱਫ. ਜੀ. ਆਈ, ਦਿਓਨ, ਬਠਿੰਡਾ ਸ਼ਾਮਿਲ ਸਨ।



ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਯੂਨੀਵਰਸਿਟੀ ਦੇ ਅਧਿਕਾਰੀ, ਪ੍ਰਾਈਵੇਟ ਐਫੀਲੀਏਟਿਡ ਕਾਲਜਾਂ ਦੇ ਚੇਅਰਮੈਨ/ਡਾਇਰੈਕਟਰਾਂ ਨਾਲ ਮੀਟਿੰਗ ਕਰਦੇ ਹੋਏ। ਅਜੀਤ ਤਸਵੀਰ

दैनिक जागरण बठिंडा/मालवा, 11 नवंबर, 2020



महाराजा रणजीत सिंह पंजाब टेक्निकल युनिवर्सिटी के वाइस चांसलर प्रो. बूटा सिद्धू स्टाफ के साथ मीटिंग करते हुए • जागरण

# वीसी ने स्टाफ से की सहयोग की अपील

जागरण संवाददाता, बठिंडा : महाराजा रणजीत सिंह पंजाब टेक्निकल युनिवर्सिटी बठिंडा के वाइस चांसलर प्रो. बूटा सिंह सिद्धू ने युनिवर्सिटी को उत्तमता के संस्थान के तौर पर विकसित करने के लिए फैकल्टी, अध्यापन व नान टीचिंग स्टाफ से सहयोग की मांग की है।

उन्होंने फैकल्टी को स्टाफ के लिए अकादमिक उत्तमता, तकनीकी शिक्षा की उन्नति, पायनियरिंग रिसर्च व इनोवेशन ड्राइवन डवेलपमेंट के द्वारा सफलता प्राप्त करने की अपील की।

**महाराजा रणजीत सिंह पंजाब टेक्निकल युनिवर्सिटी के वाइस चांसलर प्रो. बूटा सिंह सिद्धू ने स्टाफ के साथ की मीटिंग**

युनिवर्सिटी की बेहतरी के लिए स्टाफ के साथ की गई मीटिंग में प्रो. सिद्धू ने तकनीकी शिक्षा के उन्नतिकरण, संस्था की आर्थिकता को मजबूत करने, दाखिला मुहिम व रणनीति, खोज व विकास की गतिविधियों संबंधित उत्साहित करने व तकनीक पैदा करने के लिए विचार विमर्श किया।

मीटिंग में प्रो. सिद्धू ने माना कि अकेला वीसी ही सब कुछ नहीं कर सकता, जबकि एक टीम के साथ ही हर काम को पूरा किया जा सकता है। उन्होंने नान टीचिंग स्टाफ से अपील की कि वह युनिवर्सिटी को नई उचाई पर लेकर जाने के लिए इमानदारी से काम करें।

उन्होंने कहा कि इसके साथ ही चेतावनी भी दी कि अगर किसी ने काम में लापरवाही बरती तो उसके खिलाफ कार्रवाई भी की जाएगी।

ਅਜੀਤ
ਸਨਿਚਰਵਾਰ, 14 ਨਵੰਬਰ 2020



ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 240ਵੀਂ ਜੈਅੰਤੀ ਸਮਾਰੋਹ ਦੇ ਸਮਾਗਮ ਦੌਰਾਨ ਆਰਟਿਸਟ ਗੁਰਪ੍ਰੀਤ ਸਿੰਘ ਬਠਿੰਡਾ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੀ ਲਾਈਵ ਪੇਂਟਿੰਗ ਦਾ ਦ੍ਰਿਸ਼। ਅਜੀਤ: ਤਸਵੀਰ

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ 240ਵਾਂ ਜਨਮ ਦਿਵਸ ਮਨਾਇਆ

ਬਠਿੰਡਾ, 13 ਨਵੰਬਰ (ਕੰਵਲਜੀਤ ਸਿੰਘ ਸਿੱਧੂ)- ਅੱਜ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ 240 ਵਾਂ ਜਨਮ ਦਿਵਸ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਖੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਯੂਨੀਵਰਸਿਟੀ ਦੇ ਉੱਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਇਸ 'ਚ ਆਨ-ਲਾਈਨ ਸ਼ਿਰਕਤ ਕਰਦਿਆਂ ਮਹਾਨ ਸਿੱਖ ਮਹਾਰਾਜੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ਼ ਦੀ ਅਗਵਾਈ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ, ਪ੍ਰੋ. ਸਿੱਧੂ ਨੇ ਮਹਾਨ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਆਦਰਸ਼ਾਂ ਬਾਰੇ ਗੱਲ ਕਰਦਿਆਂ ਸਿੱਖ ਸਾਮਰਾਜ ਦੇ ਨੇਤਾ ਦਾ ਸੰਖੇਪ ਇਤਿਹਾਸ ਪੇਸ਼ ਕਰਦਿਆਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਨੇ ਉੱਤਰ-ਪੱਛਮੀ ਭਾਰਤੀ ਉੱਪ-ਮਹਾਦੀਪ 'ਤੇ 19ਵੀਂ ਸਦੀ ਦੇ ਆਰੰਭ 'ਚ ਜ਼ਬਰਦਸਤ ਰਾਜ ਕੀਤਾ ਜੋ ਹੁਣ ਤੱਕ ਇਕ ਮਿਸਾਲ ਹੈ। ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਗੁਜਰਾਂਵਾਲਾ (ਹੁਣ ਪਾਕਿਸਤਾਨ ਵਿਚ) ਵਿਚ ਹੋਇਆ ਸੀ ਅਤੇ 27 ਜੂਨ 1839 ਨੂੰ ਲਾਹੌਰ ਵਿਚ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ 'ਸ਼ੇਰ-ਏ-ਪੰਜਾਬ' (ਪੰਜਾਬ ਦਾ ਸ਼ੇਰ) ਵੀ ਕਿਹਾ ਜਾਂਦਾ ਹੈ। ਪ੍ਰੋ. ਸਿੱਧੂ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਭਾਰਤੀ ਇਤਿਹਾਸ ਦੇ ਸਭ ਤੋਂ ਵੱਧ ਗਤੀਸ਼ੀਲ ਯੋਧਾ ਆਗੂ 'ਤੇ ਵੀ ਆਪਣੇ ਵਿਚਾਰ ਪੇਸ਼ ਕੀਤੇ, ਜਿਨ੍ਹਾਂ ਨੇ ਉਸ ਦੌਰ ਵਿਚ ਸਿੱਖਿਆ, ਸਮਾਜ ਸੁਧਾਰਾਂ, ਰਾਸ਼ਟਰ ਨਿਰਮਾਣ, ਧਰਮ ਨਿਰਪੱਖਤਾ ਵਿਚ ਪ੍ਰਮੁੱਖ ਭੂਮਿਕਾ ਨਿਭਾਈ ਸੀ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੀ ਫ਼ੌਜ ਵਿਚ ਸਿੱਖ, ਹਿੰਦੂ ਮੁਸਲਮਾਨ ਅਤੇ ਹਰ ਧਰਮ ਨਾਲ ਸਬੰਧਿਤ ਲੋਕ ਸ਼ਾਮਿਲ ਸਨ।

## ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ 'ਤੇ ਗੁਰਪ੍ਰੀਤ ਨੇ ਬਣਾਈ ਦਿਲਕਸ਼ ਲਾਈਵ ਪੇਂਟਿੰਗ

ਸ਼ੇਰੇ ਪੰਜਾਬ ਨੇ ਆਪਣੇ ਕਾਰਜਕਾਲ ਦੌਰਾਨ ਪਰਿਵਾਰਕ ਪੱਧਰ 'ਤੇ ਸਾਖਰਤਾ ਪੈਦਾ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਨੇ ਫ਼ਾਰਸੀ ਨੂੰ ਆਪਣੇ ਰਾਜ ਦੀ ਸਰਕਾਰੀ ਭਾਸ਼ਾ ਐਲਾਨਿਆ, ਉਸ ਨੇ ਅਜਿਹਾ ਵਿਦੇਸ਼ੀ ਭਾਸ਼ਾਵਾਂ ਸਿੱਖਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਕੀਤਾ। ਹਾਲਾਂਕਿ ਇਸ ਪ੍ਰਕਿਰਿਆ 'ਚ ਉਸ ਨੇ ਕਦੇ ਵੀ ਸਥਾਨਕ ਪੰਜਾਬੀ ਭਾਸ਼ਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਸਿੱਖ ਸਰਦਾਰ ਮਹਾ ਸਿੰਘ ਦੇ ਇਕਲੌਤੇ ਸਪੁੱਤਰ ਰਣਜੀਤ ਸਿੰਘ ਨੇ ਪਿਤਾ ਦੀ ਮੌਤ ਤੋਂ ਬਾਅਦ ਸ਼ੁਕਰਚੱਕੀਆ ਮਿਸਲ ਦਾ ਵਾਰਿਸ ਬਣਦਿਆਂ ਫ਼ੌਜੀ ਜੀਵਨ ਦੀ ਸ਼ੁਰੂਆਤ 10 ਸਾਲ ਦੀ ਉਮਰ ਵਿਚ ਕੀਤੀ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਆਪਣੀ ਜਵਾਨੀ ਦੇ ਸਾਲਾਂ ਵਿਚ ਅਫ਼ਗਾਨਾਂ ਨੂੰ ਬਾਹਰ ਕੱਢਣ ਲਈ ਕਈ ਲੜਾਈਆਂ ਲੜੀਆਂ ਅਤੇ 21 ਸਾਲਾਂ ਵਿਚ ਪੰਜਾਬ ਦਾ ਸ਼ਹਿਨਸ਼ਾਹ ਬਣ ਗਿਆ। ਬਿਨਾਂ ਪੜ੍ਹੇ-ਲਿਖੇ ਅਤੇ ਇਕ ਅੱਖ ਵਿਚ ਰੋਸ਼ਨੀ ਦੀ ਘਾਟ ਦੇ ਬਾਵਜੂਦ ਰਣਜੀਤ ਸਿੰਘ ਛੋਟੀ ਉਮਰ ਤੋਂ ਹੀ ਫ਼ੌਜੀ ਦਿਮਾਗ਼ 'ਚ ਸਭ ਤੋਂ ਹੁਸ਼ਿਆਰ ਸੀ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਦਾ ਜਨਮ ਦਾ ਨਾਂਅ ਬੁੱਧ ਸਿੰਘ ਸੀ, ਜਿਸ ਨੂੰ ਮੁਸਲਮਾਨ ਚੱਠਾ ਸਰਦਾਰ ਪੀਰ ਮੁਹੰਮਦ 'ਤੇ ਆਪਣੀ ਫ਼ੌਜ ਦੀ ਜਿੱਤ ਦਾ ਸਨਮਾਨ ਕਰਨ ਲਈ ਉਸ ਦੇ ਪਿਤਾ ਦੁਆਰਾ ਰਣਜੀਤ ਸਿੰਘ (ਜਿਸ ਦਾ ਅਰਥ ਹੈ ਲੜਾਈ 'ਚ ਹਮੇਸ਼ਾ ਜੇਤੂ) ਵਿਚ ਬਦਲ ਦਿੱਤਾ ਗਿਆ ਸੀ। ਉਹ ਉੱਤਰੀ ਭਾਰਤ ਵਿਚ ਉਸ ਸਮੇਂ ਦ੍ਰਿਸ਼ 'ਤੇ ਉੱਭਰਿਆ, ਜਦੋਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਉਪ-ਮਹਾਂਦੀਪ ਦੇ ਵਿਸ਼ਾਲ ਹਿੱਸਿਆਂ ਉੱਤੇ ਪਕੜ ਬਣਾ ਰਿਹਾ ਸੀ। ਜੁਲਾਈ 1799 'ਚ ਉਹ ਅਜੇ ਵੀ 18 ਸਾਲਾਂ ਦਾ ਸੀ, ਜਦੋਂ ਰਣਜੀਤ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਦਿਆਂ ਲਾਹੌਰ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਜੋ ਉਸ ਸਮੇਂ ਅਫ਼ਗਾਨ ਸ਼ਾਸਨ ਅਧੀਨ ਸੀ। 1801 ਤੱਕ ਉਸ ਨੇ ਆਪਣੇ ਆਪ ਨੂੰ ਪੰਜਾਬ ਦਾ ਮਹਾਰਾਜਾ ਐਲਾਨ ਕਰ ਦਿੱਤਾ ਸੀ। ਜਲਦੀ ਹੀ ਅੰਮ੍ਰਿਤਸਰ-ਸਿੱਖਾਂ ਦਾ ਸਭ ਤੋਂ ਪਵਿੱਤਰ ਸ਼ਹਿਰ ਵੀ ਉਸ ਦੀ ਫ਼ੌਜ ਨੇ ਆਪਣੇ ਅਧੀਨ ਕਰ ਲਿਆ। ਹੋਰ ਛੋਟੇ ਕਸਬੇ ਅਤੇ ਪ੍ਰਾਂਤ ਇਸ ਤੋਂ ਬਾਅਦ ਆਉਂਦੇ ਗਏ ਤੇ ਸਾਮਰਾਜ ਵਧਦਾ ਗਿਆ ਜੋ ਕਿ ਖ਼ੈਬਰ ਦਰੇ ਤੋਂ ਸਤਲੁਜ ਦਰਿਆ ਅਤੇ ਕਸ਼ਮੀਰ ਦੀ ਘਾਟੀ ਤੋਂ ਥਾਰ ਮਾਰੂਥਲ ਤੱਕ 5.50 ਲੱਖ ਸਕੇਅਰ ਕਿੱਲੋਮੀਟਰ ਤੱਕ ਫੈਲਿਆ ਹੋਇਆ ਸੀ। ਪ੍ਰੋਗਰਾਮ ਨੂੰ ਯਾਦਗਾਰੀ ਬਣਾਉਂਦੇ ਹੋਏ ਆਰਟਿਸਟ ਗੁਰਪ੍ਰੀਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਲਾਈਵ ਪੇਂਟਿੰਗ ਤਿਆਰ ਕੀਤੀ, ਜਿਸ ਨੇ ਦਰਸ਼ਕਾਂ ਦਾ ਬੇਹੱਦ ਮਨ ਮੋਹਿਆ। ਇਥੇ ਇਹ ਵਰਨਣਯੋਗ ਹੈ ਕਿ ਪੰਜਾਬ ਦਾ ਇਕ ਸਵੈ-ਸਿਖਿਅਤ ਪੇਂਟਰ, ਜਿਸ ਨੇ ਆਪਣੇ ਸ਼ਹਿਰ ਦਾ ਨਾਂਅ ਆਪਣੇ ਉਪਨਾਮ ਵਜੋਂ ਅਪਣਾਇਆ ਹੈ, ਆਰਟਿਸਟ ਗੁਰਪ੍ਰੀਤ ਸਿੰਘ ਬਠਿੰਡਾ ਹੈ, ਜਿਸ ਦੀਆਂ 'ਲਾਈਵ' ਪੇਂਟਿੰਗ ਅਕਸਰ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਹਨ। ਉਹ ਇਕ ਚੰਗਾ ਅਧਿਆਪਕ, ਚਿੱਤਰਕਾਰ, ਫੋਟੋਗ੍ਰਾਫਰ, ਕੁਦਰਤ ਪ੍ਰੇਮੀ ਅਤੇ ਹੋਰ ਬਹੁਤ ਸਾਰੇ ਗੁਣਾਂ ਨਾਲ ਭਰਪੂਰ ਸ਼ਖ਼ਸੀਅਤ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਇਸ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਇਕ ਦਸਤਾਵੇਜ਼ੀ ਫ਼ਿਲਮ ਵੀ ਪੇਸ਼ ਕੀਤੀ ਗਈ। ਡਾਇਰੈਕਟਰ ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ ਦੀ ਅਗਵਾਈ ਹੇਠ ਡਾਇਰੈਕਟੋਰੇਟ ਆਫ਼ ਸਪੋਰਟਸ ਐਂਡ ਯੂਥ ਵੈੱਲਫੇਅਰ ਵਲੋਂ ਪ੍ਰੋਗਰਾਮ ਦਾ ਸ਼ਾਨਦਾਰ ਆਯੋਜਿਤ ਕੀਤਾ ਗਿਆ।

दैनिक जागरण बठिंडा/मालवा, 30 नवंबर, 2020

# प्रकाश पर्व पर आनलाइन कार्यक्रम में होंगे शामिल

जासं, बठिंडा : महाराजा रणजीत सिंह पंजाब टेक्निकल यूनिवर्सिटी बठिंडा के वाइस चांसलर प्रो. बूटा सिंह सिद्धू गुरु नानक देव जी के प्रकाश पर्व को लेकर आयोजित होने वाले कार्यक्रमों में कनाडा के प्रधानमंत्री जस्टिन ट्रूडो के साथ शिरकत करेंगे। जस्टिन ट्रूडो प्रकाश पर्व को लेकर आयोजित किए जाने वाले समागम में मुख्य मेहमान होंगे। उनके साथ एमआरएस पीटीयू के वाइस चांसलर प्रो. बूटा सिंह सिद्धू को भी कनाडा सरकार ने निमंत्रण भेजा है। यह प्रोग्राम सोमवार शाम को 3:30 से शाम पांच बजे तक आनलाइन होगा। इसमें कनाडा के मंत्री नवदीप बैंस, बरदीश चग्गर व हरजीत सज्जन भी शामिल होंगे।



बूटा सिंह सिद्धू • जागरण

ਪੰਜਾਬੀ ਜਾਗਰਣ ਜਲੰਧਰ 28 ਨਵੰਬਰ 2020

ਜਾਣਕਾਰੀ

ਮੁਕਾਬਲੇ 'ਚ ਜੇਤੂਆਂ ਨੂੰ ਇਨਾਮ ਦੇ ਕੇ ਕੀਤਾ ਗਿਆ ਸਨਮਾਨਿਤ

# ਪੀਆਈਟੀ ਨੰਦਗੜ੍ਹ 'ਚ 'ਆਪਣਾ ਕੈਂਪਸ ਜਾਣੋ' ਪ੍ਰੋਗਰਾਮ ਕਰਵਾਇਆ

**ਹਰਕ੍ਰਿਸ਼ਨ ਸ਼ਰਮਾ, ਬਠਿੰਡਾ**




ਪੀਆਈਟੀ ਨੰਦਗੜ੍ਹ ਵਿਖੇ 'ਆਪਣਾ ਕੈਂਪਸ ਜਾਣੋ' ਪ੍ਰੋਗਰਾਮ ਮੌਕੇ ਦੀ ਤਸਵੀਰ। ਪੰਜਾਬੀ ਜਾਗਰਣ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ), ਬਠਿੰਡਾ ਦੇ ਕੰਸਟੀਚਿਊਐਂਟ ਕਾਲਜ ਪੰਜਾਬ ਇੰਸਟੀਚਿਊਟ ਆਫ ਟੈਕਨਾਲੋਜੀ (ਪੀਆਈਟੀ), ਨੰਦਗੜ੍ਹ ਵਿਖੇ ਅਕਾਦਮਿਕ ਸੈਸ਼ਨ 2020-21 ਵਿਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਇਕ ਰੋਜ਼ਾ ਆਪਣਾ ਕੈਂਪਸ ਜਾਣੋ ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ ਗਿਆ। ਵਿਦਿਆਰਥੀਆਂ ਨੇ ਸਟੇਜ 'ਤੇ ਵੱਖ-ਵੱਖ ਸਭਿਆਚਾਰਕ ਗਤੀਵਿਧੀਆਂ ਵਿਚ ਉਤਸ਼ਾਹ ਨਾਲ ਭਾਗ ਲਿਆ ਅਤੇ ਵੱਖ-ਵੱਖ ਮੁਕਾਬਲਿਆਂ ਦਾ ਮਨੋਰੰਜਕ ਢੰਗ ਨਾਲ ਅਨੰਦ ਮਾਣਿਆ। ਵੱਖ-ਵੱਖ ਮੁਕਾਬਲੇ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ, ਨੰਦਗੜ੍ਹ ਦੇ ਡਾਇਰੈਕਟਰ, ਪ੍ਰੋਫ਼ੈਸਰ (ਡਾ.) ਰਾਜੇਸ਼ ਗੁਪਤਾ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾਂ ਅਕਾਦਮਿਕ ਅਤੇ ਸਮਾਜਿਕ ਜੀਵਨ ਵਿਚ ਅਨੁਸ਼ਾਸਨ ਅਤੇ ਪੇਸ਼ੇਵਰ ਨੈਤਿਕਤਾ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦੇ ਉੱਚੇ ਟੀਚੇ ਨਿਰਧਾਰਤ ਕਰਨੇ ਚਾਹੀਦੇ ਹਨ ਅਤੇ ਲਾਜ਼ਮੀ ਤੌਰ 'ਤੇ ਆਪਣੇ ਦਿਲ ਅਤੇ ਦਿਮਾਗ ਨਾਲ ਉਨ੍ਹਾਂ ਨੂੰ ਪੂਰਾ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਕਾਲਜ ਮਿਆਰੀ ਸਿੱਖਿਆ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਮੁਕਾਬਲੇ ਵਾਲੀ ਦੁਨੀਆ ਦਾ ਸਾਹਮਣਾ ਕਰਨ ਦੇ ਸਮਰੱਥ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗਾ। ਪੀਆਈਟੀ ਨੰਦਗੜ੍ਹ ਦੇ ਅਕਾਦਮਿਕ ਇੰਚਾਰਜ ਮਿਸ. ਹਰਮਨਦੀਪ ਕੌਰ ਨੇ ਸੰਸਥਾ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਵੱਖ-ਵੱਖ ਵਿੱਦਿਅਕ ਪ੍ਰਕਿਰਿਆ, ਵੱਖ-ਵੱਖ ਵਜ਼ੀਫ਼ਾ ਯੋਜਨਾਵਾਂ, ਉੱਚ ਅਧਿਐਨ ਲਈ ਥਾਮਸਨ ਰਿਵਰ ਯੂਨੀਵਰਸਿਟੀ, ਕੈਨੇਡਾ ਅਤੇ ਐੱਮਆਰਐੱਸਪੀਟੀਯੂ ਬਠਿੰਡਾ ਦਰਮਿਆਨ ਹੋਏ ਸਮਝੌਤਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਇਸ ਸੰਸਥਾ ਵਲੋਂ ਆਈਲੈਟਸ ਦੀ ਮੁਫਤ ਕੋਚਿੰਗ ਵੀ ਪ੍ਰਦਾਨ ਕੀਤੀ ਜਾ ਰਹੀ ਹੈ। ਐੱਮਆਰਐੱਸਪੀਟੀਯੂ ਬਠਿੰਡਾ ਦੇ ਡਾਇਰੈਕਟਰ ਸਪੋਰਟਸ ਐਂਡ ਯੂਥ ਵੈਲਫੇਅਰ, ਪ੍ਰੋ. (ਡਾ.) ਭੁਪਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨਾਲ ਆਪਣੀ ਵਰਚੁਅਲ ਗੱਲਬਾਤ ਦੌਰਾਨ ਵਿਦਿਆਰਥੀ ਜੀਵਨ ਵਿਚ ਸਖਤ ਮਿਹਨਤ ਅਤੇ ਸਮਰਪਣ ਦੀ ਮਹੱਤਤਾ ਬਾਰੇ ਚਾਨ੍ਹਣਾ ਪਾਇਆ। ਉਨ੍ਹਾਂ ਐੱਮਆਰਐੱਸਪੀਟੀਯੂ, ਸਪੋਰਟਸ ਐਂਡ ਯੂਥ ਵੈੱਲਫੇਅਰ ਅਧੀਨ ਆਯੋਜਿਤ ਵੱਖ-ਵੱਖ ਸੱਭਿਆਚਾਰਕ ਸਮਾਗਮਾਂ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦਿੱਤੀ। ਆਲ ਇੰਡੀਆ ਰੇਡੀਓ ਬਠਿੰਡਾ ਦੇ ਸਟੇਸ਼ਨ ਡਾਇਰੈਕਟਰ ਰਾਜੀਵ ਅਰੋੜਾ ਨੇ ਆਪਣੇ ਆਨਲਾਈਨ ਸੰਬੋਧਨ ਵਿਚ ਪੀਆਈਟੀ ਨੰਦਗੜ੍ਹ ਦੀ ਚੋਣ ਕਰਨ ਲਈ ਵਿਦਿਆਰਥੀਆਂ ਨੂੰ ਵਧਾਈ ਦਿੱਤੀ, ਜੋ ਉਨ੍ਹਾਂ ਦੇ ਪ੍ਰਮੁੱਖ ਅਧਿਐਨ ਲਈ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਸੰਸਥਾ ਹੈ। ਉਨ੍ਹਾਂ ਨੇ ਜੀਵਨ ਦੀਆਂ ਅਸਲ ਹਕੀਕਤਾਂ ਬਾਰੇ ਉਦਾਹਰਣਾਂ ਦੇ ਕੇ ਬਦਲਦੇ ਵਾਤਾਵਰਣ ਦੇ ਅਨੁਕੂਲ ਹੋਣ ਦੀ ਲੋੜ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਐੱਮਆਰਐੱਸਪੀਟੀਯੂ ਦੇ ਉਪ-ਕੁਲਪਤੀ ਪ੍ਰੋ. (ਡਾ.) ਬੂਟਾ ਸਿੰਘ ਸਿੱਧੂ ਨੇ ਵੀ ਨਵੇਂ ਦਾਖਲ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਵਧਾਈ ਦਿੰਦਿਆਂ ਸ਼ੁੱਭਕਾਮਨਾਵਾਂ ਦਿੱਤੀਆਂ। ਪੀਆਈਟੀ ਦੀ ਸਹਾਇਕ ਪ੍ਰੋਫੈਸਰ ਸਿਮਰਜੀਤ ਕੌਰ ਨੇ ਕੋਆਰਡੀਨੇਟਰ ਵਜੋਂ ਸਮਾਗਮ ਦੀ ਮੇਜ਼ਬਾਨੀ ਕੀਤੀ। ਕੋਵਿਡ -19 ਦੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰੋਗਰਾਮ ਦਾ ਸੰਚਾਲਨ ਕੀਤਾ ਗਿਆ। ਇਸ ਮੌਕੇ ਸੰਸਥਾ ਵਲੋਂ ਤਿਆਰ ਕੀਤੇ ਗਏ ਦੂਹਰੀ ਪਰਤ ਵਾਲੇ ਮਾਸਕ ਵੀ ਵੰਡੇ ਗਏ।

दैनिक भास्कर बठिंडा, बुधवार 18 नवंबर, 2020



# एमआरएसपीटीयू में महाराजा रंजीत सिंह का 240वां जन्मदिवस धूमधाम से मनाया

**बठिंडा**| महाराजा रंजीत सिंह पंजाब टेक्निकल यूनिवर्सिटी में महाराजा रंजीत सिंह की 240वीं जन्म शताब्दी को समर्पित समारोह जोश व उत्साह से मनाया गया। वीसी प्रो. बूटा सिंह सिद्धू ने चंडीगढ़ से ऑनलाइन समारोह में शिरकत करते हुए महान सिख सम्राट को श्रद्धासुमन अर्पित करके फैकल्टी व स्टाफ की अगुवाई की। अपने संबोधन में प्रो. सिद्धू ने महान सिख शासक महाराजा रंजीत सिंह के आदर्शों का जिक्र करते हुए सिख साम्राज्य के नेता का इतिहास बताया जिसने उत्तर पश्चिमी भारतीय उप महाद्वीप पर 19वीं सदी के आरंभ में राज कियाथा। उनका जन्म 13 नवंबर 1780 में गुजरांवाला अब पाकिस्तान में हुआ तथा 27 जून 1839 में लाहौर में स्वर्ग सिधार गए। उन्हें शेर-ए-पंजाब भी कहा जाता है। महाराजा रंजीत सिंह ने तमाम धर्मों का सत्कार करते थे और उनकी फौज में सिख, हिंदू, मुसलमान समेत हरेक धर्म से संबंधित लोग शामिल थे। महाराजा रंजीत सिंह ने फारसी को अपने राज्य की सरकारी भाषा के तौर पर घोषित किया। उन्होंने ऐसा विदेशी भाषाएं सीखने के लिए लोगों को उत्साहित करने को किया हालांकि इस प्रक्रिया में उन्होंने कभी स्थानीय पंजाबी भाषा को नजरअंदाज नहीं किया। प्रो. सिद्धू ने महान सिख सम्राट के नाम पर मालवा में यूनिवर्सिटी बनाने के लिए पंजाब सरकार का आभार जताया। मुख्य वक्ता आर्टिस्ट गुरप्रीत सिंह ने महाराजा रंजीत सिंह व उनके राज्य के इतिहास के बारे में भाषण देते बताया कि वे एक सिख योद्धा, साम्राज्य निर्माता, नेपोलियन का समकालीन थे जोकि अपने जीवन काल में एक महान कथा बन गए। उन्होंने पंजाब सरकार को प्रदेश में फाइन आर्ट्स यूनिवर्सिटी स्थापित करने के लिए अपील की। इस अवसर पर आल इंडिया रेडियो स्टेशन के डायरेक्टर राजीव अरोड़ा विशेष तौर पर उपस्थित रहे। महाराजा रंजीत सिंह व इनके जीवन के विभिन्न पहलुओं पर दस्तावेज फिल्म पेश की गई। डायरेक्टर प्रो. भूपिंदर पाल सिंह ढोट की अगुवाई में डायरेक्टोरेट आफ स्पोर्ट्स एंड यूथ वेलफेयर ने प्रोग्राम का आयोजन किया। इस अवसर पर सीनियर फैकल्टी, डीन व डायरेक्टर शामिल हुए। इंजी. सुखदीप ने गीत से दर्शकों का मनोरंजन किया जबकि प्रो. सुनीता कोतवाल ने मंच संचालन किया और नवदीप कोर ने आभार जताया।

दैनिक जागरण बठिंडा/मालवा, 18 नवंबर, 2020

## एलुमनी कनेक्ट प्रोग्राम में विचार चर्चा का सेशन आयोजित किया

# विशेष सिखलाई केंद्र स्थापित करने के लिए फंड जारी किया

संस, बठिंडा : ज्ञानी जैल सिंह कैंपस कालेज आफ इंजीनियरिंग एंड टेक्नोलाजी, महाराजा रणजीत सिंह पंजाब टेक्निकल यूनिवर्सिटी के विद्यार्थियों को यूके आधारित प्रवासी भारतीय मंजीरा सालिओ संजय लंदन के मैनेजिंग डायरेक्टर मनिंदर सिंह व उसके साथियों की ओर से यूनिवर्सिटी के विद्यार्थियों यूनिवर्सिटियों के विद्यार्थियों के लिए विशेष सिखलाई केंद्र स्थापित करने के लिए पांच लाख रुपये की ग्रांट देने का ऐलान किया। यूनिवर्सिटी के वाइस चांसलर प्रो. बूटा सिंह सिद्धू की अगुआई में एलुमनी क्नेकट प्रोग्राम तहत विचार चर्चा का सेशन का आयोजन किया गया। कंप्यूटर साइंस व इंजीनियरिंग विभाग के पूर्व विद्यार्थियों ने सूचना टेक्नालाजी व सीएससी के सेक्टर में होने वाली तब्दीली के बारे में यूनिवर्सिटी के बीटेक विद्यार्थियों के लिए मुफ्त सिखलाई के लिए ट्रेनिंग सेंटर स्थापित करने का प्रस्ताव पेश किया।



बठिंडा महाराजा रणजीत सिंह यूनिवर्सिटी के वाइस चांसलर प्रो. बूटा सिंह सिद्धू यूनिवर्सिटी के सीनियर अधिकारी मनजिंदर सिंह का स्वागत करते हुए • जागरण

इस दौरान वाइस चांसलर बूटा सिंह, कैंपस डायरेक्टर डा. सवीना बांसल, दिनेश कुमार, सीनियर फैकल्टी अधिकारी गुरप्रीत सिंह बाठ, भूपिंदर सिंह पाल, डा. भूपिंदर सिंह, हरजिंदर सिंह सिद्धू, हरजोत सिंह, अमनदीप सिंह भी शामिल थे।

ਪੰਜਾਬੀ ਜਾਗਰਣ ਜਲੰਧਰ 19 ਨਵੰਬਰ 2020

**ਐਲੂਮਨੀ ਕਨੈਕਟ** | ਸਿਖਲਾਈ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼

# ਕਾਲਜ ਦੇ ਵਿਕਾਸ ਲਈ ਵਿਦਿਆਰਥੀ ਅੱਗੇ ਆਏ

**ਗੁਰਤੇਜ ਸਿੰਘ ਸਿੱਧੂ, ਬਠਿੰਡਾ**

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਜੀਜੈੱਡਐੱਸਸੀਸੀਈਟੀ) ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਦੇ ਹੋਣਹਾਰ ਅਤੇ ਪ੍ਰਤੀਬੱਧ ਸਾਬਕਾ ਵਿਦਿਆਰਥੀਆਂ ਵਲੋਂ ਆਪਣੀ ਸੰਸਥਾ ਦੇ ਵਿਕਾਸ ਲਈ ਸਹਿਯੋਗ ਦੇਣ ਦਾ ਵਿਲੱਖਣ ਉਪਰਾਲਾ ਕੀਤਾ ਗਿਆ ਹੈ। ਯੂਕੇ ਅਧਾਰਤ ਪਰਵਾਸੀ ਭਾਰਤੀ ਮਨਜੀਰਾ ਸਲਿਊਸਨਜ, ਲੰਡਨ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਅਤੇ ਉਸਦੇ ਸਾਥੀਆਂ ਵਲੋਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਸਿਖਲਾਈ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼ ਪੇਸ਼ ਕਰਦਿਆਂ ਅਲੂਮਨੀ ਫੰਡ 'ਚ 5 ਲੱਖ ਰੁਪਏ ਦਾਨ ਵਜੋਂ ਦੇਣ ਦਾ ਐਲਾਨ ਕੀਤਾ ਹੈ। ਮਨਿੰਦਰ ਸਿੰਘ ਅਤੇ ਉਸਦੇ ਸਾਥੀਆਂ ਵਲੋਂ ਆਪਣੇ ਅਲਮਾ ਮੈਟਰ ਦੇ ਵਿਕਾਸ ਲਈ ਆਪਣਾ ਸਮਾਂ, ਪੈਸਾ ਅਤੇ ਮੁਹਾਰਤ ਖੁੱਲ੍ਹ ਦਿਲੀ ਨਾਲ ਦੇਣ ਦਾ ਵਾਅਦਾ ਕੀਤਾ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਦੀ ਅਗਵਾਈ ਹੇਠ ਅਲੂਮਨੀ ਕਨੈਕਟ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨਾਲ ਵਿਚਾਰ-ਵਟਾਂਦਰਾ ਸੈਸ਼ਨ ਦਾ ਕਰਵਾਇਆ ਗਿਆ।



**ਐੱਮਆਰਐੱਸਪੀਟੀਯੂ ਦੇ ਉਪ ਕੁਲਪਤੀ ਪ੍ਰੋ. ਬੂਟਾ ਸਿੰਘ ਸਿੱਧੂ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਯੂਨੀਵਰਸਿਟੀ 'ਚ ਮਨਜ਼ੀਰਾ ਸਲਿਊਸ਼ਨਜ਼, ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਅਤੇ ਉਸਦੇ ਦੋਸਤਾਂ ਦਾ ਸਵਾਗਤ ਕਰਦੇ ਹੋਏ।**

ਮਨਿੰਦਰ ਸਿੰਘ ਜੋ ਕਿ ਸੀਐੱਸਈ ਵਿਭਾਗ ਦੇ 2000 ਬੈਚ ਦੇ ਸਾਬਕਾ ਵਿਦਿਆਰਥੀ ਹਨ, ਨੇ ਆਈਟੀ ਸੈਕਟਰ ਦੀਆਂ ਸੰਭਾਵਨਾਵਾਂ ਬਾਰੇ ਆਪਣੇ ਮਾਹਿਰ ਵਿਚਾਰ ਪੇਸ਼ ਕੀਤੇ । ਉਨ੍ਹਾਂ ਨੇ ਅੰਕੜਾ ਵਿਸ਼ਲੇਸ਼ਣ ਅਤੇ ਡਾਟਾ ਪ੍ਰਾਪਤੀ ਦੇ ਖੇਤਰ ਵਿਚ ਹੁਨਰ ਪੈਦਾ ਕਰਨ ਦਾ ਸੁਝਾਅ ਦਿੱਤਾ, ਜੋ ਕਿ ਵਿਦਿਆਰਥੀਆਂ ਲਈ ਇਕ ਸੁਨਹਿਰੀ ਅਵਸਰ ਅਤੇ ਮੌਜੂਦਾ ਸਮੇਂ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਮਨਜੀਰਾ ਸਲਿਊਸ਼ਨਜ ਦੇ ਗਾਹਕਾਂ 'ਚ ਸੰਸਾਰ ਦੀਆਂ ਬਹੁਤ ਵੱਡੀਆਂ ਕੰਪਨੀਆਂ ਸਾਮਲ ਹਨ ਜਿਨ੍ਹਾਂ 'ਚ ਵਰਲਡ ਰਗਬੀ, ਸਪ੍ਰਿੰਜਰ ਨੇਚਰ, ਵੋਡਾਫੋਨ, ਐਕਸਓ ਸਰਵ ਆਦਿ ਪ੍ਰਮੁੱਖ ਹਨ। ਨੇੜ ਭਵਿੱਖ ਵਿੱਚ 100 ਤੋਂ ਵੱਧ ਇੰਜੀਨੀਅਰਿੰਗ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਦਾ ਟੀਚਾ ਮਿੱਥਿਆ ਹੈ। ਉਨ੍ਹਾਂ ਦੇ ਦੋਸਤਾਂ ਜਸਪਾਲ ਸਿੰਘ ਗੁਰੂ ਤੇ ਅਮਨਦੀਪ ਸਿੰਘ ਸਿੱਧੂ ਨੇ ਵੀ ਆਪਣੇ ਤਜ਼ਰਬੇ ਤੇ ਵਿਚਾਰ ਤੀਜੇ ਸਾਲ ਦੇ ਬੀ-ਟੈਕ, ਸੀਐੱਸਈ ਦੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ।

ਇਸ ਤੋਂ ਪਹਿਲਾਂ ਸ੍ਰੀ ਸਿੰਘ ਨੇ ਆਪਣੇ ਸਾਬਕਾ ਵਿਦਿਆਰਥੀ ਸਹਿਪਾਠੀਆਂ ਦੇ ਨਾਲ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ, ਕੈਂਪਸ ਡਾਇਰੈਕਟਰ-ਜੀਜੈੱਡਐੱਸਸੀਸੀਈਟੀ, ਡਾ. ਸਵੀਨਾ ਬਾਂਸਲ ਸੀਐੱਸਈ ਵਿਭਾਗ ਦੇ ਮੁਖੀ ਡਾ. ਦਿਨੇਸ਼ ਕੁਮਾਰ, ਸੀਨੀਅਰ ਫੈਕਲਟੀ ਅਤੇ ਯੂਨੀਵਰਸਿਟੀ ਦੇ ਅਧਿਕਾਰੀ ਡਾ. ਗੁਰਪ੍ਰੀਤ ਸਿੰਘ ਬਾਠ, ਡਾ. ਭੁਪਿੰਦਰ ਪਾਲ ਸਿੰਘ ਢੋਟ, ਡਾ. ਭੁਪਿੰਦਰ ਸਿੰਘ, ਸ੍ਰੀ ਹਰਜਿੰਦਰ ਸਿੰਘ ਸਿੱਧੂ , ਸ੍ਰੀ ਹਰਜੋਤ ਸਿੰਘ ਸਿੱਧੂ, ਸ੍ਰੀ ਅਮਨਪ੍ਰੀਤ ਸਿੰਘ ਅਰਸੀ, ਇੰਜ. ਮਨਪ੍ਰੀਤ ਕੌਰ ਸਿੱਧੂ, ਇੰਜ. ਨਵਦੀਪ ਕੌਰ ਅਤੇ ਇੰਜ. ਹਰਅੰਮ੍ਰਿਤਪਾਲ ਸਿੰਘ ਸਿੱਧੂ ਨਾਲ ਮੁਲਾਕਾਤ ਕੀਤੀ, ਜਿੱਥੇ ਯੂਨੀਵਰਸਿਟੀ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਰੋਜ਼ਾਨਾ ਸਪੋਕਸਮੈਨ ਵੀਰਵਾਰ, 10 ਜੂਨ 2021

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਨੇ ਵਿਦਿਆਰਥੀਆਂ ਤੇ ਸਟਾਫ਼ ਲਈ ਖੋਲ੍ਹਿਆ ਕੋਵਿਡ ਕੇਅਰ ਸੈਂਟਰ

### *ਏਮਜ਼ ਦੇ ਡਾਇਰੈਕਟਰ ਨੇ ਕੀਤਾ ਚਾਰ ਬੈਡ ਵਾਲੇ ਸੈਂਟਰ ਦਾ ਉਦਘਾਟਨ*



ਬਠਿੰਡਾ, 09 ਜੂਨ (ਸੁਖਜਿੰਦਰ ਮਾਨ): ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਕੈਂਪਸ ਵਿਖੇ ਫੈਕਲਟੀ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਸਪੈਸ਼ਲ 4 ਬੈਡਾਂ ਵਾਲੇ ਕੋਵਿਡ ਕੇਅਰ ਸੈਂਟਰ ਦੀ ਸ਼ੁਰੂਆਤ ਕੀਤੀ ਹੈ। ਅੱਜ ਇਸ ਸੈਂਟਰ ਦਾ ਉਦਘਾਟਨ ਏਮਜ ਬਠਿੰਡਾ ਦੇ ਡਾਇਰੈਕਟਰ ਡਾ. ਦਿਨੇਸ਼ ਕੁਮਾਰ ਸਿੰਘ ਵਲੋਂ ਕੀਤਾ ਗਿਆ। ਯੂਨੀਵਰਸਿਟੀ ਦੇ ਉੱਦਮ ਦੀ ਸਲਾਘਾ ਕਰਦਿਆਂ ਡਾ. ਡੀ.ਕੇ. ਸਿੰਘ ਨੇ ਕੋਵਿਡ ਦਿਸ਼ਾ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣ ਕਰਨ ਅਤੇ ਇਸ ਦੇ ਫੈਲਣ ਨੂੰ ਰੋਕਣ ਲਈ ਟੀਕਾਕਰਨ ਕਰਵਾਉਣ ਦੀ ਜਰੂਰਤ 'ਤੇ ਜੋਰ ਦਿੱਤਾ ਕਿਉਂਕਿ ਆਉਣ ਵਾਲੇ ਸਮੇਂ ਵਿਚ ਵਾਇਰਸ ਸਾਡੇ ਦਰਮਿਆਨ ਹੀ ਰਹੇਗਾ। ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੂਨੀਵਰਸਿਟੀ ਕੋਵਿਡ -19 ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ। ਸਿਵਲ ਸਰਜਨ ਡਾ: ਤੇਜਵੰਤ ਸਿੰਘ ਢਿੱਲੋਂ ਨੇ ਯੂਨੀਵਰਸਿਟੀ ਦੇ ਯਤਨਾਂ ਦੀ ਸਲਾਘਾ ਕੀਤੀ।

ਪੰਜਾਬੀ ਟ੍ਰਿਬਿਊਨ, ਬਠਿੰਡਾ, ਵੀਰਵਾਰ, 10 ਜੂਨ 2021

# 'ਵਰਸਿਟੀ ਕੈਂਪਸ 'ਚ ਸਪੈਸ਼ਲ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ

**ਏਮਜ਼ ਦੇ ਡਾਇਰੈਕਟਰ ਨੇ ਕੀਤੀ ਸ਼ੁਰੂਆਤ**

ਪੱਤਰ ਪ੍ਰੇਰਕ

ਬਠਿੰਡਾ, 9 ਜੂਨ

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼), ਬਠਿੰਡਾ ਦੇ ਡਾਇਰੈਕਟਰ, ਡਾ. ਦਿਨੇਸ਼ ਕੁਮਾਰ ਸਿੰਘ ਨੇ ਅੱਜ ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮਆਰਐੱਸਪੀਟੀਯੂ) ਕੈਂਪਸ ਵਿੱਚ ਫੈਕਲਟੀ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਸਪੈਸ਼ਲ 4 ਬੈਡਾਂ ਵਾਲੇ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ ਕੀਤਾ। ਕੋਵਿਡ ਦੇ ਚੱਲ ਰਹੇ ਸਮੇਂ ਦੌਰਾਨ ਯੂਨੀਵਰਸਿਟੀ ਦੇ ਕਰਮਚਾਰੀਆਂ ਨੇ ਸਵੈਇੱਛਾ ਨਾਲ ਆਪਣੀ ਤਨਖਾਹ ਵਿੱਚੋਂ ਯੋਗਦਾਨ ਪਾ ਕੇ ਸਪੈਸ਼ਲ ਫੰਡ ਇੱਕਠਾ ਕਰਕੇ ਯੂਨੀਵਰਸਿਟੀ ਸਟਾਫ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਕੇਂਦਰ ਦਾ ਪ੍ਰਬੰਧਨ ਇਕ ਟੀਮ ਦੁਆਰਾ ਕੀਤਾ ਜਾਵੇਗਾ, ਜਿਸ ਦੀ ਅਗਵਾਈ ਯੂਨੀਵਰਸਿਟੀ ਕੈਂਪਸ ਡਿਸਪੈਂਸਰੀ ਦੇ ਸੀਨੀਅਰ ਮੈਡੀਕਲ ਅਫਸਰ ਡਾ. ਐਚ.ਐਮ. ਗਰਗ, ਏਮਜ਼ ਅਤੇ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਕਰਨਗੇ । ਡਾ. ਜੀ.ਐਸ. ਬਾਠ ਦੀ ਅਗਵਾਈ ਵਾਲੀ ਟੀਮ ਨੇ ਕੇਂਦਰ ਨੂੰ ਕਾਰਜਸ਼ੀਲ ਬਣਾਉਣ ਲਈ ਬਹੁਤ ਸਖਤ ਮਿਹਨਤ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਬਠਿੰਡਾ ਦੇ ਸਿਵਲ ਸਰਜਨ ਡਾ: ਤੇਜਵੰਤ ਸਿੰਘ ਢਿੱਲੋਂ, ਡਾ. ਐੱਚਐੱਮ ਗਰਗ, ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਜੀਜ਼ੈੱਡਐੱਸ ਸੀਸੀਈਟੀ, ਕੈਂਪਸ ਡਾਇਰੈਕਟਰ ਡਾ. ਸਵੀਨਾ ਬਾਂਸਲ, ਡੀਨਜ਼, ਡਾਇਰੈਕਟਰ ਅਤੇ ਸੀਨੀਅਰ ਫੈਕਲਟੀ ਵੀ ਹਾਜ਼ਰ ਸਨ।



ਕੋਵਿਡ ਸੈਅਰ ਦਾ ਉਦਘਾਟਨ ਕਰਦੇ ਹੋਏ ਏਮਜ਼ ਦੇ ਡਾਇਰੈਕਟਰ, ਡਾ: ਦਿਨੇਸ਼ ਕੁਮਾਰ ਸਿੰਘ।

ਅਜੀਤ, ਬਠਿੰਡਾ

ਬਠਿੰਡਾ ਅਜੀਤ

ਵੀਰਵਾਰ, 10 ਜੂਨ 2021

# ਏਮਜ਼ ਡਾਇਰੈਕਟਰ ਵਲੋਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਵਿਖੇ ਵਿਸ਼ੇਸ਼ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ

ਬਠਿੰਡਾ, 9 ਜੂਨ (ਅੰਮ੍ਰਿਤਪਾਲ ਸਿੰਘ ਵਲ੍ਹਾਣ)-ਆਲ ਇੰਡੀਆ ਇਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਬਠਿੰਡਾ ਦੇ ਡਾਇਰੈਕਟਰ ਡਾ. ਦਿਨੇਸ਼ ਕੁਮਾਰ ਸਿੰਘ ਨੇ ਅੱਜ ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ. ਆਰ. ਐਸ. ਪੀ. ਟੀ. ਯੂ.) ਕੈਂਪਸ ਵਿਖੇ ਫੈਕਲਟੀ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਸ਼ੇਸ਼ 4 ਬੈੱਡਾਂ ਵਾਲੇ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ ਕੀਤਾ। ਕੋਵਿਡ ਮਹਾਂਮਾਰੀ ਦੇ ਚੱਲ ਰਹੇ ਸਮੇਂ ਦੌਰਾਨ ਯੂਨੀਵਰਸਿਟੀ ਦੇ ਕਰਮਚਾਰੀਆਂ ਨੇ ਸਵੈ-ਇੱਛਾ ਨਾਲ ਆਪਣੀ ਤਨਖ਼ਾਹ ਵਿਚੋਂ ਯੋਗਦਾਨ ਪਾ ਕੇ ਵਿਸ਼ੇਸ਼ ਫੰਡ ਇਕੱਠਾ ਕਰਕੇ ਯੂਨੀਵਰਸਿਟੀ ਸਟਾਫ਼ ਤੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਕੇਂਦਰ ਦਾ ਪ੍ਰਬੰਧਨ ਇਕ ਟੀਮ ਦੁਆਰਾ ਕੀਤਾ ਜਾਵੇਗਾ ਜਿਸ ਦੀ ਅਗਵਾਈ ਯੂਨੀਵਰਸਿਟੀ ਕੈਂਪਸ ਡਿਸਪੈਂਸਰੀ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਐਚ.ਐਮ. ਗਰਗ, ਏਮਜ਼ ਤੇ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਕਰਨਗੇ। ਡਾ. ਜੀ. ਐਸ. ਬਾਠ ਦੀ ਅਗਵਾਈ ਵਾਲੀ ਟੀਮ ਨੇ ਕੇਂਦਰ ਨੂੰ ਕਾਰਜਸ਼ੀਲ ਬਣਾਉਣ ਲਈ ਬਹੁਤ ਸਖ਼ਤ ਮਿਹਨਤ ਕੀਤੀ। ਯੂਨੀਵਰਸਿਟੀ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਡਾ. ਡੀ.ਕੇ. ਸਿੰਘ ਨੇ ਕੋਵਿਡ ਦਿਸ਼ਾ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣ ਕਰਨ ਤੇ ਇਸ ਦੇ ਫੈਲਣ ਨੂੰ ਰੋਕਣ ਲਈ ਟੀਕਾਕਰਨ ਕਰਵਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਕੋਵਿਡ ਮਹਾਂਮਾਰੀ ਦੌਰਾਨ ਯੂਨੀਵਰਸਿਟੀ ਨੂੰ ਦਿਲੋਂ ਸਹਾਇਤਾ ਦੇਣ ਲਈ ਏਮਜ਼ ਤੇ ਬਠਿੰਡਾ ਸਿਵਲ ਸਰਜਨ ਦਫ਼ਤਰ ਦੇ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਯੂਨੀਵਰਸਿਟੀ ਕੋਵਿਡ-19 ਦਿਸ਼ਾ ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ। ਮਹਾਂਮਾਰੀ ਦੇ ਸਮੇਂ 'ਚ ਫੈਕਲਟੀ ਤੇ ਵਿਦਿਆਰਥੀਆਂ ਦੇ ਮਨੋਬਲ ਨੂੰ ਉਤਸ਼ਾਹਿਤ ਕਰਨ ਲਈ, ਇਹ ਪਹਿਲਕਦਮੀ ਹਰੇਕ ਵਰਗ ਦੀ ਭਲਾਈ ਲਈ ਕੀਤੀ ਗਈ ਹੈ। ਬਠਿੰਡਾ ਦੇ ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ ਨੇ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਬੋਲਦੇ ਹੋਇਆਂ ਡਾ. ਐਚ. ਐਮ. ਗਰਗ ਨੇ ਦੱਸਿਆ ਕਿ ਇਹ ਕੇਂਦਰ ਸਫ਼ਾਈ ਦੇ ਨਾਲ-ਨਾਲ ਵਧੀਆ ਬੁਨਿਆਦੀ ਸਹੂਲਤਾਂ ਨਾਲ ਲੈਸ ਹੈ ਜਿਥੇ ਹਲਕੇ ਲੱਛਣ ਵਾਲੇ ਕੋਵਿਡ ਸਕਾਰਾਤਮਕ ਮਰੀਜ਼ਾਂ ਨੂੰ ਰੱਖਿਆ ਜਾਵੇਗਾ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ, ਜੀ. ਜ਼ੈਡ. ਐਸ. ਸੀ. ਸੀ. ਈ. ਟੀ. ਕੈਂਪਸ ਡਾਇਰੈਕਟਰ ਡਾ. ਸਵੀਨਾ ਬਾਂਸਲ, ਡੀਨਜ਼, ਡਾਇਰੈਕਟਰ ਅਤੇ ਸੀਨੀਅਰ ਫੈਕਲਟੀ ਵੀ ਹਾਜ਼ਰ ਸਨ।




ਏਮਜ਼ ਦੇ ਡਾਇਰੈਕਟਰ ਡਾ. ਦਿਨੇਸ਼ ਕੁਮਾਰ ਸਿੰਘ, ਐਮ. ਆਰ. ਐਸ. ਪੀ. ਟੀ. ਯੂ. ਬਠਿੰਡਾ ਦੇ ਉਪ ਕੁਲਪਤੀ ਪ੍ਰੋ: ਬੂਟਾ ਸਿੰਘ ਸਿੱਧੂ, ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ ਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਯੂਨੀਵਰਸਿਟੀ ਵਿਖੇ ਕੋਵਿਡ ਕੇਅਰ ਸੈਂਟਰ ਦਾ ਉਦਘਾਟਨ ਕਰਦੇ ਹੋਏ। ਅਜੀਤ ਤਸਵੀਰ

दैनिक जागरण बठिंडा/मालवा, 10 जून, 2021

# एमआरएसपीटीयू में कोविड केयर सेंटर का उद्घाटन

संस, बठिंडा: महाराजा रणजीत सिंह पंजाब टेक्निकल यूनिवर्सिटी (एमआरएसपीटीयू) में आल इंडिया इंस्टीट्यूट आफ मेडिकल साइंस के डायरेक्टर डा. दिनेश कुमार ने विद्यार्थियों के लिए चार बेड वाले कोविड सेंटर का उद्घाटन किया। इस का निर्माण एसएमओ डा. एचएम गर्ग के सहयोग से किया गया है।

यूनिवर्सिटी के कुलपति प्रो. बूटा सिंह सिद्धू ने कहा कि यूनिवर्सिटी कोविड-19 आदेशों को प्रभावशाली ढंग से लागू कर रही है। वहीं सिविल सर्जन डा. तेजवंत सिंह ढिल्लों ने कहा कि प्रशासन के साझे प्रयास से कोविड को कंट्रोल करने के अच्छे नतीजे सामने आए हैं। इस दौरान डा. एचएम गर्ग ने बताया कि यह केंद्र स्वच्छता के साथ-साथ बढ़िया बुनियादी सुविधाओं से लेस हैं, जहां लक्षण वाले कोविड मरीजों को रखा जाएगा। केंद्र में सभी सुविधाएं जरूरी आक्सजीन, कोरोना किट, ईसीजी, दवा सप्लाई व एबुलेंस भी उपलब्ध है। यहां यूनिवर्सिटी के रजिस्ट्रार डा. गुरिंदरपाल सिंह बराड़, जीएड एमसीसीईटी, कैंपस के डायरेक्टर डा. सवीना बांसल उपस्थित थे।



महाराजा रणजीत सिंह पंजाब टेक्निकल यूनिवर्सिटी में कोविड केयर सेंटर के उद्घाटन के बाद आल इंडिया इंस्टीट्यूट आफ मेडिकल साइंस के डायरेक्टर डा. दिनेश कुमार को सम्मानित करते हुए उपकुलपति प्रो. बूटा सिंह सिद्धू • जागरण

# 2021-22

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਵਣ ਮਹਾਂਉਤਸਵ ਮਨਾਇਆ

ਅਸ਼ੋਕ ਵਰਮਾ

ਬਠਿੰਡਾ,8 ਜੁਲਾਈ2021: ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਅੱਜ ਕੈਂਪਸ ਵਿੱਚ ਵਣ ਮਹਾਂਉਤਸਵ ਮਨਾਉਂਦਿਆਂ ਵੱਖ-ਵੱਖ ਰੁੱਖਾਂ ਦੇ ਬੂਟੇ ਲਗਾ ਕੇ ਮੁੱਖ ਤੌਰ 'ਤੇ ਤ੍ਰਿਵੇਣੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਯੂਨੀਵਰਸਿਟੀ ਦੇ ਐਨ.ਐਸ.ਐਸ. ਅਤੇ ਅਸਟੇਟ ਵਿਭਾਗ ਨੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਨਰਿੰਦਰ ਕੁਮਾਰ ਬੱਸੀ ਦੇ ਸਹਿਯੋਗ ਨਾਲ ਪ੍ਰੋਗਰਾਮ ਕਰਵਾਇਆ ਜਿਸ ਵਿਚ ਯੂਨੀਵਰਸਿਟੀ ਦੇ ਮੁਖ ਅਧਿਕਾਰੀਆਂ ਅਤੇ ਵਿਭਾਗੀ ਮੁਖੀਆਂ ਨੇ ਸ਼ਮੂਲੀਅਤ ਕੀਤੀ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਬੂਟਾ ਸਿੰਘ ਸਿੱਧੂ , ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਕੈਂਪਸ ਦੇ ਡਾਇਰੈਕਟਰ, ਡਾ. ਸਵੀਨਾ ਬਾਂਸਲ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਨਿੰਮ, ਬੋਹੜ ਅਤੇ ਪਿਪੱਲ ਦੀ ਤ੍ਰਿਵੇਣੀ ਲਗਾ ਕੇ ਪੌਦੇ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ।ਪ੍ਰੋ. ਬੂਟਾ ਸਿੰਘ ਸਿੱਧੂ ਨੇ ਅਜੋਕੇ ਸਹਿਰੀਕਰਨ, ਉਦਯੋਗੀਕਰਨ ਅਤੇ ਖਪਤਕਾਰਵਾਦ ਦੇ ਰੁਝਾਨਾਂ ਦੌਰਾਨ ਜੰਗਲਾਂ ਦੀ ਕਟਾਈ ਦੇ ਭਿਆਨਕ ਨਤੀਜਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਵੀਂ ਪੀੜੀ ਨੂੰ ਇਕ ਸਭਿਆਚਾਰ ਵਜੋਂ ਵਾਤਾਵਰਣ ਪੱਖੀ ਜੀਂਦਗੀ ਜਿਉਣੀ ਚਾਹੀਦੀ ਹੈ।ਪ੍ਰੋ. ਸਿੱਧੂ ਨੇ ਕਿਹਾ ਕਿ "ਸੁੱਧ ਹਵਾ ਅਤੇ ਪਾਣੀ" ਆਉਣ ਵਾਲੀਆਂ ਪੀੜੀਆਂ ਦੇ ਅਧਿਕਾਰ ਹਨ ਅਤੇ ਕੁਦਰਤ ਨੂੰ ਨਸਟ ਕਰ ਕੇ ਕੋਈ ਵਿਕਾਸ ਸੰਭਵ ਨਹੀਂ ਹੈ। ਉਹਨਾਂ ਹਰ ਇੱਕ ਨੂੰ ਵੱਧ ਤੋਂ ਵੱਧ ਰੁੱਖ ਉਗਾ ਕੇ ਆਪਣੀ ਜੀਵਨ ਢੰਗ ਅਤੇ ਸੁਭਾਅ ਨੂੰ ਅਨੁਕੂਲ ਬਣਾਉਣ ਦੀ ਅਪੀਲ ਕੀਤੀ। । ਉਨਾਂ ਵਾਤਾਵਰਣ ਸੰਭਾਲ ਦੇ ਅਜਿਹੇ ਸਮਾਗਮਾਂ ਦੇ ਆਯੋਜਨ ਅਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਐਨ. ਐਸ.ਐਸ. ਯੂਨਿਟ ਅਤੇ ਸ੍ਰੀ ਨਰਿੰਦਰ ਕੁਮਾਰ ਬੱਸੀ ਦੇ ਯਤਨਾਂ ਦੀ ਸਲਾਘਾ ਕੀਤੀ।ਸਮਾਜ ਸੇਵੀ ਨਰਿੰਦਰ ਕੁਮਾਰ ਬੱਸੀ ਨੇ ਲੋਕਾਂ ਨੂੰ ਆਪਣੇ ਵਿਆਹ ਦੀ ਵਰੇਗੰਢ ਮਨਾਉਣ, ਸਮਾਜਿਕ ਸਮਾਗਮਾਂ, ਤਿਉਹਾਰਾਂ ਅਤੇ ਆਉਣ ਵਾਲੇ ਮੌਨਸੂਨ ਸੀਜਨ ਨੂੰ ਯਾਦਗਾਰੀ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ ।ਉਹਨਾਂ ਕਿਹਾ ਕਿ ਗਲੋਬਲ ਵਾਰਮਿੰਗ ਦੇ ਕਾਰਨ ਮੌਸਮ ਵਿੱਚ ਤਬਦੀਲੀ ਬਹੁਤ ਚਿੰਤਾ ਦਾ ਵਿਸਾ ਹੈ ਅਤੇ ਵਾਤਾਵਰਣਕ ਸੰਤੁਲਨ ਸਿਰਫ ਦਰੱਖਤ ਲਗਾਉਣ ਅਤੇ ਜੰਗਲਾਂ ਦੇ ਵਿਕਾਸ ਨਾਲ ਹੀ ਬਣਾਇਆ ਜਾ ਸਕਦਾ ਹੈ।ਐਨ. ਐਸ.ਐਸ. ਦੇ ਇੰਚਾਰਜ ਡਾ. ਮੀਨੂੰ ਨੇ ਦੱਸਿਆ ਕਿ ਵਣ ਮਹਾਉਤਸਵ ਦਿਵਸ ਵਜੋਂ ਤ੍ਰਿਵੇਣੀ ਸਮੇਤ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਜਾਣਗੇ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਧੀਨ ਮਹਾਤਮਾ ਗਾਂਧੀ ਨੈਸਨਲ ਕਾਉਂਸਿਲ ਆਫ ਰੂਰਲ ਐਜੂਕੇਸਨ ਨੇ ਯੂਨੀਵਰਸਿਟੀ ਨੂੰ "ਇੱਕ ਜਲਿਆ ਇੱਕ ਗ੍ਰੀਨ ਚੈਂਪੀਅਨ" ਕੈਂਪਸ ਪ੍ਰੋਗਰਾਮ ਤਹਿਤ ਸਵੱਛਤਾ ਐਵਾਰਡ ਲਈ ਵੀ ਚੁਣਿਆ ਹੈ।



ਗੋਲਡ ਸਟਾਰ

# ਵਾਈਸ ਚਾਂਸਲਰ ਵੱਲੋਂ ਐਲੂਮਨੀ ਕਨੈਕਟ ਪਲੇਟਫਾਰਮ ਦਾ ਉਦਘਾਟਨ

ਅਸ਼ੋਕ ਵਰਮਾ



ਬਠਿੰਡਾ, 30 ਜੁਲਾਈ2021: ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਡੀਨਜ਼, ਡਾਇਰੈਕਟਰਜ਼, ਫੈਕਲਟੀ, ਸਟਾਫ, ਸੇਵਾਮੁਕਤ ਪ੍ਰੋਫੈਸਰਾਂ ਅਤੇ ਸਾਬਕਾ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਯੂਨੀਵਰਸਿਟੀ ਐਲੂਮਨੀ ਐਸੋਸੀਏਸ਼ਨ ਦੇ ਐਲੂਮਨੀ ਕਨੈਕਟ ਪਲੇਟਫਾਰਮ ਦੀ ਦਾ ਉਦਘਾਟਨ ਕੀਤਾ।ਇਸ ਆਨਲਾਈਨ ਸਮਾਗਮ ਵਿੱਚ ਅਮਰੀਕਾ, ਬ੍ਰਿਟੇਨ, ਕੈਨੇਡਾ, ਨਿਊਜੀਲੈਂਡ, ਆਸਟਰੇਲੀਆ ਅਤੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਦੇ ਕਰੀਬ 350 ਅਤੇ ਪੁਰਾਣੇ ਵਿਦਿਆਰਥੀਆਂ ਨੇ ਭਾਗ ਲਿਆ, ਜਿਨਾਂ ਨੇ ਆਪਣੀ ਸਫਲਤਾ ਦੀਆਂ ਕਹਾਣੀਆਂ ਅਤੇ ਬੀਤੇ ਕੀਮਤੀ ਪਲਾਂ ਦੀਆਂ ਯਾਦਾਂ ਭਾਵੁਕ ਹੁੰਦਿਆਂ ਤਾਜ਼ਾ ਕੀਤੀਆਂ । ਪ੍ਰੋ: ਬੂਟਾ ਸਿੰਘ ਸਿੱਧੂ ਨੇ ਸਾਬਕਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੋਰਟਲ ਦੀ ਸ਼ੁਰੂਆਤ ਨਾਲ ਸਾਰਿਆਂ ਨੂੰ ਯੂਨੀਵਰਸਿਟੀ ਐਲੂਮਨੀ ਐਸੋਸੀਏਸ਼ਨ ਦੀ ਛੱਤਰ-ਛਾਇਆ ਹੇਠ ਮੁੜ ਜੁੜਨ ਦਾ ਮੌਕਾ ਮਿਲੇਗਾ। ਉਨਾਂ ਦੱਸਿਆ ਕਿ ਸਾਡੀ ਐਲੂਮਨੀ ਆਪਣੇ ਅਲਮਾ ਮੈਟਰ ਦੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਅਤੇ ਸਿਖਲਾਈ ਤੋਂ ਇਲਾਵਾ ਸਮਾਂ, ਪੈਸਾ ਅਤੇ ਮੁਹਾਰਤ ਨੂੰ ਖੁੱਲੇ ਦਿਲ ਨਾਲ ਦਾਨ ਕਰ ਸਕਦੇ ਹਨ। ਇਸੇ ਤਰਾਂ ਹੀ ਆਪਣੀਆਂ ਕੰਮ ਕਰਨ ਵਾਲੇ ਪੁਬਰਾਣੇ ਵਿਦਿਆਰਥੀਆਂ ਵੱਲੋਂ ਸਨਅਤਾਂ ਨੂੰ ਪਲੇਸਮੈਂਟ ਸੈਲ ਨਾਲ ਜੋੜਕੇ ਸਹਾਇਤਾ ਅਤੇ ਸਹਿਯੋਗ ਕੀਤਾ ਜਾ ਸਕਦਾ ਹੈ। ਸਾਬਕਾ ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਉਨਾਂ ਦਾ ਧੰਨਵਾਦ ਪ੍ਰੋ. ਸਿੱਧੂ ਨੇ ਕਿਹਾ ਕਿ ਪੁਰਾਣੇ ਦੋਸਤਾਂ ਨਾਲ ਮੇਲ-ਮਿਲਾਪ ਜਿੰਦਗੀ ਨੂੰ ਹੋਰ ਅਰਥਪੂਰਨ ਬਨਾਉਣ, ਕਾਰਪੋਰੇਟ ਕੰਮਾਂ ਦੇ ਤਣਾਅ ਤੋਂ ਛੁਟਕਾਰਾ ਦਿਵਾਉਣ ਦੇ ਨਾਲ-ਨਾਲ ਖੁਸ਼ਹਾਲ ਜੀਵਨ ਲਈ ਸਹਾਈ ਹੋਵੇਗਾ।ਉਨਾਂ ਪ੍ਰੋ. ਰਾਜੇਸ਼ ਗੁਪਤਾ ਅਤੇ ਉਨਾਂ ਦੀ ਟੀਮ ਨੂੰ ਸਮਾਗਮ ਦੇ ਓਘਂਟਾਂ ਪ੍ਰਬੰਧ ਤੇ ਤਾਲਮੇਲ ਲਈ ਵਧਾਈ ਦਿੱਤੀ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋਫੈਸਰ ਰਾਜੇਸ਼ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਤਕਰੀਬਨ 29 ਬੈਚ ਪਾਸ ਹੋ ਚੁੱਕੇ ਹਨ ਅਤੇ ਸਾਡੇ ਸਾਬਕਾ ਵਿਦਿਆਰਥੀ ਛੇ ਮਹਾਂਦੀਪਾਂ ਵਿੱਚ 80 ਤੋਂ ਵੱਧ ਦੇਸ਼ਾਂ ਵਿੱਚ ਵੱਖ ਵੱਖ ਖੇਤਰਾਂ 'ਚ ਕੰਮ ਕਰ ਰਹੇ ਹਨ। ਜਿੰਨਾਂ 'ਚ ਓ ਆਈ.ਏ.ਐਸ, ਆਈ.ਪੀ.ਐਸ., ਆਈ.ਐਫ.ਐਸ,ਪੀ.ਸੀ.ਐਸ., ਨਿਆਂਪਾਲਿਕਾ, ਪ੍ਰਬੰਧਕੀ ਸੇਵਾਵਾਂ, ਅਤੇ ਇਸਰੋ ਵਰਗੇ ਮਹੱਤਵਪੂਰਨ ਖੇਤਰ ਸ਼ਾਮਲ ਹਨ। ਇਸ ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਪੁਰਾਣੇ ਵਿਦਿਆਰਥੀਆਂ ਨੇ ਆਪਣੀਆਂ ਯਾਦਾਂ ਅਤੇ ਤਜ਼ਰਬੇ ਸਾਂਝੇ ਕੀਤੇ ਤਾਂ ਮਹੌਲ 'ਚ ਭਾਵੁਕਤਾ ਭਾਰੂ ਦਿਖਾਈ ਦਿੱਤੀ।ਇਨਾਂ ਸਾਬਕਾ ਵਿਦਿਆਰਥੀਆਂ ਨੇ ਮੌਜੂਦਾ ਵਿਦਿਆਰਥੀਆਂ ਲਈ ਰੁਜਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਸਮੇਤ ਵੱਖ ਵਧਖ ਮਾਮਲਿਆਂ ਨੂੰ ਲੈਕੇ ਆਪਣਾ ਯੋਗਦਾਨ ਪਾਉਣ ਦੀ ਪੇਸ਼ਕਸ਼ ਵੀ ਕੀਤੀ। ਇਸੇ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ: ਗੁਰਿੰਦਰਪਾਲ ਸਿੰਘ ਬਰਾੜ ,ਕੈਂਪਸ ਡਾਇਰੈਕਟਰ, ਡਾ. ਸਵੀਨਾ ਬਾਂਸਲ, ਡਾ. ਜਸਬੀਰ ਸਿੰਘ ਹੁੰਦਲ, ਡਾ. ਮਨਜੀਤ ਬਾਂਸਲ, ਡਾ. ਦਿਨੇਸ਼ ਕੁਮਾਰ, ਹਰਜਿੰਦਰ ਸਿੰਘ ਸਿੱਧੂ, ਹਰਜੋਤ ਸਿੰਘ ਸਿੱਧੂ ਅਤੇ ਸੀਨੀਅਰ ਫੈਕਲਟੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਪ੍ਰੋਗਰਾਮ ਦਾ ਸੰਚਾਲਨ ਪ੍ਰੋ: ਸੁਨੀਤਾ ਕੋਤਵਾਲ ਨੇ ਕੀਤਾ ਜਦੋਂਕਿ ਸਫਲ ਬਨਾਉਣ ਪ੍ਰੋਗਰਾਮ ਕੋ-ਕੋਆਰਡੀਨੇਟਰ ਇੰਜ ਗਗਨਦੀਪ ਸਿੰਘ ਸੋਢੀ, ਇੰਜ. ਮਨਪ੍ਰੀਤ ਕੌਰ ਅਤੇ ਇੰਜ. ਹਰਅੰਮ੍ਰਿਤਪਾਲ ਸਿੰਘ ਸਿੱਧੂ ਨੇ ਵੀ ਭੂਮਿਕਾ ਨਿਭਾਈ।

ਗੋਲਡ ਸਟਾਰ

## ਐੱਮ.ਆਰ.ਐੱਸ.ਪੀ.ਟੀ.ਯੂ. ਨੇ 'ਤ੍ਰਿਵੈਣੀ' ਲਾਉਣ ਦੀ ਰਵਾਇਤ ਨੂੰ ਮੁੜ ਕੀਤਾ ਸੁਰਜੀਤ

ਬਠਿੰਡਾ, 8 ਜੁਲਾਈ (ਵਰਮਾ)- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਨੇ ਅੱਜ ਕੈਂਪਸ ਵਿਚ ਵਣ ਮਹਾਉਤਸਵ ਮਨਾਉਂਦਿਆਂ ਵੱਖ-ਵੱਖ ਬੂਟੇ ਲਗਾ ਕੇ ਮੁੱਖ ਤੌਰ 'ਤੇ ਤ੍ਰਿਵੈਣੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਅਤੇ ਅਸਟੇਟ ਵਿਭਾਗ ਨੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਨਰਿੰਦਰ ਕੁਮਾਰ ਬੱਸੀ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿਚ ਯੂਨੀਵਰਸਿਟੀ ਦੇ ਮੁਖ ਅਧਿਕਾਰੀਆਂ ਅਤੇ ਵਿਭਾਗੀ ਮੁਖੀਆਂ ਨੇ ਸ਼ਮੂਲੀਅਤ ਕੀਤੀ।

ਐੱਮ. ਆਰ. ਐੱਸ. ਪੀ. ਟੀ. ਯੂ. ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਜੀ. ਜ਼ੈੱਡ. ਐੱਸ. ਸੀ. ਸੀ. ਈ. ਟੀ., ਕੈਂਪਸ ਦੇ ਡਾਇਰੈਕਟਰ, ਡਾ. ਸਵੀਨਾ ਬਾਂਸਲ



ਤ੍ਰਿਵੈਣੀ ਦਾ ਬੂਟਾ ਲਾਉਣ ਸਮੇਂ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ।

ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਨਿੰਮ, ਬੋਹੜ ਅਤੇ ਪਿਪੱਲ ਦੀ ਤ੍ਰਿਵੈਣੀ ਲਗਾ ਕੇ ਬੂਟੇ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ।

ਪ੍ਰੋ. ਬੂਟਾ ਸਿੰਘ ਸਿੱਧੂ ਨੇ ਅਜੋਕੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਖਪਤਕਾਰਵਾਦ ਦੇ ਰੁਝਾਨਾਂ ਦੌਰਾਨ ਜੰਗਲਾਂ ਦੀ ਕਟਾਈ ਦੇ ਭਿਆਨਕ ਨਤੀਜਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਕ ਸਭਿਆਚਾਰ ਵਜੋਂ ਵਾਤਾਵਰਣ ਪੱਖੀ ਜ਼ਿੰਦਗੀ ਜਿਉਣੀ ਚਾਹੀਦੀ ਹੈ। ਪ੍ਰੋ. ਸਿੱਧੂ ਨੇ ਕਿਹਾ ਕਿ 'ਸ਼ੁੱਧ ਹਵਾ ਅਤੇ ਪਾਣੀ' ਆਉਣ ਵਾਲੀਆਂ ਪੀੜ੍ਹੀਆਂ ਦੇ ਅਧਿਕਾਰ ਹਨ ਅਤੇ ਕੁਦਰਤ ਨੂੰ ਨਸ਼ਟ ਕਰ ਕੇ ਕੋਈ ਵਿਕਾਸ ਸੰਭਵ ਨਹੀਂ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਧੀਨ ਮਹਾਤਮਾ ਗਾਂਧੀ ਨੈਸ਼ਨਲ ਕਾਉਂਸਲ ਆਫ਼ ਰੂਰਲ ਐਜੂਕੇਸ਼ਨ (ਐੱਮ. ਜੀ. ਐੱਨ. ਸੀ. ਆਰ. ਈ.) ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ. ਆਰ. ਐੱਸ. ਪੀ. ਟੀ. ਯੂ.), ਬਠਿੰਡਾ ਨੂੰ 'ਇਕ ਜ਼ਿਲਾ ਇਕ ਗ੍ਰੀਨ ਚੈਂਪੀਅਨ' ਕੈਂਪਸ ਪ੍ਰੋਗਰਾਮ ਤਹਿਤ ਵਕਾਰੀ ਸਵੱਛਤਾ ਐਵਾਰਡ ਲਈ ਵੀ ਚੁਣਿਆ ਹੈ।

Punjabi Edition, 28 Jan...
epaper.sachkahoon.com

ਸੱਚ ਕਹੂੰ

13/16

## ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਗਣਤੰਤਰਤਾ ਦਿਵਸ ਉਤਸ਼ਾਹ ਤੇ ਜੋਸ਼ ਨਾਲ ਮਨਾਇਆ

ਸੁਖਨਾਮ
**ਬਠਿੰਡਾ, 27 ਜਨਵਰੀ।**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿਖੇ ਗਣਤੰਤਰ ਦਿਵਸ ਜੋਸ਼ ਅਤੇ ਦੇਸ਼ ਭਗਤੀ ਦੇ ਉਤਸ਼ਾਹ ਨਾਲ ਯੂਨੀਵਰਸਿਟੀ ਕੈਂਪਸ ਵਿਖੇ ਮਨਾਇਆ ਗਿਆ। ਪ੍ਰੋਗਰਾਮ ਦੌਰਾਨ ਸਾਰੇ ਕੋਵਿਡ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ 'ਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਰਾਸ਼ਟਰ ਤੇ ਇਸ ਦੇ ਮਹਾਨ ਸੁਤੰਤਰਤਾ ਸੈਨਾਨੀਆਂ ਨੂੰ ਸਲਾਮ ਕਰਦਿਆਂ ਰਾਸਟਰੀ ਝੰਡਾ ਲਹਿਰਾਇਆ। ਇਸ





**ਬਠਿੰਡਾ:** ਐੱਮਆਰਐੱਸਪੀਟੀਯੂ, ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਦੇਸ਼ ਦਾ ਝੰਡਾ ਲਹਿਰਾਉਣ ਤੋਂ ਬਾਅਦ ਅਤੇ ਗਣਤੰਤਰਤਾ ਦਿਵਸ ਸਮਾਰੋਹ ਦੌਰਾਨ ਐਨਸੀਸੀ ਕੈਡਿਟ।

ਮੌਕੇ ਸੰਬੋਧਨ ਕਰਦਿਆਂ ਪ੍ਰੋ. ਸਿੱਧੂ ਨੇ ਮਨੁੱਖਤਾ, ਭਾਈਚਾਰੇ ਅਤੇ ਕੌਮੀ ਅਖੰਡਤਾ ਦੇ ਰਵੱਈਏ ਨੂੰ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇਸ਼ਨ ਬਿਲਡਿੰਗ ਦੀ ਪ੍ਰਕਿਰਿਆ 'ਤੇ ਜ਼ੋਰ ਦਿੰਦੇ ਹੋਏ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੇ-ਆਪ ਨੂੰ ਮਜ਼ਬੂਤ ਰਾਸ਼ਟਰ ਦੀ ਉਸਾਰੀ ਲਈ ਸਮਰਪਿਤ ਕਰਨ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਾਨੂੰ ਇੱਕ ਮੌਕਾ ਦਿੰਦਾ ਹੈ ਜਿੱਥੇ ਇੱਕ ਪਾਸੇ ਸਾਨੂੰ ਆਪਣੇ ਦੇਸ਼ ਦੇ ਸ਼ਾਨਦਾਰ ਅਤੀਤ ਦੀਆਂ ਰਵਾਇਤਾਂ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਦੂਜੇ ਪਾਸੇ ਭਵਿੱਖ ਵਿਚ ਇਨ੍ਹਾਂ ਰਵਾਇਤਾਂ ਨੂੰ ਜਾਰੀ ਰੱਖਣ ਦਾ ਅਹਿਦ ਕਰਨਾ ਚਾਹੀਦਾ ਹੈ। ਗਣਤੰਤਰ ਦਿਵਸ ਸਾਡੇ ਸਾਰੇ ਨਾਗਰਿਕਾਂ ਵਿਚ ਅਨੇਕਤਾ, ਭਰੱਪਣ ਅਤੇ ਸਮਾਨਤਾ ਵਿਚ ਏਕਤਾ ਪ੍ਰਤੀ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਨ ਦਾ ਇਕ ਦਿਨ ਹੈ। ਯੂਨੀਵਰਸਿਟੀ ਦੇ ਰਜਿਸਟਰਾਰ, ਡਾ. ਗੁਰਿੰਦਰ ਪਾਲ ਸਿੰਘ ਬਰਾੜ, ਡੀਨ ਖੋਜ ਅਤੇ ਵਿਕਾਸ ਡਾ. ਆਸੀਸ ਬਾਲਦੀ, ਡਾਇਰੈਕਟਰ, ਕਾਲਜ ਵਿਕਾਸ ਕੌਂਸਲ, ਡਾ. ਬਲਵਿੰਦਰ ਸਿੰਘ ਸਿੱਧੂ, ਡਾ. ਅਨੁਪਮ ਕੁਮਾਰ ਅਤੇ ਡਾ. ਦੇਵਾਨੰਦ ਉੱਤਮ ਨੇ ਵੀ ਗਣਤੰਤਰ ਦਿਵਸ ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। 2 ਪੰਜਾਬ ਆਰ ਐਂਡ ਵੀ ਐਸਕਿਯੂਐਨ ਦੇ ਏਐਨਓ, ਇੰਜ. ਵਿਵੇਕ ਕੋਂਡਲ ਅਤੇ 20 ਪੰਜਾਬ ਬਟਾਲੀਅਨ ਐਨਸੀਸੀ ਦੇ ਰਾਜੀਵ ਵਰਮ ਨੇ ਸਮਾਗਮ ਵਿੱਚ ਮੁੱਖ ਭੂਮਿਕਾ ਨਿਭਾਈ। ਐਨ ਸੀ ਸੀ. ਕੈਡਿਟਾਂ ਨੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ।

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਵਣ ਮਹਾਂਉਤਸਵ ਮਨਾਇਆ

♦ 'ਤ੍ਰਿਵੇਣੀ' ਲਾਉਣ ਦੀ ਰਵਾਇਤ ਨੂੰ ਮੁੜ ਸੁਰਜੀਤ ਕੀਤਾ

ਸੁਖਨਾਮ

**ਬਠਿੰਡਾ, 8 ਜੁਲਾਈ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਅੱਜ ਕੈਂਪਸ 'ਚ ਵਣ ਮਹਾਂਉਤਸਵ ਮਨਾਉਂਦਿਆਂ ਵੱਖ-ਵੱਖ ਬੂਟੇ ਲਾ ਕੇ ਮੁੱਖ ਤੌਰ 'ਤੇ ਤ੍ਰਿਵੇਣੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। 'ਵਰਸਿਟੀ ਦੇ ਐਨ.ਐਸ.ਐਸ. ਅਤੇ ਅਸਟੇਟ ਵਿਭਾਗ ਨੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਨਰਿੰਦਰ ਕੁਮਾਰ ਬੱਸੀ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਕਰਵਾਇਆ ਗਿਆ ਜਿਸ 'ਚ ਯੂਨੀਵਰਸਿਟੀ ਦੇ ਮੁੱਖ ਅਧਿਕਾਰੀਆਂ ਅਤੇ ਵਿਭਾਗੀ ਮੁਖੀਆਂ ਨੇ ਸ਼ਾਮੂਲੀਅਤ ਕੀਤੀ।



**ਬਠਿੰਡਾ :** ਐਮ.ਆਰ.ਐਸ.ਪੀ.ਟੀ.ਯੂ.ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ 'ਵਰਸਿਟੀ ਦੇ ਸੀਨੀਅਰ ਅਧਿਕਾਰੀ ਤ੍ਰਿਵੇਣੀ ਦੇ ਪੌਦੇ ਲਗਾਉਂਦੇ ਹੋਏ।

ਐਮ.ਆਰ.ਐਸ.ਪੀ.ਟੀ.ਯੂ. ਦੇ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ, ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ, ਜੀ.ਜ਼ੈਡ.ਐਸ. ਸੀ.ਸੀ.ਈ.ਟੀ. ਕੈਂਪਸ ਦੇ ਡਾਇਰੈਕਟਰ ਡਾ. ਸਵੀਨਾ ਬਾਂਸਲ ਅਤੇ 'ਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਨਿੰਮ, ਬੋਹੜ ਅਤੇ ਪਿਪੱਲ ਦੀ ਤ੍ਰਿਵੇਣੀ ਲਗਾ ਕੇ ਪੌਦੇ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ।

ਪ੍ਰੋ. ਸਿੱਧੂ ਨੇ ਅਜੋਕੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਖਪਤਕਾਰਵਾਦ ਦੇ ਰੁਝਾਨਾਂ ਦੌਰਾਨ ਜੰਗਲਾਂ ਦੀ ਕਟਾਈ ਦੇ ਭਿਆਨਕ ਨਤੀਜਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇੱਕ ਸਭਿਆਚਾਰ ਵਜੋਂ ਵਾਤਾਵਰਣ ਪੱਖੀ ਜਿੰਦਗੀ ਜਿਉਣੀ ਚਾਹੀਦੀ ਹੈ। ਉਨ੍ਹਾਂ ਵਾਤਾਵਰਣ ਸੰਭਾਲ ਦੇ ਅਜਿਹੇ ਸਮਾਗਮਾਂ ਅਤੇ ਵਿਦਿਆਰਥੀਆਂ 'ਚ ਜਾਗਰੂਕਤਾ ਫੈਲਾਉਣ ਲਈ ਐਨ.ਐਸ.ਐਸ. ਯੂਨਿਟ ਅਤੇ ਸ੍ਰੀ ਬੱਸੀ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਸ੍ਰੀ ਬੱਸੀ ਨੇ ਲੋਕਾਂ ਨੂੰ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਉਣ, ਸਮਾਜਿਕ ਸਮਾਗਮਾਂ, ਤਿਉਹਾਰਾਂ ਅਤੇ ਆਉਣ ਵਾਲੇ ਮੌਨਸੂਨ ਸੀਜਨ ਨੂੰ ਯਾਦਗਾਰੀ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਅਪੀਲ ਕੀਤੀ। ਐਨ.ਐਸ.ਐਸ. ਦੇ ਇੰਚਾਰਜ ਡਾ. ਮੀਨੂੰ ਨੇ ਚੌਗਿਰਦੇ ਨੂੰ ਸੁੰਦਰ ਬਣਾਉਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਹਰੇਕ ਨੂੰ ਇਕ ਪੌਦਾ ਲਗਾਉਣ ਦੀ ਅਪੀਲ ਕੀਤੀ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਨੇ ਵਣ ਮਹਾਂਉਤਸਵ ਮਨਾਇਆ

## 'ਤ੍ਰਿਵੇਣੀ' ਲਾਉਣ ਦੀ ਰਵਾਇਤ ਨੂੰ ਮੁੜ ਸੁਰਜੀਤ ਕੀਤਾ



ਬਠਿੰਡਾ, 8 ਜੁਲਾਈ (ਸੁਖਜਿੰਦਰ ਮਾਨ): ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਅੱਜ ਕੈਂਪਸ ਵਿੱਚ ਵਣ ਮਹਾਂਉਤਸਵ ਮਨਾਉਂਦਿਆਂ ਵੱਖ-ਵੱਖ ਰੁੱਖਾਂ ਦੇ ਬੂਟੇ ਲਗਾ ਕੇ ਮੁੱਖ ਤੌਰ 'ਤੇ ਤ੍ਰਿਵੇਣੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਯੂਨੀਵਰਸਿਟੀ ਦੇ ਐਨ.ਐਸ.ਐਸ. ਅਤੇ ਅਸਟੇਟ ਵਿਭਾਗ ਨੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਨਰਿੰਦਰ ਕੁਮਾਰ ਬੱਸੀ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਆਯੋਜਨ ਕੀਤਾ। ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ ਅਤੇ ਸੀਨੀਅਰ ਅਧਿਕਾਰੀਆਂ ਨੇ ਨਿੰਮ, ਬੋਹੜ ਅਤੇ ਪਿੱਪਲ ਦੀ ਤ੍ਰਿਵੇਣੀ ਲਗਾ ਕੇ ਪੌਦੇ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ। ਐਨ.ਐਸ.ਐਸ. ਦੇ ਇੰਚਾਰਜ ਡਾ. ਮੀਨੂੰ ਨੇ ਦੱਸਿਆ ਕਿ ਵਣ ਮਹਾਉਤਸਵ ਦਿਵਸ ਵਜੋਂ ਤ੍ਰਿਵੇਣੀ ਸਮੇਤ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਜਾਣਗੇ। ਇਸ ਮੌਕੇ ਰਜਿਸਟਰਾਰ ਡਾ. ਗੁਰਿੰਦਰਪਾਲ ਸਿੰਘ ਬਰਾੜ, ਕੈਂਪਸ ਦੇ ਡਾਇਰੈਕਟਰ ਡਾ. ਸਵੀਨਾ ਬਾਂਸਲ ਵੀ ਹਾਜ਼ਰ ਸਨ। ਇਥੇ ਇਹ ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਯੂਨੀਵਰਸਿਟੀ ਨੂੰ "ਇੱਕ ਜਿਲ੍ਹਾ ਇੱਕ ਗ੍ਰੀਨ ਚੈਂਪੀਅਨ" ਕੈਂਪਸ ਪ੍ਰੋਗਰਾਮ ਤਹਿਤ ਵਕਾਰੀ ਸਵੱਛਤਾ ਐਵਾਰਡ ਲਈ ਵੀ ਚੁਣਿਆ ਹੈ।

ਰੋਜ਼ਾਨਾ ਸਪੋਕਸਮੈਨ
RozanaSpokesman.com
epaper by Daksham.COM

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਵਣ ਮਹਾਂਉਤਸਵ ਮਨਾਇਆ

ਸਾਂਝੀ ਖ਼ਬਰ

ਬਠਿੰਡਾ 8 ਜੁਲਾਈ (ਅਸ਼ੋਕ ਵਰਮਾ)



ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਅੱਜ ਕੈਂਪਸ ਵਿੱਚ ਵਣ ਮਹਾਂਉਤਸਵ ਮਨਾਉਂਦਿਆਂ ਵੱਖ-ਵੱਖ ਰੁੱਖਾਂ ਦੇ ਬੂਟੇ ਲਗਾ ਕੇ ਮੁੱਖ ਤੌਰ 'ਤੇ ਤ੍ਰਿਵੇਣੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਯੂਨੀਵਰਸਿਟੀ ਦੇ ਐਨ. ਐਸ.ਐਸ. ਅਤੇ ਅਸਟੇਟ ਵਿਭਾਗ ਨੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਨਰਿੰਦਰ ਕੁਮਾਰ ਬੱਸੀ ਦੇ ਸਹਿਯੋਗ ਨਾਲ ਪ੍ਰੋਗਰਾਮ ਕਰਵਾਇਆ ਜਿਸ ਵਿਚ ਯੂਨੀਵਰਸਿਟੀ ਦੇ ਮੁਖ ਅਧਿਕਾਰੀਆਂ ਅਤੇ ਵਿਭਾਗੀ ਮੁਖੀਆਂ ਨੇ ਸ਼ਮੂਲੀਅਤ ਕੀਤੀ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਬੂਟਾ ਸਿੰਘ ਸਿੱਧੂ , ਰਜਿਸਟਰਾਰ, ਡਾ. ਗੁਰਿੰਦਰਪਾਲ ਸਿੰਘ ਬਰਾੜ, ਕੈਂਪਸ ਦੇ ਡਾਇਰੈਕਟਰ, ਡਾ. ਸਵੀਨਾ ਬਾਂਸਲ ਅਤੇ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਨਿੰਮ, ਬੋਹੜ ਅਤੇ ਪਿੱਪਲ ਦੀ ਤ੍ਰਿਵੇਣੀ ਲਗਾ ਕੇ ਪੌਦੇ ਲਗਾਉਣ ਦੀ ਮੁਹਿੰਮ ਦਾ ਰਸਮੀ ਉਦਘਾਟਨ ਕੀਤਾ। ਪ੍ਰੋ. ਬੂਟਾ ਸਿੰਘ ਸਿੱਧੂ ਨੇ ਅਜੋਕੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਖਪਤਕਾਰਵਾਦ ਦੇ ਰੁਝਾਨਾਂ ਦੌਰਾਨ ਜੰਗਲਾਂ ਦੀ ਕਟਾਈ ਦੇ ਭਿਆਨਕ ਨਤੀਜਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਇਕ ਸਭਿਆਚਾਰ ਵਜੋਂ ਵਾਤਾਵਰਣ ਪੱਖੀ ਜ਼ਿੰਦਗੀ ਜਿਉਣੀ ਚਾਹੀਦੀ ਹੈ।ਪ੍ਰੋ. ਸਿੱਧੂ ਨੇ ਕਿਹਾ ਕਿ "ਸ਼ੁੱਧ ਹਵਾ ਅਤੇ ਪਾਣੀ" ਆਉਣ ਵਾਲੀਆਂ ਪੀੜ੍ਹੀਆਂ ਦੇ ਅਧਿਕਾਰ ਹਨ ਅਤੇ ਕੁਦਰਤ ਨੂੰ ਨਸ਼ਟ ਕਰ ਕੇ ਕੋਈ ਵਿਕਾਸ ਸੰਭਵ ਨਹੀਂ ਹੈ। ਉਹਨਾਂ ਹਰ ਇੱਕ ਨੂੰ ਵੱਧ ਤੋਂ ਵੱਧ ਰੁੱਖ ਉਗਾ ਕੇ ਆਪਣੀ ਜੀਵਨ ਢੰਗ ਅਤੇ ਸੁਭਾਅ ਨੂੰ ਅਨੁਕੂਲ ਬਣਾਉਣ ਦੀ ਅਪੀਲ ਕੀਤੀ। । ਉਨ੍ਹਾਂ ਵਾਤਾਵਰਣ ਸੰਭਾਲ ਦੇ ਅਜਿਹੇ ਸਮਾਗਮਾਂ ਦੇ ਆਯੋਜਨ ਅਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਐਨ.ਐਸ.ਐਸ. ਯੂਨਿਟ ਅਤੇ ਸ੍ਰੀ ਨਰਿੰਦਰ ਕੁਮਾਰ ਬੱਸੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਮਾਜ ਸੇਵੀ ਨਰਿੰਦਰ ਕੁਮਾਰ ਬੱਸੀ ਨੇ ਲੋਕਾਂ ਨੂੰ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਉਣ, ਸਮਾਜਿਕ ਸਮਾਗਮਾਂ, ਤਿਉਹਾਰਾਂ ਅਤੇ ਆਉਣ ਵਾਲੇ ਮੌਨਸੂਨ ਸੀਜ਼ਨ ਨੂੰ ਯਾਦਗਾਰੀ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ । ਉਹਨਾਂ ਕਿਹਾ ਕਿ ਗਲੋਬਲ ਵਾਰਮਿੰਗ ਦੇ ਕਾਰਨ ਮੌਸਮ ਵਿੱਚ ਤਬਦੀਲੀ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਵਾਤਾਵਰਣਕ ਸੰਤੁਲਨ ਸਿਰਫ ਦਰੱਖਤ ਲਗਾਉਣ ਅਤੇ ਜੰਗਲਾਂ ਦੇ ਵਿਕਾਸ ਨਾਲ ਹੀ ਬਣਾਇਆ ਜਾ ਸਕਦਾ ਹੈ।ਐਨ.ਐਸ.ਐਸ. ਦੇ ਇੰਚਾਰਜ ਡਾ. ਮੀਨੂੰ ਨੇ ਦੱਸਿਆ ਕਿ ਵਣ ਮਹਾਉਤਸਵ ਦਿਵਸ ਵਜੋਂ ਤ੍ਰਿਵੇਣੀ ਸਮੇਤ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਜਾਣਗੇ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਧੀਨ ਮਹਾਤਮਾ ਗਾਂਧੀ ਨੈਸ਼ਨਲ ਕਾਉਂਸਿਲ ਆਫ਼ ਰੂਰਲ ਐਜੂਕੇਸ਼ਨ ਨੇ ਯੂਨੀਵਰਸਿਟੀ ਨੂੰ "ਇੱਕ ਜ਼ਿਲ੍ਹਾ ਇੱਕ ਗ੍ਰੀਨ ਚੈਂਪੀਅਨ" ਕੈਂਪਸ ਪ੍ਰੋਗਰਾਮ ਤਹਿਤ ਸਵੱਛਤਾ ਐਵਾਰਡ ਲਈ ਵੀ ਚੁਣਿਆ ਹੈ।

# वाइस चांसलर द्वारा एमआरएसपीटीयू ऐलूमनी ऐसोसीएशन (एमएए) के ऐलूमनी कनेक्ट प्लेटफार्म का उद्घाटन

## पुराने विद्यार्थियों ने सफलता की कहानियों और अलमा मैटर की यादों को ताजा किया



**बठिंडा, (नीरज कुमार):** महाराजा रणजीत सिंह पंजाब टैकनिकल यूनिवर्सिटी, बठिंडा के वाइस चांसलर, प्रो। बूटा सिंह सिद्धू ने एमआरएसपीटीयू ऐलूमनी ऐसोसीएशन (एमएए) के ऐलूमनी कनेक्ट प्लेटफार्म की शुरूआत शानदार ढंग के साथ डीनज, डायरैकटरज, फेकल्टी, स्टाफ, सेवामुक्त प्रोफैसर और पूर्व विद्यार्थियों की हाजरी में किया। इस आनलाइन समागम में अमरीका, ब्रिटेन, कैनेडा, न्यूजीलैंड, आस्ट्रेलिया और विश्व भर के ओर देशों से लगभग 350 से अधिक आदर्णिय सज्जनों और पुराने विद्यार्थियों ने भाग लिया, जिन्होंने अपनी सफलता की कहानियां और अलमा मैटर में बीते कीमती पलों की यादों को भावुक होते ताजा किया। इस (http://alum-niÐmrsptuÐacÐin/) पोर्टल पर रजिस्टरेशन के बाद पूर्व विद्यार्थी फेक्ल्टी, स्टाफ और एमआरएसपीटीयू मुख्य कैंपस, ज्ञानी जैल सिंह कैंपस कालेज आफ इंजीनियरिंग और टैकनॉलॉजी (जीजैडएससीसीईटी), पंजाब राज एरोनोटिकल इंजीनियरिंग कालेज, पटियाला, पंजाब इंस्टीट्यूट आफ टैकनॉलॉजी (पीआईटी) राजपुरा, पी।आई।टी। नन्दगढ़, पीआईटी जीटीबी गढ, मोगा और पीआईटी अरनीवाला के 20000 पूर्व विद्यार्थी के साथ जुडे रह सकते हैं। प्रो। बूटा सिंह सिद्धू ने पूर्व विद्यार्थियों को संबोधन करते कहा कि पोर्टल की शुरूआत के साथ सभी को एमआरएसपीटीयू ऐलूमनी ऐसोसीएशन की छत्र-छाया में फिर जुडने का मौका मिलेगा। हमारी ऐलूमनी अपने अलमा मैटर के होनहार विद्यार्थियों की सहायता और प्रशिक्षण के इलावा समय, पैसा और महारत को खुले दिल के साथ दान कर सकते हैं। हमारी पुराने विद्यार्थी जहां भी काम कर रहे हैं, वहां उद्योगों को यूनिवर्सिटी के प्लेसमेंट सैल के साथ जोड़ कर बहुत ज्यादा समर्थन और सहयोग कर सकते हैं। प्रो। सिद्धू ने पूर्व विद्यार्थियों को उत्शाहत करते कहा कि हम उन सभी का धन्यवाद करते हैं, जिन्होंने इस पहलकदमी में सम्मिलन की है। उन्होंने कहा कि पुराने दोस्तों के साथ मेल-मिलाप जिंगदी को ओर अर्थपूर्ण बनाने, कॉर्पोरेट कामों के तनाव से छुटकारा दिलाने साथ-साथ खुशहाल जीवन प्रदान करने में सहायक होगा। प्रो। सिद्धू ने बताया कि अलूमनी चैपटरज दुनिया भर के भौगोलिक स्थानों के आधार और शुरू किये जाएंगे, जहां अलूमनी आपसी लाभ और भलाई के लिए क्षेत्रीय स्तर पर मजबूत संपर्क स्थापित कर सकते हैं। प्रो। राजेश गुप्ता और उनकी टीम को समूचे समागम के सभ्यक प्रबंध और तालमेल के लिए बधाई दी। मेगा इवेंट (प्रोग्राम इंचार्ज कोआरडीनेटर), प्रो। राजेश गुप्ता ने बताया कि अब तक तकरीबन 29 बैंच के पास हो चुके हैं और हमारे पूर्व विद्यार्थी छह महाद्वीपों में 80 से अधिक देशों में काम कर रहे हैं। वह लगभग हर जनतक क्षेत्र संगठन में काम कर रहे हैं, जैसे कि आईएएस, आईपीएस, आईएफएस, पीसीएस, न्यायपालिका, प्रशाश्किक सेवाओं, इसरो, जनतक क्षेत्र की सेवाओं, तकनीकी क्षेत्र, उद्यम, अर्ध सरकारी, निजी सीमित कंपनियां या ओर राज्य, राष्ट्रीय और अंतर राष्ट्रीय स्तर के अदारों में अलग-अलग ओहदों पर सेवाओं निभा कर अपने परिवार और अलमा मैटर का मान बढा रहे हैं। इस प्रोग्राम में शिकरत करने वालों में प्रमुख तोर पर मिस नूपुर आईएएस, बीटैक (सीएसई) 2011-2015 बैंच (जो गिदडबाहा शहर के रहने वाले हैं), एआर मनिन्दर सिंह ऐम।डी।, मनजीरा सलियूशन, यू।के। बी।टैक (सीएसई) 2000-2004 बैंच, एआर हरजीत सिंह, सीनियर विज्ञानी, इसरो बीटैक (एमई) 2003-2007 बैंच, आरकीटैक जतिन्दर कौर प्रो।, स्कूल आफ प्लैनिंग एंड आर्किटेक्चर, नयी दिल्ली, बी।आरक 1989 -1994 बैंच, ऐसे अभिशेक शर्मा, कतर गैस, कतर बी।टैक (सिविल) 1994-1998 बैंच, एआर एडीलेड, आस्ट्रेलिया में भारत कैंथ ऐंटरप्रैनयर, बी।टैक (ई।यी) 1998-2002 बैंच, रीतिका चम्बर आईटैक फारमूलेशन, चंडीगढ़ ऐम। फर्म इन फारमास्यूटिकस (2017-19 बैंच), इजि। मनूप्रीत सिंह रंधावा कैनेडा हैल्थ सर्विसिज कैलगरी, कैनेडा मकैनिकल 2007-11 बैंच, स्विटजरलैंड से अंकुश और बहुत से पूर्व विद्यार्थी शामिल हैं। भावुक बातचीत के पलों दौरान उनमें से बहुतों ने अपने अध्यापकों और सहयोगी विद्यार्थियों के साथ जुडी यादों को सांझा किया। बहुत से पूर्व विद्यार्थियों ने मौजूदा विद्यार्थियों के लिए रोजगार के बढ़िया मौके प्रदान करने, इंटरनशिपों का प्रबंध करने, यूनिवर्सिटी को खोज और विकास के क्षेत्र में तकनीकी सहयोग, वित्तीय योगदान के इलावा विद्वत्ता के द्वारा यूनिवर्सिटी और इस के साथ जुडे अदारों की हर संभव मदद का भरोसा और योगदान डालने के लिए पेशकश की। यूनिवर्सिटी के रजिस्ट्रार, प्रो। गुरिन्दरपाल सिंह बराड़ ने सभी उपस्थित विद्यार्थियों का धन्यवाद करते अलूमनी कनेक्ट प्रोगराम बारे कीमते विचार सांझे किये। उन्होंने कहा कि अलूमनी की एक विलक्षण विशेषता यह होती है कि अलग-अलग सामाजिक रुतबों और प्रशासिक ओहदों के बावजूद यहाँ हर कोई बराबर होता है। कैंपस डायरैक्टर, डा। सवीना बांसल, डीनज, डायरैक्टर और प्रमुख जिनमें डा। जसबीर सिंह हुन्दल, डा। मनजीत बांसल, डा। दिनेश कुमार, हरजिन्दर सिंह सिद्धू, हरजोत सिंह सिद्धू और सीनियर फेक्ल्टी इस प्रोग्राम में शामल हुए।

# ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ ਐਲੂਮਨੀ ਕਨੈਕਟ ਪਲੇਟਫਾਰਮ ਦੀ ਸ਼ੁਰੂਆਤ

ਬਠਿੰਡਾ, 29 ਜੁਲਾਈ (ਵਰਮਾ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਐੱਮ. ਆਰ. ਐੱਸ. ਪੀ. ਟੀ. ਯੂ. ਐਲੂਮਨੀ ਐਸੋਸੀਏਸ਼ਨ (ਐੱਮ. ਏ. ਏ.) ਦੇ ਐਲੂਮਨੀ ਕਨੈਕਟ ਪਲੇਟਫਾਰਮ ਦੀ ਸ਼ੁਰੂਆਤ ਸ਼ਾਨਦਾਰ ਢੰਗ ਨਾਲ ਡੀਨਜ਼, ਡਾਇਰੈਕਟਰਜ਼, ਫੈਕਲਟੀ, ਸਟਾਫ, ਸੇਵਾਮੁਕਤ ਪ੍ਰੋਫੈਸਰਾਂ ਅਤੇ ਸਾਬਕਾ ਵਿਦਿਆਰਥੀਆਂ ਦੀ ਹਾਜ਼ਰੀ ਵਿਚ ਕੀਤੀ।

ਇਸ ਆਨਲਾਈਨ ਸਮਾਗਮ ਵਿਚ ਅਮਰੀਕਾ, ਬ੍ਰਿਟੇਨ, ਕੈਨੇਡਾ, ਨਿਊਜ਼ੀਲੈਂਡ, ਆਸਟਰੇਲੀਆ ਅਤੇ ਵਿਸ਼ਵ ਭਰ ਦੇ ਹੋਰ ਦੇਸ਼ਾਂ ਤੋਂ ਲਗਭਗ 350 ਤੋਂ ਵੱਧ ਪਤਵੰਤੇ ਸੱਜਣਾਂ ਅਤੇ ਪੁਰਾਣੇ ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਨੇ ਆਪਣੀ ਸਫਲਤਾ ਦੀਆਂ ਕਹਾਣੀਆਂ ਅਤੇ ਅਲਮਾ ਮੈਟਰ ਵਿਚ ਬੀਤੇ ਕੀਮਤੀ ਪਲਾਂ ਦੀਆਂ ਯਾਦਾਂ ਨੂੰ ਭਾਵੁਕ ਹੁੰਦਿਆਂ ਤਾਜ਼ਾ ਕੀਤਾ।

ਪੋਰਟਲ 'ਤੇ ਰਜਿਸਟ੍ਰੇਸ਼ਨ ਤੋਂ ਬਾਅਦ ਸਾਬਕਾ ਵਿਦਿਆਰਥੀ ਫੈਕਲਟੀ, ਸਟਾਫ ਅਤੇ ਐੱਮ. ਆਰ. ਐੱਸ. ਪੀ. ਟੀ. ਯੂ. ਮੁੱਖ ਕੈਂਪਸ, ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜੀ (ਜੀ. ਜ਼ੈਡ. ਐੱਸ. ਸੀ. ਸੀ. ਈ. ਟੀ.), ਪੰਜਾਬ ਰਾਜ ਏਰੋਨੋਟਿਕਲ ਇੰਜੀਨੀਅਰਿੰਗ ਕਾਲਜ, ਪਟਿਆਲਾ, ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀ.ਆਈ.ਟੀ.) ਰਾਜਪੁਰਾ, ਪੀ.ਆਈ.ਟੀ. ਨੰਦਗੜ੍ਹ, ਪੀ.ਆਈ.ਟੀ.ਜੀ.ਟੀ.ਬੀ. ਗੜ੍ਹ, ਮੋਗਾ ਅਤੇ ਪੀ.ਆਈ.ਟੀ. ਅਰਨੀਵਾਲਾ ਦੇ 20000+ ਸਾਬਕਾ ਵਿਦਿਆਰਥੀ ਨਾਲ ਜੁੜੇ ਰਹਿ ਸਕਦੇ ਹਨ।



ਅਲੂਮਨੀ ਕਨੈਕਟ ਪਲੇਟਫਾਰਮ ਦੀ ਸ਼ੁਰੂਆਤ ਕਰਦੇ ਹੋਏ ਉਪ ਕੁਲਪਤੀ ਪ੍ਰੋਫੈਸਰ ਬੂਟਾ ਸਿੰਘ ਸਿੱਧੂ।

ਪ੍ਰੋ. ਬੂਟਾ ਸਿੰਘ ਸਿੱਧੂ ਨੇ ਸਾਬਕਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੋਰਟਲ ਦੀ ਸ਼ੁਰੂਆਤ ਨਾਲ ਸਾਰਿਆਂ ਨੂੰ ਐੱਮ.ਆਰ.ਐੱਸ.ਪੀ.ਟੀ.ਯੂ. ਐਲੂਮਨੀ ਐਸੋਸੀਏਸ਼ਨ ਦੀ ਛੱਤਰ-ਛਾਇਆ ਹੇਠ ਮੁੜ ਜੁੜਨ ਦਾ ਮੌਕਾ ਮਿਲੇਗਾ।

ਯੂਨੀਵਰਸਿਟੀ ਦੇ ਰਜਿਸਟਰਾਰ, ਪ੍ਰੋ. ਗੁਰਿੰਦਰਪਾਲ ਸਿੰਘ ਬਰਾੜ ਨੇ ਸਾਰੇ ਹਾਜ਼ਰ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਅਲੂਮਨੀ ਕਨੈਕਟ ਪ੍ਰੋਗਰਾਮ ਬਾਰੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅਲੂਮਨੀ ਦੀ ਇਕ ਵਿਲੱਖਣ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਵੱਖ-ਵੱਖ ਸਮਾਜਿਕ ਰੁਤਬਿਆਂ ਤੇ ਪ੍ਰਸ਼ਾਸਿਕ ਅਹੁਦਿਆਂ ਦੇ ਬਾਵਜੂਦ "ਇਥੇ ਹਰ ਕੋਈ ਬਰਾਬਰ ਹੁੰਦਾ ਹੈ"।

ਕੈਂਪਸ ਡਾਇਰੈਕਟਰ, ਡਾ. ਸਵੀਨਾ ਬਾਂਸਲ, ਡੀਨਜ਼, ਡਾਇਰੈਕਟਰ, ਡਾ. ਜਸਬੀਰ ਸਿੰਘ ਹੁੰਦਲ, ਡਾ. ਮਨਜੀਤ ਬਾਂਸਲ, ਡਾ. ਦਿਨੇਸ਼ ਕੁਮਾਰ, ਹਰਜਿੰਦਰ ਸਿੰਘ ਸਿੱਧੂ, ਹਰਜੋਤ ਸਿੰਘ ਸਿੱਧੂ ਅਤੇ ਸੀਨੀਅਰ ਫੈਕਲਟੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ।

# ਵਾਈਸ ਚਾਂਸਲਰ ਵੱਲੋਂ ਐਲੂਮਨੀ ਕਨੈਕਟ ਪਲੇਟਫਾਰਮ ਦਾ ਉਦਘਾਟਨ

ਸਾਂਝੀ ਖ਼ਬਰ

ਬਠਿੰਡਾ 30 ਜੁਲਾਈ
(ਅਸ਼ੋਕ ਵਰਮਾ)

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਵਾਈਸ ਚਾਂਸਲਰ, ਪ੍ਰੋ. ਬੂਟਾ ਸਿੰਘ ਸਿੱਧੂ ਨੇ ਡੀਨਜ਼, ਡਾਇਰੈਕਟਰਜ਼, ਫੈਕਲਟੀ, ਸਟਾਫ, ਸੇਵਾਮੁਕਤ ਪ੍ਰੋਫੈਸਰਾਂ ਅਤੇ ਸਾਬਕਾ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਯੂਨੀਵਰਸਿਟੀ ਐਲੂਮਨੀ ਐਸੋਸੀਏਸ਼ਨ ਦੇ ਐਲੂਮਨੀ ਕਨੈਕਟ ਪਲੇਟਫਾਰਮ ਦੀ ਦਾ ਉਦਘਾਟਨ ਕੀਤਾ।ਇਸ ਆਨਲਾਈਨ ਸਮਾਗਮ ਵਿੱਚ ਅਮਰੀਕਾ, ਬ੍ਰਿਟੇਨ, ਕੈਨੇਡਾ, ਨਿਊਜੀਲੈਂਡ, ਆਸਟਰੇਲੀਆ ਅਤੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਦੇ ਕਰੀਬ 350 ਅਤੇ ਪੁਰਾਣੇ ਵਿਦਿਆਰਥੀਆਂ ਨੇ ਭਾਗ ਲਿਆ, ਜਿਨਾਂ ਨੇ ਆਪਣੀ ਸਫਲਤਾ ਦੀਆਂ ਕਹਾਣੀਆਂ ਅਤੇ ਬੀਤੇ ਕੀਮਤੀ ਪਲਾਂ ਦੀਆਂ ਯਾਦਾਂ ਭਾਵੁਕ ਹੁੰਦਿਆਂ ਤਾਜ਼ਾ ਕੀਤੀਆਂ । ਪ੍ਰੋ: ਬੂਟਾ ਸਿੰਘ ਸਿੱਧੂ ਨੇ ਸਾਬਕਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੋਰਟਲ ਦੀ ਸ਼ੁਰੂਆਤ ਨਾਲ ਸਾਰਿਆਂ ਨੂੰ ਯੂਨੀਵਰਸਿਟੀ ਐਲੂਮਨੀ ਐਸੋਸੀਏਸ਼ਨ ਦੀ ਛੱਤਰ-ਛਾਇਆ ਹੇਠ ਮੁੜ ਜੁੜਨ ਦਾ ਮੌਕਾ ਮਿਲੇਗਾ। ਉਨਾਂ ਦੱਸਿਆ



ਕਿ ਸਾਡੀ ਐਲੂਮਨੀ ਆਪਣੇ ਅਲਮਾ ਮੈਟਰ ਦੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਅਤੇ ਸਿਖਲਾਈ ਤੋਂ ਇਲਾਵਾ ਸਮਾਂ, ਪੈਸਾ ਅਤੇ ਮੁਹਾਰਤ ਨੂੰ ਖੁੱਲੇ ਦਿਲ ਨਾਲ ਦਾਨ ਕਰ ਸਕਦੇ ਹਨ। ਇਸੇ ਤਰਾਂ ਹੀ ਆਪਣੀਆਂ ਕੰਮ ਕਰਨ ਵਾਲੇ ਪੁਬਰਾਣੇ ਵਿਦਿਆਰਥੀਆਂ ਵੱਲੋਂ ਸਨਅਤਾਂ ਨੂੰ ਪਲੇਸਮੈਂਟ ਸੈਲ ਨਾਲ ਜੋੜਕੇ ਸਹਾਇਤਾ ਅਤੇ ਸਹਿਯੋਗ ਕੀਤਾ ਜਾ ਸਕਦਾ ਹੈ। ਸਾਬਕਾ ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਉਨਾਂ ਦਾ ਧੰਨਵਾਦ ਪ੍ਰੋ. ਸਿੱਧੂ ਨੇ ਕਿਹਾ ਕਿ ਪੁਰਾਣੇ ਦੋਸਤਾਂ ਨਾਲ ਮੇਲ-ਮਿਲਾਪ ਜਿੰਦਗੀ ਨੂੰ ਹੋਰ ਅਰਥਪੂਰਨ ਬਨਾਉਣ, ਕਾਰਪੋਰੇਟ ਕੰਮਾਂ ਦੇ ਤਣਾਅ ਤੋਂ ਛੁਟਕਾਰਾ ਦਿਵਾਉਣ ਦੇ ਨਾਲ-ਨਾਲ ਖੁਸ਼ਹਾਲ ਜੀਵਨ ਲਈ ਸਹਾਈ ਹੋਵੇਗਾ । ਉਨਾਂ ਪ੍ਰੋ. ਰਾਜੇਸ਼ ਗੁਪਤਾ ਅਤੇ ਉਨਾਂ ਦੀ ਟੀਮ ਨੂੰ ਸਮਾਗਮ ਦੇ ਉਘੱਟਾਂ ਪ੍ਰਬੰਧ ਤੇ ਤਾਲਮੇਲ ਲਈ ਵਧਾਈ ਦਿੱਤੀ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋਫੈਸਰ ਰਾਜੇਸ਼ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਤਕਰੀਬਨ 29 ਬੈਚ ਪਾਸ ਹੋ ਚੁੱਕੇ ਹਨ ਅਤੇ ਸਾਡੇ ਸਾਬਕਾ ਵਿਦਿਆਰਥੀ ਛੇ ਮਹਾਂਦੀਪਾਂ ਵਿੱਚ 80 ਤੋਂ ਵੱਧ ਦੇਸ਼ਾਂ ਵਿੱਚ ਵੱਖ ਵੱਖ ਖੇਤਰਾਂ 'ਚ ਕੰਮ ਕਰ ਰਹੇ ਹਨ। ਜਿਨਾਂ 'ਚ ਓ ਆਈ.ਏ.ਐਸ, ਆਈ.ਪੀ.ਐਸ., ਆਈ.ਐਫ.ਐਸ,ਪੀ.ਸੀ.ਐਸ., ਨਿਆਂਪਾਲਿਕਾ, ਪ੍ਰਬੰਧਕੀ ਸੇਵਾਵਾਂ, ਅਤੇ ਇਸਰੋ ਵਰਗੇ ਮਹੱਤਵਪੂਰਨ ਖੇਤਰ ਸ਼ਾਮਲ ਹਨ। ਇਸ ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਪੁਰਾਣੇ ਵਿਦਿਆਰਥੀਆਂ ਨੇ ਆਪਣੀਆਂ ਯਾਦਾਂ ਅਤੇ ਤਜ਼ਰਬੇ ਸਾਂਝੇ ਕੀਤੇ ਤਾਂ ਮਹੌਲ 'ਚ ਭਾਵੁਕਤਾ ਭਾਰੂ ਦਿਖਾਈ ਦਿੱਤੀ।ਇਨਾਂ ਸਾਬਕਾ ਵਿਦਿਆਰਥੀਆਂ ਨੇ ਮੌਜੂਦਾ ਵਿਦਿਆਰਥੀਆਂ ਲਈ ਰੁਜਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਸਮੇਤ ਵੱਖ ਵਧਖ ਮਾਮਲਿਆਂ ਨੂੰ ਲੈਕੇ ਆਪਣਾ ਯੋਗਦਾਨ ਪਾਉਣ ਦੀ ਪੇਸ਼ਕਸ਼ ਵੀ ਕੀਤੀ। ਇਸੇ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ: ਗੁਰਿੰਦਰਪਾਲ ਸਿੰਘ ਬਰਾੜ ,ਕੈਂਪਸ ਡਾਇਰੈਕਟਰ, ਡਾ. ਸਵੀਨਾ ਬਾਂਸਲ, ਡਾ. ਜਸਬੀਰ ਸਿੰਘ ਹੁੰਦਲ, ਡਾ. ਮਨਜੀਤ ਬਾਂਸਲ, ਡਾ. ਦਿਨੇਸ਼ ਕੁਮਾਰ, ਹਰਜਿੰਦਰ ਸਿੰਘ ਸਿੱਧੂ, ਹਰਜੋਤ ਸਿੰਘ ਸਿੱਧੂ ਅਤੇ ਸੀਨੀਅਰ ਫੈਕਲਟੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਪ੍ਰੋਗਰਾਮ ਦਾ ਸੰਚਾਲਨ ਪ੍ਰੋ: ਸੁਨੀਤਾ ਕੋਤਵਾਲ ਨੇ ਕੀਤਾ ਜਦੋਂਕਿ ਸਫਲ ਬਨਾਉਣ ਪ੍ਰੋਗਰਾਮ ਕੋ-ਕੋਆਰਡੀਨੇਟਰ ਇੰਜ ਗਗਨਦੀਪ ਸਿੰਘ ਸੋਢੀ, ਇੰਜ. ਮਨਪ੍ਰੀਤ ਕੌਰ ਅਤੇ ਇੰਜ. ਹਰਅੰਮ੍ਰਿਤਪਾਲ ਸਿੰਘ ਸਿੱਧੂ ਨੇ ਵੀ ਭੂਮਿਕਾ ਨਿਭਾਈ।

Think Excellence, Live Excellence

# MAHARAJA RANJIT SINGH PUNJAB TECHNICAL UNIVERSITY

Dabwali Road, Bathinda (Pb.) - 151001

(Estd. by Govt. of Punjab Vide Punjab Act No. 5 of 2015) ONLY TECHNICAL UNIVERSITY OF PUNJAB HAVING UGC APPROVAL UNDER 2(f) AND 12 B OF UGC ACT, MEMBER AIU.









**INTERNAL QUALITY ASSURANCE CELL**

**MAHARAJA RANJIT SINGH PUNJAB TECHNICAL UNIVERSITY**

(DABWALI ROAD, BATHINDA (PB.)- 151001)